Space for Available for Advertising

WWW.PREETNEWS.COM

WWW.PREETNAMA.COM

preetnamausa@gmail.com

ਨਿਊਯਾਰਕ

# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ

ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ

Preetnamausa@gmail.com

ਸਾਲ 4, ਅੰਕ 362, 17 ਜੁਲਾਈ ਤੋਂ 23 ਜੁਲਾਈ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਜਦੋਂ ਲਾਪਤਾ ਲੋਕਾਂ, ਲਵਾਰਿਸ ਲਾਸ਼ਾਂ ਅਤੇ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਵਾਸਤੇ ਜੱਜਾਂ ਨੇ 'ਲੋਕ ਕਚਹਿਰੀ' ਲਾਈ

ਫ਼ਿਲਮ 'ਸਤਲੁਜ' ਕਰਕੇ ਪੰਜਾਬ ਵਿੱਚ 80 ਅਤੇ 90 ਦੇ ਦਹਾਕਿਆਂ ਵਿੱਚ ਵਾਪਰੀਆਂ ਘਟਨਾਵਾਂ ਉੱਤੇ ਲੰਬੀ ਚਰਚਾ ਹੋ ਰਹੀ ਹੈ। ਇਸੇ ਦੌਰਾਨ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਨੇ ਪੰਜਾਬ ਵਿੱਚ 80 ਅਤੇ 90 ਦੇ ਦਹਾਕੇ ਦੌਰਾਨ ਲਾਪਤਾ ਲੋਕਾਂ, ਲਵਾਰਿਸ ਲਾਸ਼ਾਂ ਅਤੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਗਏ ਲੋਕਾਂ ਦੀ ਅਸਲ ਗਿਣਤੀ ਸਾਹਮਣੇ ਲਿਆਉਣ ਵਾਸਤੇ 'ਲੋਕ ਕਮਿਸ਼ਨ' ਦਾ ਗਠਨ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਇਹ ਮੰਗ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਤੋਂ ਕੀਤੀ ਹੈ। ਜਸਵੰਤ ਸਿੰਘ ਖਾਲੜਾ ਨਾਲ ਕੰਮ ਕਰਨ ਵਾਲੇ ਹੋਰ ਮਨੁੱਖੀ ਅਧਿਕਾਰ ਕਾਰਕੁਨਾਂ ਮੁਤਾਬਕ ਇਹਨਾਂ ਮਾਮਲਿਆਂ ਵਿੱਚ ਪਹਿਲਾਂ ਵੀ ਇੱਕ 'ਲੋਕ ਕਮਿਸ਼ਨ' ਬਣਾਇਆ ਗਿਆ ਸੀ। ਇਹ ਕਮਿਸ਼ਨ ਸੁਪਰੀਮ ਕੋਰਟ ਦੇ ਇੱਕ ਸੇਵਾਮੁਕਤ ਜੱਜ ਦੀਆਂ ਕੋਸ਼ਿਸ਼ਾਂ ਸਦਕਾ ਬਣਿਆ ਸੀ। ਤਿੰਨ ਸੇਵਾਮੁਕਤ ਜੱਜਾਂ ਦੇ ਪੈਨਲ ਵਾਲੇ ਇਸ ਲੋਕ ਕਮਿਸ਼ਨ ਦਾ ਗਠਨ 1998 ਵਿੱਚ ਹੋਇਆ ਸੀ।ਕਮਿਸ਼ਨ ਨੇ ਇਸੇ ਸਾਲ ਚੰਡੀਗੜ੍ਹ ਦੇ ਸੈਕਟਰ 34 ਵਿੱਚ ਸਥਿਤ ਇੱਕ ਗੁਰਦੁਆਰੇ ਵਿੱਚ ਪਹਿਲੀ ਸੁਣਵਾਈ ਕੀਤੀ ਸੀ ਅਤੇ ਇਹ ਸੁਣਵਾਈ ਤਿੰਨ ਦਿਨ ਚੱਲੀ ਸੀ। ਇਸ 'ਲੋਕ ਕਮਿਸ਼ਨ' ਦਾ ਜ਼ਿਕਰ ਪੁਸਤਕ 'ਰੀਡੀਊਸਡ ਟੂ ਐਸ਼ੇਸ- ਦਿ ਇਨਸਰਜੈਂਸੀ ਐਂਡ ਹਿਊਮੈਨ ਰਾਈਟਸ ਇਨ ਪੰਜਾਬ' ਵਿੱਚ ਵਿਸਥਾਰ ਸਹਿਤ ਕੀਤਾ ਹੋਇਆ ਹੈ। ਪੰਜਾਬ ਭਾਸ਼ਾ ਵਿੱਚ ਹੀ ਇਸ ਪੁਸਤਕ ਦਾ ਅਨੁਵਾਦ 'ਜੋ ਰਾਖ਼ ਹੋ ਗਏ- ਪੰਜਾਬ ਵਿੱਚ ਬਗ਼ਾਵਤ ਅਤੇ ਮਨੁੱਖੀ ਅਧਿਕਾਰ' ਨਾਮ ਨਾਲ ਹੇਠ ਕੀਤਾ ਗਿਆ। ਇਸ ਪੁਸਤਕ ਮੁਤਾਬਕ ਕਮਿਸ਼ਨ ਨੂੰ ਪਹਿਲੀ ਸੁਣਵਾਈ ਵਿੱਚ ਹੀ ਸੈਂਕੜੇ ਸ਼ਿਕਾਇਤਾਂ ਮਿਲੀਆਂ ਸਨ। ਇਹਨਾਂ ਵਿੱਚੋਂ ਕੁੱਝ ਸ਼ਿਕਾਇਤਾਂ ਖਾੜਕੂਆਂ ਵੱਲੋਂ ਕੀਤੇ ਗਏ ਅਪਰਾਧਾਂ ਬਾਬਤ ਵੀ ਸਨ। ਪਰ ਸ਼ਿਕਾਇਤਾਂ ਦੀ ਵੱਡੀ ਗਿਣਤੀ ਪੁਲਿਸ ਖ਼ ?ਲਾਫ਼ ਸੀ।





**ਲੋਕ ਕਮਿਸ਼ਨ ਦਾ ਗਠਨ ਕਿਵੇਂ ਹੋਇਆ ਸੀ**

ਜਸਵੰਤ ਸਿੰਘ ਖਾਲੜਾ ਦੇ ਸਾਥੀ ਰਹੇ ਅਮਰੀਕ ਸਿੰਘ ਮੁਕਤਸਰ ਵੀ ਇਸ ਪੁਸਤਕ ਦੇ ਲੇਖਕਾਂ ਵਿੱਚੋਂ ਇੱਕ ਹਨ। ਉਹ ਉਸ ਮਨੁੱਖ ਅਧਿਕਾਰ ਵਿੰਗ ਦੇ ਮੀਤ ਚੇਅਰਮੈਨ ਸਨ, ਜਿਸਦੇ ਸਕੱਤਰ ਜਸਵੰਤ ਸਿੰਘ ਖਾਲੜਾ ਸਨ। ਅਮਰੀਕ ਸਿੰਘ ਮੁਕਤਸਰ ਦੱਸਦੇ ਹਨ, ਜਸਵੰਤ ਸਿੰਘ ਖਾਲੜਾ ਦੀ ਗੁੰਮਸ਼ੁਦਗੀ, ਲਵਾਰਸ ਅਤੇ ਅਣਪਛਾਤੀਆਂ ਲਾਸ਼ਾਂ ਦੇ ਮਾਮਲਿਆਂ ਵਿੱਚ ਇਨਸਾਫ਼ ਦੀ ਪ੍ਰਕਿਰਿਆ ਨੂੰ ਜਾਰੀ ਰੱਖਣ ਲਈ ਅਸੀਂ 9 ਨਵੰਬਰ 1997 ਨੂੰ 'ਲਾਪਤਾ ਲੋਕਾਂ ਬਾਰੇ ਤਾਲਮੇਲ ਕਮੇਟੀ' (ਸੀਸੀਡੀਪੀ) ਦਾ ਗਠਨ ਕੀਤਾ ਸੀ। ਇਸ ਕਮੇਟੀ ਦਾ ਦਫ਼ਤਰ ਚੰਡੀਗੜ੍ਹ ਵਿਖੇ ਖੋਲ੍ਹਿਆ ਗਿਆ ਸੀ ਇਸ ਮਗਰੋਂ ਜ਼ੁਲਮਾਂ ਦੇ ਸ਼ਿਕਾਰ ਪੀੜਤਾਂ ਦੇ ਤੱਥ ਇਕੱਠੇ ਕਰਨ ਲਈ ਅਸੀਂ ਘਰ-ਘਰ ਜਾਣਾ ਸ਼ੁਰੂ ਕਰ ਦਿੱਤਾ। ਇਸ ਕਾਰਜ ਲਈ ਅਸੀਂ ਕਾਨੂੰਨੀ ਚਾਰਜੋਈਆਂ ਹਿੱਤ ਮਾਹਰ ਵਕੀਲਾਂ ਦੀਆਂ ਸੇਵਾਵਾਂ ਵੀ ਹਾਸਿਲ ਕੀਤੀਆਂ। ਇਸ ਦੌਰਾਨ ਸੁਪਰੀਮ ਕੋਰਟ ਤੋਂ ਰਿਟਾਇਰ ਹੋਣ ਤੋਂ ਬਾਅਦ ਜਸਟਿਸ ਕੁਲਦੀਪ ਸਿੰਘ ਵੀ ਸਾਡੀ ਇਸ ਕਮੇਟੀ ਦਾ ਹਿੱਸਾ ਬਣ ਗਏ ਸੀ। ਜਸਟਿਸ ਕੁਲਦੀਪ ਸਿੰਘ ਦੇ ਸਹਿਯੋਗ ਨਾਲ ਅਸੀਂ 26 ਅਪ੍ਰੈਲ 1998 ਨੂੰ ਤਿੰਨ ਸੇਵਾਮੁਕਤ ਜੱਜਾਂ ਉੱਤੇ ਅਧਾਰਿਤ 'ਲੋਕ ਕਮਿਸ਼ਨ' ਦਾ ਗਠਨ ਵੀ ਕੀਤਾ।

**ਕਮਿਸ਼ਨ ਵਿੱਚ ਕੌਣ-ਕੌਣ ਸ਼ਾਮਲ ਸਨ**

ਪੁਸਤਕ ਮੁਤਾਬਕ ਸੁਪਰੀਮ ਕੋਰਟ ਤੋਂ ਸੇਵਾਮੁਕਤ ਜੱਜ ਕੁਲਦੀਪ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਲੋਕ ਕਮਿਸ਼ਨ ਦਾ ਗਠਨ ਹੋਇਆ ਸੀ। ਲੋਕ ਕਮਿਸ਼ਨ ਦੀ ਅਗਵਾਈ ਕਲਕੱਤਾ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਡੀਐੱਮ ਤਿਵਾਟਿਆ ਨੇ ਕੀਤੀ ਸੀ। ਬੰਬੇ ਅਤੇ ਦਿੱਲੀ ਹਾਈਕੋਰਟ ਦੇ ਸੇਵਾਮੁਕਤ ਜੱਜ ਐੱਚ ਸੁਰੇਸ਼ ਅਤੇ ਜਸਪਾਲ ਸਿੰਘ ਇਸਦੇ ਮੈਂਬਰ ਸਨ।

**ਲੋਕ ਕਮਿਸ਼ਨ ਦੀ ਲੋੜ ਕਿਉਂ ਪਈ**

ਅਮਰੀਕ ਸਿੰਘ ਮੁਕਤਸਰ ਕਹਿੰਦੇ ਹਨ, ਉਸ ਸਮੇਂ ਅਕਾਲੀ ਸਰਕਾਰ ਆਪਣੇ ਚੋਣ ਮਨੋਰਥ ਪੱਤਰ ਵਿੱਚ 'ਸੱਚ ਕਮਿਸ਼ਨ' ਦਾ ਵਾਅਦਾ ਕਰਕੇ ਆਈ ਸੀ। ਸ਼੍ਰੋਮਣੀ ਅਕਾਲੀ ਦਲ ਪਾਰਟੀ ਨੇ ਵਾਅਦਾ ਕੀਤਾ ਸੀ ਕਿ ਉਹ ਪੁਲਿਸ ਜ਼ਿਆਦਤੀਆਂ ਦੀ ਜਾਂਚ ਕਰਵਾਏਗੀ। ਪਰ ਜਦੋਂ ਉਹ ਕਿਨਾਰਾ ਕਰਨ ਲੱਗੇ ਤਾਂ ਅਸੀਂ ਲੋਕ ਕਮਿਸ਼ਨ ਦਾ ਗਠਨ ਕੀਤਾ। ਪੁਸਤਕ ਮੁਤਾਬਕ ਕਮਿਸ਼ਨ ਦਾ ਮੁੱਖ ਕੰਮ ਗ਼ੈਰ-ਕਾਨੂੰਨੀ ਅਗਵਾ, ਹਿਰਾਸਤੀ ਤਸੀਹੇ, ਜ਼ਬਰਦਸਤੀ ਅਲੋਪ ਹੋਣ ਅਤੇ ਗ਼ੈਰ-ਕਾਨੂੰਨੀ ਸੰਸਕਾਰਾਂ ਦੀਆਂ ਸ਼ਿਕਾਇਤਾਂ ਦੀ ਜਾਂਚ ਕਰਨਾ ਅਤੇ ਉਸਦੇ ਨਤੀਜੇ ਦੇਣਾ ਸੀ। ਇਸ ਦੇ ਨਾਲ ਹੀ ਕਮਿਸ਼ਨ ਦਾ ਕੰਮ ਭਾਰਤ ਦੇ ਸੰਵਿਧਾਨ ਅਤੇ ਵੱਖ-ਵੱਖ ਕੌਮਾਂਤਰੀ ਸਮਝੌਤਿਆਂ ਅਤੇ ਐਲਾਨਾਮਿਆਂ ਦੇ ਤਹਿਤ ਗਰੰਟੀਸ਼ੁਦਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਜਾਂਚ ਕਰਨਾ ਅਤੇ ਪੀੜਤਾਂ ਲਈ ਉਪਲਬਧ ਉਪਚਾਰਾਂ ਦਾ ਸੁਝਾਅ ਦੇਣਾ ਸੀ। ਕਮਿਸ਼ਨ ਦੀਆਂ ਸ਼ਰਤਾਂ ਵਿੱਚ ਰਾਜ ਅਤੇ ਇਸਦੀਆਂ ਏਜੰਸੀਆਂ ਤੋਂ ਪੀੜਤਾ ਨੂੰ ਮੁਆਵਜ਼ੇ ਦਾ ਦਵਾਉਣਾ ਦਾ ਕੰਮ ਵੀ ਸ਼ਾਮਿਲ ਸੀ।

**ਕਮਿਸ਼ਨ ਦੀ ਸੁਣਵਾਈ ਦੌਰਾਨ ਕੀ ਹੋਇਆ**

ਅਮਰੀਕ ਸਿੰਘ ਮੁਕਤਸਰ ਦੱਸਦੇ ਹਨ, ÷ਇਸ ਕਮਿਸ਼ਨ ਨੇ 8, 9 ਅਤੇ 10 ਅਗਸਤ ਨੂੰ ਚੰਡੀਗੜ੍ਹ ਵਿਖੇ ਪੀੜਤਾਂ ਦੀ ਸੁਣਵਾਈ ਲਈ ਅਦਾਲਤ ਲਗਾਈ ਸੀ। ਇਸ ਦੌਰਾਨ ਕਮਿਸ਼ਨ ਨੂੰ ਮਨੁੱਖੀ ਅਧਿਕਾਰਾਂ ਦੀਆਂ ਕਈ ਘੋਰ ਉਲੰਘਣਾਵਾਂ ਦੀਆਂ ਸ਼ਿਕਾਇਤਾਂ ਮਿਲੀਆਂ, ਜਿਸ ਤੋਂ ਬਾਅਦ ਕਮਿਸ਼ਨ ਨੇ ਦੋਸ਼ੀ ਪੁਲਿਸ ਅਫਸਰਾਂ ਨੂੰ ਆਪਣਾ ਪੱਖ ਰੱਖਣ ਲਈ ਨੋਟਿਸ ਵੀ ਭੇਜੇ ਗਏ। ਪੁਸਤਕ ਮੁਤਾਬਕ ਲੋਕ ਕਮਿਸ਼ਨ ਨੂੰ ਕੁੱਲ 524 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਪਰ ਇਨ੍ਹਾਂ ਵਿੱਚੋਂ 422 ਹੀ ਸਵੀਕਾਰ ਹੋਈਆਂ। ਬਾਕੀ ਸ਼ਿਕਾਇਤਾਂ ਕਮਿਸ਼ਨ ਦੀਆਂ ਸ਼ਰਤਾਂ ਅਨੁਸਾਰ ਨਹੀਂ ਸਨ। ਪ੍ਰਾਪਤ ਸ਼ਿਕਾਇਤਾਂ ਵਿੱਚ ਕਥਿਤ ਤੌਰ ਉੱਤੇ ਜ਼ਬਰਦਸਤੀ ਲਾਪਤਾ ਕਰਨ, ਮਨਮਰਜ਼ੀ ਦੇ ਨਾਲ ਮੌਤ ਦੇ ਘਾਟ ਉਤਾਰਨ, ਪੁਲਿਸ ਹਿਰਾਸਤ ਵਿੱਚ ਤਸੀਹੇ, ਗ਼ੈਰਕਾਨੂੰਨੀ ਤੌਰ ਉੱਤੇ ਹਿਰਾਸਤ ਵਿੱਚ ਰੱਖਣਾ, ਖਾੜਕੂਆਂ ਵੱਲੋਂ ਕੀਤੇ ਗਏ ਕਤਲ ਅਤੇ ਖਾੜਕੂਆਂ ਵੱਲੋਂ ਜ਼ਖਮੀ ਕਰਨ ਦੇ ਇਲਜ਼ਾਮ ਸਨ।

**ਲੋਕ ਕਮਿਸ਼ਨ ਅਤੇ ਸੱਚ ਕਮਿਸ਼ਨ ਕੀ ਹਨ**

ਆਰਐੱਸ ਬੈਂਸ ਦੱਸਦੇ ਹਨ ਲੋਕ ਕਮਿਸ਼ਨ ਕੋਲ ਕੋਈ ਕਾਨੂੰਨੀ ਤਾਕਤ ਨਹੀਂ ਹੁੰਦੀ ਅਤੇ ਨਾ ਹੀ ਇਹ ਸਰਕਾਰ ਨੂੰ ਕੋਈ ਸਿਫ਼ਾਰਸ਼ ਕਰ ਸਕਦਾ ਹੈ। ਉਹ ਕਹਿੰਦੇ ਹਨ, ÷ਲੋਕ ਕਮਿਸ਼ਨ ਦਾ ਗਠਨ ਲੋਕ ਆਪ ਕਰਦੇ ਹਨ। ਇਹ ਕਮਿਸ਼ਨ ਘਟਨਾਵਾਂ ਦੇ ਦਸਤਾਵੇਜ਼ ਅਤੇ ਸਬੂਤ ਵੀ ਇਕੱਠੇ ਕਰਦਾ ਹੈ। ਕਮਿਸ਼ਨ ਵੱਲੋਂ ਕੀਤਾ ਗਿਆ ਕੰਮ ਇਤਿਹਾਸ ਵਿੱਚ ਦਰਜ ਹੋ ਜਾਂਦਾ ਹੈ। ਸਮੇਂ ਦੇ ਨਾਲ-ਨਾਲ ਸਬੂਤ ਖ਼ਤਮ ਹੋ ਜਾਂਦੇ ਹਨ। ਇਸ ਲਈ ਕਮਿਸ਼ਨ ਸਬੂਤਾਂ ਨੂੰ ਰਿਕਾਰਡ ਕਰਦਾ ਹੈ। ਫਿਰ ਲੋਕ ਕਮਿਸ਼ਨ ਆਪਣੀ ਜਾਂਚ ਅਤੇ ਸੁਣਵਾਈ ਪੂਰੀ ਕਰਨ ਮਗਰੋਂ ਘਟਨਾਵਾਂ ਦਾ ਕੱਚ-ਸੱਚ ਦੁਨੀਆ ਅੱਗੇ ਰੱਖਦਾ ਹੈ। ਦੂਜੇ ਪਾਸੇ 'ਸੱਚ ਕਮਿਸ਼ਨ' ਦਾ ਗਠਨ ਸਰਕਾਰਾਂ ਖੁਦ ਕਰਦੀਆਂ ਹਨ। ਜਿਹੜਾ ਕੰਮ ਅਦਾਲਤਾਂ ਨਹੀਂ ਕਰ ਸਕਦੀਆਂ, ਉਹ ਕੰਮ ਇਹ ਕਮਿਸ਼ਨ ਕਰ ਸਕਦੇ ਹਨ। ਇਸ ਕਮਿਸ਼ਨ ਦਾ ਕੰਮ ਵੀ ਸਬੂਤ ਇੱਕਠੇ ਕਰਨੇ ਸਿੱਟਾ ਕੱਢਣਾ ਹੁੰਦਾ ਹੈ। ਇਸ ਕਮਿਸ਼ਨ ਕੋਲ ਵੀ ਕੋਈ ਕਾਨੂੰਨੀ ਤਾਕਤ ਨਹੀਂ ਹੁੰਦੀ। ਪਰ ਇਹ ਸਰਕਾਰ ਨੂੰ ਸਿਫਾਰਸ਼ ਕਰ ਸਕਦਾ ਹੈ ਅਤੇ ਅਕਸਰ ਸਰਕਾਰਾਂ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਸਵੀਕਾਰ ਕਰ ਲੈਂਦੀਆਂ ਹਨ।

**ਲੋਕ ਕਮਿਸ਼ਨ ਦੇ ਗਠਨ ਨਾਲ ਕੀ ਅਸਰ ਪਵੇਗਾ**

ਆਰਐੈਸ ਬੈਂਸ ਕਹਿੰਦੇ ਹਨ, ÷ਜਦੋਂ ਲੋਕ ਕਮਿਸ਼ਨ ਦੀ ਸੁਣਵਾਈ ਹੁੰਦੀ ਹੈ ਤਾਂ ਲੋਕਾਂ ਦੇ ਜਖ਼ਮ ਭਰਨੇ ਸ਼ੁਰੂ ਹੋ ਜਾਂਦੇ ਹਨ। ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਉਨ੍ਹਾਂ ਦੇ ਦਰਦ ਨੂੰ ਕੋਈ ਸੁਣ ਰਿਹਾ ਹੈ। ਲੋਕਾਂ ਨੂੰ ਭਾਵਨਾਤਮਕ ਸਹਾਇਤਾ ਮਿਲਦੀ ਹੈ। ਲੋਕ ਕਮਿਸ਼ਨ ਨਾਲ ਲੋਕਾਂ ਦਾ ਦੁਖਾਂਤ ਇੱਕ ਦਸਤਾਵੇਜ਼ ਰੂਪ ਵਿੱਚ ਇਤਿਹਾਸ ਦਾ ਹਿੱਸਾ ਬਣ ਜਾਂਦਾ ਹੈ। ਉਸ ਦੌਰ ਦੀਆਂ ਘਟਨਾਵਾਂ ਦੇ ਸਾਰੇ ਤੱਥ ਸਾਹਮਣੇ ਆ ਸਕਣਗੇ।

## ਪਾਬੰਦੀ ਕਿਉਂ ਲੱਗੀ

ਅਮਰੀਕ ਸਿੰਘ ਦੱਸਦੇ ਹਨ, ਚੰਡੀਗੜ੍ਹ ਤੋਂ ਮਗਰੋਂ ਕਮਿਸ਼ਨ ਵੱਲੋਂ ਲੁਧਿਆਣਾ ਵਿੱਚ ਅਦਾਲਤ ਲਗਾਉਣ ਦੀ ਯੋਜਨਾ ਸੀ। ਪਰ ਇਸ ਦੌਰਾਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਲੋਕ ਕਮਿਸ਼ਨ ਉੱਤੇ ਪਾਬੰਦੀ ਲਗਾਉਣ ਦੀ ਮੰਗ ਕਰਦੀਆਂ ਕਈ ਪਟੀਸ਼ਨਾਂ ਦਾਇਰ ਹੋ ਗਈਆਂ। ਇਸ ਮਗਰੋਂ ਅਦਾਲਤ ਵੱਲੋਂ ਕਮਿਸ਼ਨ ਦੀ ਅਗਲੀ ਸੁਣਵਾਈ ਉੱਤੇ ਮੁਕੱਦਮੇ ਦਾ ਫ਼ੈਸਲਾ ਆਉਣ ਤੱਕ ਪਾਬੰਦੀ ਲੱਗਾ ਦਿੱਤੀ ਗਈ। ਇੱਕ ਸਾਲ ਤੋਂ ਵੱਧ ਚੱਲੀ ਕਾਨੂੰਨੀ ਕਾਰਵਾਈ ਤੋਂ ਬਾਅਦ ਹਾਈਕੋਰਟ ਨੇ ਲੋਕ ਕਮਿਸ਼ਨ ਉੱਤੇ 20 ਦਸੰਬਰ 1999 ਨੂੰ ਪੱਕੇ ਤੌਰ ਉੱਤੇ ਪਾਬੰਦੀ ਲਗਾ ਦਿੱਤੀ। ਮਨੁੱਖੀ ਅਧਿਕਾਰਾਂ ਵਾਸਤੇ ਕੰਮ ਕਰਨ ਵਾਲੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਆਰਐੱਸ ਬੈਂਸ ਕਹਿੰਦੇ ਹਨ, ÷ਇਸ ਲੋਕ ਕਮਿਸ਼ਨ ਨੂੰ ਚੱਲਣ ਨਹੀਂ ਦਿੱਤਾ ਗਿਆ। ਕਮਿਸ਼ਨ ਦੀ ਸਿਰਫ਼ ਇੱਕ ਸੁਣਵਾਈ ਚੰਡੀਗੜ੍ਹ ਦੇ ਸੈਕਟਰ 34 ਵਿੱਚ ਸਥਿਤ ਗੁਰਦੁਆਰਾ ਵਿੱਚ ਹੋ ਸਕੀ ਸੀ। ਜਿਸ ਤਰ੍ਹਾਂ ਹੁਣ ਫਿਲਮ ਸਤਲੁਜ ਦਾ ਵਿਰੋਧ ਹੋ ਰਿਹਾ ਹੈ, ਉਸੇ ਤਰ੍ਹਾਂ ਕਮਿਸ਼ਨ ਦਾ ਵਿਰੋਧ ਕੀਤਾ ਗਿਆ ਸੀ। ਵਿਰੋਧ ਕਰਨ ਵਾਲਿਆਂ ਦਾ ਤਰਕ ਸੀ ਕਿ ਜੇਕਰ ਕਮਿਸ਼ਨ ਚੱਲਦਾ ਹੈ ਤਾਂ ਪੰਜਾਬ ਦਾ ਮਾਹੌਲ ਫਿਰ ਖ਼ਰਾਬ ਹੋਵੇਗਾ। ਹਾਈਕੋਰਟ ਵਿੱਚ ਕਮਿਸ਼ਨ ਦੇ ਵਿਰੁੱਧ ਕਈ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ। ਆਖਿਰ ਲੰਬੀ ਲੜਾਈ ਮਗਰੋਂ 1999 ਵਿੱਚ ਕਮਿਸ਼ਨ ਪੱਕੇ ਤੌਕ ਉੱਤੇ ਬੰਦ ਹੋ ਗਿਆ ਸੀ।



# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 362

Website: www.preetnama.com Email preetnamausa@gmail.com

17 JULY TO 23 JULY, 2026




# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 362 | Website: www.preetnama.com Email preetnamausa@gmail.com | 17 JULY TO 23 JULY, 2026




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 362 | Website: www.preetnama.com Email preetnamausa@gmail.com | 17 JULY TO 23 JULY, 2026


# ਭਾਰਤ ਦੇ ਕਈ ਇਲਾਕਿਆਂ ਵਿੱਚੋਂ ਕਿਉਂ ਗਾਇਬ ਹੋਏ ਬੱਦਲ, ਕੀ ਹੁੰਦਾ ਹੈ 'ਮਾਨਸੂਨ ਬ੍ਰੇਕ' ਅਤੇ ਕਦੋਂ ਪਵੇਗਾ ਮੀਂਹ ?



ਇੱਕ ਪਾਸੇ ਭਾਰਤ ਦੇ ਕਈ ਸੂਬਿਆਂ ਵਿੱਚ ਮਾਨਸੂਨ ਦੀ ਭਾਰੀ ਬਰਸਾਤ ਕਾਰਨ ਆਮ ਲੋਕਾਂ ਦੀ ਜ਼ਿੰਦਗੀ ਬੇਹਾਲ ਹੈ ਤਾਂ ਦੂਜੇ ਪਾਸੇ ਮੌਸਮ ਮਾਹਰਾਂ ਅਨੁਸਾਰ ਪੱਛਮ-ਉੱਤਰ ਅਤੇ ਮੱਧ ਭਾਰਤ ਵਿੱਚ 'ਮਾਨਸੂਨ ਬ੍ਰੇਕ' ਕਾਰਨ ਕਈ ਦਿਨਾਂ ਤੱਕ ਬਾਰਿਸ਼ ਦੀ ਕੋਈ ਸੰਭਾਵਨਾ ਨਹੀਂ ਹੈ। ਮੌਸਮ ਵਿੱਚ ਆਏ ਇਸ ਅਚਾਨਕ ਬਦਲਾਅ 'ਤੇ ਮਾਹਿਰ ਚਿੰਤਾ ਜ਼ਾਹਰ ਕਰ ਰਹੇ ਹਨ। ਖ਼ਾਸ ਕਰਕੇ ਅਜਿਹੇ ਸਮੇਂ ਜਦੋਂ ਦੇਸ਼ ਵਿੱਚ ਮਾਨਸੂਨ ਦੀ ਬਾਰਿਸ਼ ਪਹਿਲਾਂ ਹੀ ਔਸਤ ਨਾਲੋਂ ਕਾਫ਼ੀ ਘੱਟ ਹੋਈ ਹੈ। ਮੌਸਮ ਵਿਭਾਗ ਨੇ ਵੀ ਸ਼ਨੀਵਾਰ ਨੂੰ ਦੱਸਿਆ ਕਿ ਅਗਲੇ 6-7 ਦਿਨਾਂ ਦੌਰਾਨ ਉੱਤਰ-ਪੱਛਮੀ ਭਾਰਤ ਦੇ ਮੈਦਾਨੀ ਇਲਾਕਿਆਂ, ਪੱਛਮ-ਮੱਧ ਭਾਰਤ ਅਤੇ ਦੱਖਣੀ ਪ੍ਰਾਇਦੀਪੀ ਭਾਰਤ ਵਿੱਚ ਬਾਰਿਸ਼ ਕਮਜ਼ੋਰ ਰਹਿਣ ਦੀ ਸੰਭਾਵਨਾ ਹੈ। ਮਾਨਸੂਨ ਦੇ ਮੌਸਮ ਵਿੱਚ ਇਸ ਤਰ੍ਹਾਂ ਦਾ ਬਦਲਾਅ ਕਿੰਨੀ ਗੰਭੀਰ ਘਟਨਾ ਹੈ ਅਤੇ ਇਸ ਦਾ ਕੀ ਅਸਰ ਪੈ ਸਕਦਾ ਹੈ, ਇਸ ਖ਼ਬਰ ਵਿੱਚ ਅਸੀਂ ਜਾਣਨ ਦੀ ਕੋਸ਼ਿਸ਼ ਕਰਾਂਗੇ। ਇੱਕ ਗ਼ੈਰ-ਸਰਕਾਰੀ ਸੰਸਥਾ 'ਲਾਈਵ ਵੇਦਰ ਆਫ਼ ਇੰਡੀਆ' ਦੇ ਸੰਸਥਾਪਕ ਨਵਦੀਪ ਦਹੀਆ ਨੇ ਐਕਸ 'ਤੇ ਲਿਖਿਆ, ਜੁਲਾਈ ਦੇ ਦੂਜੇ ਹਫ਼ਤੇ ਦੀਆਂ ਸੈਟੇਲਾਈਟ ਤਸਵੀਰਾਂ ਬੇਹੰਦ ਚਿੰਤਾਜਨਕ ਸਥਿਤੀ ਦਿਖਾ ਰਹੀਆਂ ਹਨ। ਪੱਛਮੀ ਘਾਟ ਤੋਂ ਲੈ ਕੇ ਦੇਸ਼ ਦੇ ਅੰਦਰੂਨੀ ਹਿੱਸਿਆਂ ਦੇ ਮੁੱਖ ਮਾਨਸੂਨੀ ਖੇਤਰਾਂ ਤੱਕ ਲਗਭਗ ਕਿਤੇ ਵੀ ਮੀਂਹ ਦੇ ਸੰਕੇਤ ਨਹੀਂ ਹਨ। ਅਰਬ ਸਾਗਰ ਅਤੇ ਬੰਗਾਲ ਦੀ ਖਾੜੀ, ਦੋਵਾਂ ਵਿੱਚ ਬੱਦਲਾਂ ਦੀ ਮੌਜੂਦਗੀ ਬੇਹੰਦ ਘੱਟ ਹੈ। ਸਥਿਤੀ 12 ਜੁਲਾਈ ਦੀ ਬਜਾਏ 12 ਅਪ੍ਰੈਲ ਦੀ ਸਵੇਰ ਵਰਗੀ ਦਿਖਾਈ ਦੇ ਰਹੀ ਹੈ। ਉਨ੍ਹਾਂ ਦੇ ਅਨੁਸਾਰ, ÷18 ਜੁਲਾਈ ਤੋਂ ਪਹਿਲਾਂ ਮਾਨਸੂਨ ਦੀ ਸਥਿਤੀ ਵਿੱਚ ਸੁਧਾਰ ਦੀ ਕੋਈ ਸੰਭਾਵਨਾ ਨਹੀਂ ਹੈ। ਮੌਸਮ ਮਾਹਰਾਂ ਦਾ ਕਹਿਣਾ ਹੈ ਕਿ ਦਿੱਲੀ ਐੱਨਸੀਆਰ ਅਤੇ ਦੇਸ਼ ਦੇ ਕਈ ਇਲਾਕਿਆਂ ਵਿੱਚ ਹੋ ਰਹੀ ਬਾਰਿਸ਼ ਆਉਣ ਵਾਲੇ ਦਿਨਾਂ ਵਿੱਚ ਘੱਟ ਹੋਣ ਦੀ ਸੰਭਾਵਨਾ ਹੈ। ਦਰਅਸਲ ਮੌਸਮ ਵਿੱਚ ਇਹ ਬਦਲਾਅ ਮਾਨਸੂਨ ਬ੍ਰੇਕ ਕਾਰਨ ਹੋ ਰਿਹਾ ਹੈ। ਹਾਲਾਂਕਿ ਇਹ ਇੱਕ ਆਮ ਘਟਨਾ ਹੈ ਪਰ ਇਸ ਸਾਲ ਇਹ ਅਸਾਧਾਰਨ ਹੈ। ਮਾਨਸੂਨ ਬ੍ਰੇਕ ਕਾਰਨ ਕਈ ਲੋਕ ਚਿੰਤਾ ਵੀ ਜ਼ਾਹਰ ਕਰਨ ਲੱਗੇ ਹਨ। ਟੀਐੱਮਸੀ ਦੀ ਰਾਜਸਭਾ ਸੰਸਦ ਮੈਂਬਰ ਸਾਗਰਿਕਾ ਘੋਸ਼ ਨੇ ਸੋਸ਼ਲ ਮੀਡੀਆ ਐਕਸ 'ਤੇ ਲਿਖਿਆ, ÷ਇਹ ਬਹੁਤ ਹੀ ਚਿੰਤਾਜਨਕ ਸਥਿਤੀ ਹੈ। ਜੁਲਾਈ ਵਿੱਚ ਕਮਜ਼ੋਰ ਮਾਨਸੂਨ ਕਾਰਨ ਖੇਤੀ, ਪਾਣੀ ਦੀ ਸੁਰੱਖਿਆ ਅਤੇ ਪਿੰਡਾਂ ਵਿੱਚ ਲੋਕਾਂ ਦੀ ਰੋਜ਼ੀ-ਰੋਟੀ 'ਤੇ ਖ਼ਤਰਾ ਮੰਡਰਾ ਰਿਹਾ ਹੈ। ਕੀ ਮੋਦੀ ਸਰਕਾਰ ਕੋਲ ਕੋਈ ਯੋਜਨਾ ਹੈ ? ਮੈਂ ਸੰਸਦ ਵਿੱਚ ਇਹ ਮੁੱਦਾ ਉਠਾਵਾਂਗੀ। ਸੰਸਦ ਦਾ ਮਾਨਸੂਨ ਸੈਸ਼ਨ 20 ਜੁਲਾਈ ਤੋਂ ਸ਼ੁਰੂ ਹੋ ਰਿਹਾ ਹੈ। ਇਹ 13 ਅਗਸਤ ਤੱਕ ਚੱਲੇਗਾ। ਹਾਲਾਂਕਿ ਉਦੋਂ ਤੱਕ ਮਾਨਸੂਨੀ ਬਰਸਾਤ ਫਿਰ ਤੋਂ ਸ਼ੁਰੂ ਹੋ ਸਕਦੀ ਹੈ। ਪਰ ਜੇਕਰ ਅਜਿਹਾ ਨਹੀਂ ਹੋਇਆ ਤਾਂ ਸੰਸਦ ਵਿੱਚ ਇਹ ਮੁੱਦਾ ਉੱਠ ਸਕਦਾ ਹੈ। ਭਾਰਤ ਵਿੱਚ ਇਸ ਸਾਲ ਜੂਨ ਮਹੀਨੇ ਵਿੱਚ ਔਸਤ ਨਾਲੋਂ ਕਰੀਬ 40 ਫ਼ੀਸਦੀ ਘੱਟ ਮੀਂਹ ਪਿਆ, ਹਾਲਾਂਕਿ ਉਸ ਤੋਂ ਬਾਅਦ 9 ਜੁਲਾਈ ਤੱਕ ਦੇਸ਼ ਵਿੱਚ ਚੰਗੀ ਬਾਰਿਸ਼ ਹੋਈ ਹੈ। ਇਸ ਤਰ੍ਹਾਂ 9 ਜੁਲਾਈ ਤੱਕ ਮੀਂਹ ਦੀ ਔਸਤ ਕਮੀ ਸਿਰਫ਼ 12 ਫ਼ੀਸਦੀ ਹੀ ਰਹਿ ਗਈ। ਪਰ ਮਾਨਸੂਨ ਬ੍ਰੇਕ ਕਾਰਨ ਬਾਰਿਸ਼ ਦੀ ਕਮੀ ਫਿਰ ਤੋਂ ਕਾਫ਼ੀ ਚਿੰਤਾਜਨਕ ਸਥਿਤੀ ਤੱਕ ਪਹੁੰਚ ਸਕਦੀ ਹੈ। ਮਹੇਸ਼ ਪਹਿਲਾਵਤ ਕਹਿੰਦੇ ਹਨ, ÷ਮਾਨਸੂਨ ਬ੍ਰੇਕ ਹਰ ਵਾਰ ਹੁੰਦਾ ਹੈ ਪਰ ਇਸ ਵਾਰ ਅਲ ਨੀਨੋ ਦਾ ਅਸਰ ਹੈ। ਮਾਨਸੂਨ ਉਂਝ ਹੀ ਕਮਜ਼ੋਰ ਹੈ ਅਤੇ ਇਹ ਲੰਬਾ ਬ੍ਰੇਕ ਹੈ। ਮਾਨਸੂਨ ਬ੍ਰੇਕ ਇੰਨਾ ਲੰਬਾ ਨਹੀਂ ਹੁੰਦਾ ਹੈ। ਬਾਰਿਸ਼ 4-5 ਦਿਨ ਉਪਰਲੇ ਇਲਾਕਿਆਂ ਵੱਲ ਸ਼ਿਫਟ ਹੁੰਦੀ ਹੈ, ਫਿਰ ਹੇਠਾਂ ਆ ਜਾਂਦੀ ਹੈ। ਪਰ ਇਸ ਵਾਰ ਇਹ ਦਸ ਦਿਨਾਂ ਦਾ ਰਹੇਗਾ ਤਾਂ ਲੰਬਾ ਬ੍ਰੇਕ ਹੋ ਜਾਵੇਗਾ। ਇੰਨਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਦੱਸਿਆ ਕਿ ਇਸ ਨਾਲ ਮਾਨਸੂਨੀ ਬਰਸਾਤ ਦਾ ਅੰਕੜਾ ਹੋਰ ਕਮਜ਼ੋਰ ਹੋ ਜਾਵੇਗਾ। ਅਲ ਨੀਨੋ ਮੌਸਮ ਨਾਲ ਸਬੰਧਤ ਇੱਕ ਕੁਦਰਤੀ ਅਤੇ ਗੁੰਝਲਦਾਰ ਘਟਨਾ ਹੈ। ਇਹ ਮੱਧ ਅਤੇ ਪੂਰਵੀ ਪ੍ਰਸ਼ਾਂਤ ਮਹਾਂਸਾਗਰ ਦੇ ਸਮੁੰਦਰੀ ਪਾਣੀ ਦੇ ਆਮ ਨਾਲੋਂ ਵੱਧ ਗਰਮ ਹੋਣ 'ਤੇ ਸਰਗਰਮ ਹੁੰਦਾ ਹੈ।

ਇਸ ਦੇ ਪ੍ਰਭਾਵ ਨਾਲ ਵਿਸ਼ਵਵਿਆਪੀ ਤਾਪਮਾਨ ਵਧ ਜਾਂਦਾ ਹੈ, ਟ ?ਰੇਡ ਵਿੰਡਸ ਕਮਜ਼ੋਰ ਹੋ ਜਾਂਦੀਆਂ ਹਨ। ਇਸ ਨਾਲ ਦੁਨੀਆ ਭਰ ਵਿੱਚ ਬਾਰਿਸ਼ ਦੇ ਚੱਕਰ 'ਤੇ ਅਸਰ ਪੈਂਦਾ ਹੈ। ਅਲ ਨੀਨੋ ਦੇ ਕਾਰਨ ਭਾਰਤੀ ਉਪਮਹਾਂਦੀਪ ਵਿੱਚ ਹਵਾ ਦਾ ਦਬਾਅ ਪ੍ਰਭਾਵਿਤ ਹੁੰਦਾ ਹੈ, ਜਿਸ ਨਾਲ ਅਕਸਰ ਮਾਨਸੂਨ ਕਮਜ਼ੋਰ ਹੋ ਜਾਂਦਾ ਹੈ ਅਤੇ ਦੇਸ਼ ਦੇ ਕਈ ਹਿੱਸਿਆਂ ਵਿੱਚ ਸੋਕੇ ਦੀ ਸਥਿਤੀ ਬਣ ਸਕਦੀ ਹੈ।

**ਮਾਨਸੂਨ ਬ੍ਰੇਕ ਕਿਉਂ ਹੁੰਦਾ**

ਮਾਨਸੂਨ ਬ੍ਰੇਕ ਆਮ ਤੌਰ 'ਤੇ ਮੌਸਮ ਨਾਲ ਸਬੰਧਤ ਇੱਕ ਸਾਧਾਰਨ ਘਟਨਾ ਹੈ। ਕਿਸੇ ਜ਼ਿਆਦਾ ਤਾਕਤਵਰ ਹਵਾ ਦੇ ਅਸਰ ਨਾਲ ਮਾਨਸੂਨ ਵਿੱਚ ਬ੍ਰੇਕ ਲੱਗਣਾ ਕੋਈ ਅਨੋਖੀ ਘਟਨਾ ਨਹੀਂ ਹੈ। ਮਹੇਸ਼ ਪਹਿਲਾਵਤ ਕਹਿੰਦੇ ਹਨ, ÷ਹਵਾ ਦੀ ਦਿਸ਼ਾ ਦੇ ਕਾਰਨ ਮਾਨਸੂਨ ਬ੍ਰੇਕ ਹੁੰਦਾ ਹੈ। ਜੇਕਰ ਪੱਛਮੀ ਹਵਾ ਜ਼ਿਆਦਾ ਪ੍ਰਭਾਵਸ਼ਾਲੀ ਹੋ ਜਾਵੇ ਤਾਂ ਇਹ ਮਾਨਸੂਨ ਦੇ ਟ ?ਰਫ਼ (ਧੁਰੇ) ਨੂੰ ਉੱਪਰ ਵੱਲ ਲੈ ਜਾਂਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੋਈ ਨਵਾਂ ਵੇਦਰ ਸਿਸਟਮ ਬਣ ਜਾਵੇ, ਯਾਨੀ ਕੋਈ ਚੱਕਰਵਾਤੀ ਘੱਟ ਦਬਾਅ ਦਾ ਖੇਤਰ ਬਣ ਜਾਵੇ ਜੋ ਜ਼ਿਆਦਾ ਅਸਰਦਾਰ ਹੋਵੇ ਤਾਂ ਇਹ ਮਾਨਸੂਨ ਨੂੰ ਹੇਠਾਂ ਵੱਲ ਖਿੱਚ ਲੈਂਦਾ ਹੈ। ਉਹ ਕਹਿੰਦੇ ਹਨ, ÷ਜਦੋਂ ਬੰਗਾਲ ਦੀ ਖਾੜੀ ਵਿੱਚ ਕੋਈ ਚੱਕਰਵਾਤੀ ਸਿਸਟਮ ਬਣੇਗਾ ਅਤੇ ਉਹ ਅੰਦਰ ਵੱਲ ਆਵੇਗਾ ਤਾਂ ਇਹ ਮਾਨਸੂਨ ਨੂੰ ਖਿੱਚੇਗਾ। ਇਸ ਨਾਲ ਬਾਰਿਸ਼ ਫਿਰ ਤੋਂ ਸ਼ੁਰੂ ਹੋ ਜਾਵੇਗੀ। ਅਜੇ ਮਾਨਸੂਨ ਦਾ ਪੱਛਮੀ ਸਿਰਾ ਪਹਾੜਾਂ 'ਤੇ ਹੈ ਅਤੇ ਪੂਰਵੀ ਸਿਰਾ ਦੱਖਣ ਵਿੱਚ ਹੈ। ਇਸ ਲਈ ਪੂਰਬੀ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਪੱਛਮੀ ਬੰਗਾਲ ਵਿੱਚ ਬਾਰਿਸ਼ ਜਾਰੀ ਰਹੇਗੀ। ਪਰ ਕਈ ਇਲਾਕੇ ਸੁੱਕੇ ਰਹਿਣਗੇ। ਇਸ ਸਾਲ ਅਜੇ ਤੱਕ ਬਾਰਿਸ਼ ਘੱਟ ਹੋਣ ਪਿੱਛੇ ਅਲ ਨੀਨੋ ਇਫ਼ੈਕਟ ਨੂੰ ਕਾਰਨ ਮੰਨਿਆ ਜਾ ਰਿਹਾ ਹੈ।

## ਮੌਸਮ ਵਿੱਚ ਬਦਲਾਅ ਕਿੰਨੀ ਵੱਡੀ ਘਟਨਾ

ਸਕਾਈਮੈਟ ਵੇਦਰ ਦੇ ਮੁਖੀ ਅਤੇ ਮੌਸਮ ਮਾਹਰ ਮਹੇਸ਼ ਪਹਿਲਾਵਤ ਨੇ ਬੀਬੀਸੀ ਹਿੰਦੀ ਨੂੰ ਦੱਸਿਆ ਹੈ ਕਿ ਪੱਛਮ-ਉੱਤਰ ਅਤੇ ਮੱਧ ਭਾਰਤ ਵਿੱਚ 19-20 ਜੁਲਾਈ ਤੱਕ ਬਾਰਿਸ਼ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਇਸ ਕਾਰਨ ਦਿੱਲੀ ਐੱਨਸੀਆਰ ਸਮੇਤ ਕਈ ਇਲਾਕਿਆਂ ਵਿੱਚ ਬਾਰਿਸ਼ ਬੁਰੀ ਤਰ੍ਹਾਂ ਪ੍ਰਭਾਵਿਤ ਰਹੇਗੀ, ਨਾਲ ਹੀ ਦਿੱਲੀ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਦਾ ਤਾਪਮਾਨ 37-38 ਡਿਗਰੀ ਸੈਲਸੀਅਸ ਤੱਕ ਰਹਿ ਸਕਦਾ ਹੈ। ਮਹੇਸ਼ ਪਹਿਲਾਵਤ ਕਹਿੰਦੇ ਹਨ, ਮਾਨਸੂਨ ਬ੍ਰੇਕ ਜੁਲਾਈ ਅਤੇ ਅਗਸਤ ਵਿੱਚ ਇੱਕ-ਦੋ ਵਾਰ ਹੁੰਦਾ ਹੀ ਹੈ। ਪਿਛਲੇ ਕੁਝ ਸਾਲਾਂ ਤੋਂ ਪੂਰਾ ਮਾਨਸੂਨ ਬ੍ਰੇਕ ਨਹੀਂ ਹੋ ਰਿਹਾ ਹੈ। ਅਜੇ ਉੱਤਰ-ਪੱਛਮ ਅਤੇ ਮੱਧ ਭਾਰਤ ਵਿੱਚ ਸੋਕਾ ਹੈ ਪਰ ਪੂਰਬੀ ਭਾਰਤ ਵਿੱਚ ਬਾਰਿਸ਼ ਹੋ ਰਹੀ ਹੈ। ਦਰਅਸਲ, ਇਹ ਖ਼ਰੀਫ਼ ਦਾ ਸੀਜ਼ਨ ਹੈ ਅਤੇ ਜ਼ਿਆਦਾਤਰ ਖੇਤੀ ਮਾਨਸੂਨ ਦੇ ਮੀਂਹ 'ਤੇ ਨਿਰਭਰ ਰਹਿੰਦੀ ਹੈ। ਇਸ ਲਈ ਕਿਸਾਨਾਂ ਦੀ ਚਿੰਤਾ ਵੀ ਵਧ ਰਹੀ ਹੈ। ਹਾਲਾਂਕਿ ਮਹੇਸ਼ ਪਹਿਲਾਵਤ ਦਾ ਕਹਿਣਾ ਹੈ ਕਿ ਮਾਨਸੂਨ ਦੇ ਫਿਰ ਤੋਂ ਸਰਗਰਮ ਹੋਣ ਤੋਂ ਬਾਅਦ ਹੀ ਇਨ੍ਹਾਂ ਇਲਾਕਿਆਂ ਵਿੱਚ ਫਿਰ ਤੋਂ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੇ ਅਨੁਸਾਰ, ÷ਇਸ ਸਥਿਤੀ ਵਿੱਚ ਪਹਾੜਾਂ ਦੇ ਹੇਠਲੇ ਇਲਾਕਿਆਂ ਵਿੱਚ ਜ਼ਿਆਦਾ ਬਾਰਿਸ਼ ਹੁੰਦੀ ਹੈ, ਪਰ ਮੱਧ ਅਤੇ ਪੱਛਮ ਭਾਰਤ ਵਿੱਚ ਮੌਸਮ ਲਗਭਗ ਪੂਰੀ ਤਰ੍ਹਾਂ ਖੁਸ਼ਕ ਹੋ ਜਾਂਦਾ ਹੈ। ਇਸ ਦੌਰਾਨ ਨਮੀ (ਹਿਊਮਿਡਿਟੀ) ਘੱਟ ਹੋ ਜਾਂਦੀ ਹੈ। ਬਾਰਿਸ਼ ਰੁਕ ਜਾਂਦੀ ਹੈ ਅਤੇ ਅਸਮਾਨ ਤਕਰੀਬਨ ਸਾਫ਼ ਹੋ ਜਾਂਦਾ ਹੈ ਕਿਉਂਕਿ ਨਮੀ ਨਹੀਂ ਰਹਿੰਦੀ। ਜਦੋਂ ਇਹ ਮਾਨਸੂਨ ਦੱਖਣ ਵੱਲ ਆਵੇਗਾ, ਜੋ ਕਿ 19-20 ਜੁਲਾਈ ਦੇ ਆਸ-ਪਾਸ ਹੋ ਸਕਦਾ ਹੈ, ਉਦੋਂ ਇਨ੍ਹਾਂ ਇਲਾਕਿਆਂ ਵਿੱਚ ਫਿਰ ਤੋਂ ਬਰਸਾਤ ਸ਼ੁਰੂ ਹੋ ਸਕਦੀ ਹੈ।

11 ਜੂਨ ਨੂੰ ਪ੍ਰਕਾਸ਼ਿਤ ਬੀਬੀਸੀ ਦੀ ਇੱਕ ਰਿਪੋਰਟ ਮੁਤਾਬਕ, ਅਮਰੀਕਾ ਦੀ ਨੈਸ਼ਨਲ ਓਸ਼ੀਆਨਿਕ ਐਂਡ ਐਟਮੌਸਫੇਰਿਕ ਐਡਮਿਨਿਸਟ ?ਰੇਸ਼ਨ (ਐੱਨਓਏਏ) ਨੇ ਕਿਹਾ ਹੈ ਕਿ 2026 ਦੇ ਬਾਕੀ ਮਹੀਨਿਆਂ ਵਿੱਚ ਅਲ ਨੀਨੋ ਦੀ ਸਥਿਤੀ ਹੋਰ ਮਜ਼ਬੂਤ ਹੋਣ ਦੀ ਸੰਭਾਵਨਾ ਹੈ। ਕਈ ਭਵਿੱਖਬਾਣੀਆਂ ਮੁਤਾਬਕ, ਇਹ ਹੁਣ ਤੱਕ ਦਰਜ ਸਭ ਤੋਂ ਸ਼ਕਤੀਸ਼ਾਲੀ ਅਲ ਨੀਨੋ ਘਟਨਾਵਾਂ ਵਿੱਚੋਂ ਇੱਕ ਹੋ ਸਕਦਾ ਹੈ। ਇਨਸਾਨੀ ਗਤੀਵਿਧੀਆਂ ਕਾਰਨ ਦਹਾਕਿਆਂ ਤੋਂ ਵਧ ਰਹੇ ਵਿਸ਼ਵਵਿਆਪੀ ਤਾਪਮਾਨ ਦੇ ਵਿਚਕਾਰ ਸਾਲ 2027 ਸਭ ਤੋਂ ਗਰਮ ਸਾਲ ਬਣ ਸਕਦਾ ਹੈ। ਇਸ ਦਾ ਅਸਰ ਮੌਸਮ, ਭੋਜਨ ਸਪਲਾਈ ਅਤੇ ਅਰਥਵਿਵਸਥਾਵਾਂ 'ਤੇ ਪੈਣ ਦਾ ਖ਼ਦਸ਼ਾ ਹੈ। ਐੱਨਓਏਏ ਦੇ ਵਿਗਿਆਨੀਆਂ ਨੇ ਮੱਧ ਗਰਮ-ਖੰਡੀ (ਟ ?ਰੌਪੀਕਲ) ਪ੍ਰਸ਼ਾਂਤ ਮਹਾਂਸਾਗਰ ਵਿੱਚ ਸਮੁੰਦਰ ਦੀ ਸਤ ?ਹਾ ਦਾ ਤਾਪਮਾਨ ਆਮ ਨਾਲੋਂ 0.5 ਡਿਗਰੀ ਸੈਲਸੀਅਸ ਤੋਂ ਵੱਧ ਦਰਜ ਹੋਣ ਤੋਂ ਬਾਅਦ ਅਲ ਨੀਨੋ ਦੇ ਨਵੇਂ ਪੜਾਅ ਦੀ ਸ਼ੁਰੂਆਤ ਦੀ ਪੁਸ਼ਟੀ ਕੀਤੀ। ਵਿਗਿਆਨੀਆਂ ਨੇ ਵਾਯੂਮੰਡਲੀ ਸਥਿਤੀਆਂ ਵਿੱਚ ਵੀ ਬਦਲਾਅ ਦੇਖਿਆ। ਪੱਛਮੀ ਪ੍ਰਸ਼ਾਂਤ ਦੇ ਮੁਕਾਬਲੇ ਮੱਧ ਪ੍ਰਸ਼ਾਂਤ ਖੇਤਰ ਵਿੱਚ ਹਵਾ ਦਾ ਦਬਾਅ ਘੱਟ ਦਰਜ ਕੀਤਾ ਗਿਆ।

ਜਪਾਨ ਮੌਸਮ ਵਿਗਿਆਨ ਏਜੰਸੀ ਨੇ ਵੀ ਕਿਹਾ ਹੈ ਕਿ ਅਲ ਨੀਨੋ ਦੀ ਸਥਿਤੀ ਮੌਜੂਦ ਹੈ। ਐੱਨਓਏਏ ਮੁਤਾਬਕ, ਇਸ ਅਲ ਨੀਨੋ ਦੇ 'ਬਹੁਤ ਸ਼ਕਤੀਸ਼ਾਲੀ' ਬਣਨ ਦੀ ਸੰਭਾਵਨਾ 63 ਫ਼ੀਸਦੀ ਹੈ। ਏਜੰਸੀ ਨੇ ਕਿਹਾ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਇਹ 1950 ਤੋਂ ਹੁਣ ਤੱਕ ਦਰਜ ਸਭ ਤੋਂ ਵੱਡੀਆਂ ਅਲ ਨੀਨੋ ਘਟਨਾਵਾਂ ਵਿੱਚੋਂ ਇੱਕ ਹੋਵੇਗਾ। ਅਨੁਮਾਨ ਹੈ ਕਿ ਇਹ ਸਥਿਤੀ ਘੱਟੋ-ਘੱਟ 2027 ਦੀ ਸ਼ੁਰੂਆਤ ਤੱਕ ਬਣੀ ਰਹੇਗੀ।



# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 362

Website: www.preetnama.com Email preetnamausa@gmail.com

17 JULY TO 23 JULY, 2026


# ਈ 20 ਪੈਟਰੋਲ ਦਾ ਗੱਡੀਆਂ ’ਤੇ ਕੀ ਅਸਰ ਹੁੰਦਾ ਹੈ ? ਸਰਕਾਰ ਅਤੇ ਮਾਹਰਾਂ ਦਾ ਇਸ ਬਾਰੇ ਕੀ ਕਹਿਣਾ ਹੈ ?




ਭਾਰਤ ਸਰਕਾਰ ਦਾ ਪੈਟਰੋਲ ਵਿੱਚ ਬਾਇਓਫਿਊਲ (ਇਥੇਨੌਲ) ਦਾ ਮਿਸ਼ਰਨ ਵਧਾਉਣ ਦਾ ਫੈਸਲਾ ਵਿਵਾਦ ਦੇ ਕੇਂਦਰ ’ਚ ਹੈ। ਸਰਕਾਰ ਦਾ ਤਰਕ ਹੈ ਕਿ ਪੈਟਰੋਲ ਵਿੱਚ 20 ਫ਼ੀਸਦੀ ਇਥੇਨੌਲ ਮਿਲਾਉਣ ਨਾਲ ਭਾਰਤ ਦੀ ਕੱਚੇ ਤੇਲ ਦੀ ਦਰਾਮਦ ’ਤੇ ਨਿਰਭਰਤਾ ਘਟੇਗੀ, ਵਿਦੇਸ਼ੀ ਮੁਦਰਾ ਦੀ ਬੱਚਤ ਹੋਵੇਗੀ, ਕਾਰਬਨ ਨਿਕਾਸ ਘਟੇਗਾ ਅਤੇ ਕਿਸਾਨਾਂ ਦੀ ਆਮਦਨ ਵਧੇਗੀ। ਦੂਜੇ ਪਾਸੇ, ਵਾਹਨ ਚਾਲਕ ਇਸ ਨਾਲ ਮਾਈਲੇਜ (ਪ੍ਰਤੀ ਕਿਲੋਮੀਟਰ ਖਪਤ) ’ਚ ਕਮੀ ਅਤੇ ਇੰਜਣ ’ਚ ਖ਼ਰਾਬੀ ਦਾ ਦਾਅਵਾ ਕਰ ਰਹੇ ਹਨ। ਵਿਰੋਧੀ ਰਾਜਨੀਤਿਕ ਪਾਰਟੀਆਂ ਵੀ ਸਰਕਾਰ ਨੂੰ ਇਥੇਨੌਲ ਦੇ ਮੁੱਦੇ ’ਤੇ ਘੇਰ ਰਹੀਆਂ ਹਨ।

ਇਸ ਵਿਵਾਦ ’ਤੇ ਸੋਸ਼ਲ ਮੀਡੀਆ ’ਤੇ ਵੀ ਬਹੁਤ ਬਹਿਸ ਹੋ ਰਹੀ ਹੈ ਅਤੇ ਕਈ ਲੋਕ ਆਪਣੀਆਂ ਗੱਡੀਆਂ ’ਚ ਆ ਰਹੀ ਖ਼ਰਾਬੀ ਦਾ ਜ਼ਿਕਰ ਕਰ ਰਹੇ ਹਨ। ਪਿਛਲੇ ਕੁਝ ਮਹੀਨਿਆਂ ਵਿੱਚ ਸੋਸ਼ਲ ਮੀਡੀਆ ’ਤੇ ਅਜਿਹੀਆਂ ਪੋਸਟਾਂ ਦਾ ਹੜ੍ਹ ਆ ਗਿਆ ਹੈ ਜਿਸ ’ਚ ਵਾਹਨ ਚਾਲਕ ਇੰਜਣ ’ਚ ਖ਼ਰਾਬੀ, ਘੱਟ ਮਾਈਲੇਜ ਅਤੇ ਖ਼ਰਾਬ ਪਰਫਾਰਮੈਂਸ ਦੇ ਦਾਅਵੇ ਕਰ ਰਹੇ ਹਨ।ਪਿਛਲੇ ਹਫ਼ਤੇ ਹੀ ਦਿੱਲੀ ਵਿੱਚ ਕਈ ਵਾਹਨ ਚਾਲਕਾਂ ਨੇ ਇਥੇਨੌਲ ਮਿਸ਼ਰਨ ਦੇ ਖਿਲਾਫ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਸਰਕਾਰ ’ਤੇ ਜਲਦਬਾਜ਼ੀ ’ਚ ਇਥੇਨੌਲ ਨੀਤੀ ਲਾਗੂ ਕਰਨ ਦੇ ਇਲਜ਼ਾਮ ਲਗਾਏ ਅਤੇ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਫਿਊਲ ਸਟੇਸ਼ਨ ’ਤੇ ਮਰਜ਼ੀ ਨਾਲ ਈਂਧਣ ਪਵਾਉਣ ਦੇ ਘੱਟ ਵਿਕਲਪ ਹਨ। ਇਹ ਦਾਅਵਾ ਵੀ ਕੀਤਾ ਗਿਆ ਕਿ ਇਥੇਨੌਲ ਦੀ ਵਜ ?ਹਾ ਨਾਲ ਇੰਜਣ ਸਰਵਿਸ ’ਤੇ ਖਰਚ ਵੱਧ ਗਿਆ ਹੈ। ਮੁੰਬਈ ਵਿੱਚ ਦੋਪਹੀਆ ਅਤੇ ਚਾਰ ਪਹੀਆ ਸਰਵਿਸ ਸਟੇਸ਼ਨ ’ਤੇ ਕੰਮ ਕਰਨ ਵਾਲੇ ਮਕੈਨਿਕਸ ਨਾਲ ਗੱਲਬਾਤ ਕੀਤੀ।

ਕੁਝ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਸਾਹਮਣੇ ਇਥੇਨੌਲ ਨਾਲ ਜੁੜੀਆਂ ਸਮੱਸਿਆਵਾਂ ਨਹੀਂ ਆਈਆਂ ਹਨ ਜਦੋਂਕਿ ਕਈਆਂ ਦਾ ਕਹਿਣਾ ਸੀ ਕਿ ਇਥੇਨੌਲ ਮਿਸ਼ਰਨ ਕਾਰਨ ਇੰਜਣ ’ਚ ਦਿੱਕਤਾਂ ਦੇ ਕਈ ਮਾਮਲੇ ਸਾਹਮਣੇ ਆਏ ਹਨ। ਮੋਟਰਸਾਈਕਲ ਮਕੈਨਿਕ ਮੁਹੰਮਦ ਆਰਿਫ਼ ਦਾ ਕਹਿਣਾ ਹੈ ਕਿ ਪਿਛਲੇ ਇੱਕ ਸਾਲ ਦੌਰਾਨ ਉਨ੍ਹਾਂ ਕੋਲ ਕਈ ਪੁਰਾਣੀਆਂ ਬਾਈਕਾਂ ’ਚ ਕਾਰਬਿਊਰੇਟਰ ਦੇ ਅੰਦਰ ਬਾਲਣ ਦੇ ਅਵਸ਼ੇਸ਼ (ਫਿਊਲ ਰੇਜ਼ਿਡਿਊ) ਜਮ ?ਹਾ ਹੋਣ ਦੇ ਮਾਮਲੇ ਆਏ, ਜਿਸ ਦੀ ਵਜ ?ਹਾ ਉਹ ਇਥੇਨੌਲ ਦੀ ਵੱਧ ਮਾਤਰਾ ਨੂੰ ਮੰਨਦੇ ਹਨ।

ਉਧਰ, ਕਾਰ ਸਰਵਿਸ ਸੈਂਟਰ ਸੰਚਾਲਕ ਬੇਸਿਲ ਜੈਕਬ ਦਾ ਕਹਿਣਾ ਹੈ ਕਿ ਗਾਹਕ ਮਾਈਲੇਜ ਘੱਟਣ ਦੀ ਸ਼ਿਕਾਇਤ ਕਰ ਰਹੇ ਹਨ। ਉਹ ਕਹਿੰਦੇ ਹਨ, ਗਾਹਕ ਪ੍ਰਤੀ ਲੀਟਰ ਉਹੀ ਕੀਮਤ ਅਦਾ ਕਰ ਰਹੇ ਹਨ ਪਰ ਪਹਿਲਾਂ ਦੇ ਮੁਕਾਬਲੇ ’ਚ ਵਾਹਨ ਘੱਟ ਕਿਲੋਮੀਟਰ ਚਲਾ ਪਾ ਰਹੇ ਹਨ। ਆਟੋਕਾਰ ਇੰਡੀਆ ਦੇ ਸੰਪਾਦਕ ਹੋਰਮਜ਼ਦ ਸੋਰਾਬਜੀ ਦਾ ਕਹਿਣਾ ਹੈ ਕਿ ਈ20 ਦੇ ਸੰਭਾਵੀ ਅਸਰ ਤੁਰੰਤ ਨਹੀਂ, ਸਗੋਂ ਲੰਬੇ ਸਮੇਂ ਵਿੱਚ ਦਿਖਾਈ ਦੇ ਸਕਦੇ ਹਨ।

**ਸਰਕਾਰ ਦਾ ਜਵਾਬ**

ਮਾਈਲੇਜ ਵਿੱਚ ਕਮੀ ਅਤੇ ਗੱਡੀਆਂ ਦੇ ਇੰਜਣਾਂ ਵਿੱਚ ਆ ਰਹੀ ਖ਼ਰਾਬੀ ਦੇ ਦਾਅਵਿਆਂ ਨੂੰ ਖਾਰਜ ਕਰਦਿਆਂ ਸਰਕਾਰ ਨੇ ਕਿਹਾ ਹੈ ਕਿ ਈ20 ਪੈਟਰੋਲ ਪ੍ਰੋਗਰਾਮ ਵਿਗਿਆਨਕ ਖੋਜ, ਪੜਾਅਵਾਰ ਲਾਗੂ ਕਰਨ ਦੀ ਪ੍ਰਕਿਰਿਆ ਅਤੇ ਵਾਹਨ ਨਿਰਮਾਤਾ ਕੰਪਨੀਆਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਹੀ ਲਾਗੂ ਕੀਤਾ ਗਿਆ ਹੈ। ਸਰਕਾਰ ਦੀ ਨੀਤੀ ਦੇ ਬਚਾਅ ’ਚ ਕਈ ਵਾਹਨ ਨਿਰਮਾਤਾ ਕੰਪਨੀਆਂ ਵੀ ਆ ਗਈਆਂ ਹਨ। ਪਿਛਲੇ ਹਫ਼ਤੇ ਛੇ ਵੱਡੀਆਂ ਵਾਹਨ ਨਿਰਮਾਤਾ ਕੰਪਨੀਆਂ ਸਰਕਾਰ ਦੀ ਪ੍ਰੈਸ ਕਾਨਫਰੰਸ ਵਿੱਚ ਸ਼ਾਮਲ ਹੋਈਆਂ ਅਤੇ ਦਾਅਵਾ ਕੀਤਾ ਕਿ ਕਈ ਸਾਲਾਂ ਦੇ ਸਰਵਿਸ ਅਤੇ ਟੈਸਟਿੰਗ ਡਾਟਾ ਦੇ ਆਧਾਰ ’ਤੇ ਵਾਹਨਾਂ ਨੂੰ ਇਥੇਨੌਲ ਮਿਸ਼ਰਨ ਦੀ ਵਜ ?ਹਾ ਨਾਲ ਵੱਡੇ ਪੈਮਾਨੇ ’ਤੇ ਨੁਕਸਾਨ ਦੇ ਕੋਈ ਸਬੂਤ ਨਹੀਂ ਮਿਲੇ ਹਨ।

ਵਾਹਨ ਨਿਰਮਾਤਾਵਾਂ ਨੇ ਇਹ ਤਾਂ ਸਵੀਕਾਰ ਕੀਤਾ ਹੈ ਕਿ ਇਥੇਨੌਲ ਮਿਸ਼ਰਨ ਦੀ ਵਜ ?ਹਾ ਨਾਲ ਮਾਈਲੇਜ ਵਿੱਚ 3 ਤੋਂ 3.5 ਫ਼ੀਸਦੀ ਤੱਕ ਦੀ ਗਿਰਾਵਟ ਜ਼ਰੂਰ ਆਈ ਹੈ।

**ਕਿੰਨਾ ਮਾਈਲੇਜ ਮਿਲਦਾ ਹੈ ?**

ਹਾਲਾਂਕਿ ਪੈਟਰੋਲ ’ਚ ਇਥੇਨੌਲ ਦੇ ਮਿਸ਼ਰਨ ਨੂੰ ਲੈ ਕੇ ਨੀਤੀ ਆਯੋਗ ਨੇ ਜੂਨ 2021 ’ਚ ਪ੍ਰਕਾਸ਼ਿਤ ਮਾਹਰ ਕਮੇਟੀ ਦੀ ਰਿਪੋਰਟ ’ਚ ਹੀ ਕਿਹਾ ਸੀ ਕਿ ਜੋ ਵਾਹਨ ਮੂਲ ਰੂਪ ਨਾਲ ਈ0 (ਇਥੇਨੌਲ ਰਹਿਤ) ਜਾਂ ਈ10 (10 ਫੀਸਦ ਈਥੇਨੌਲ ਮਿਸ਼ਰਤ ਤੇਲ) ਲਈ ਡਿਜ਼ਾਈਨ ਕੀਤੇ ਗਏ ਹਨ ਤਾਂ ਉਨ੍ਹਾਂ ਦੇ ਮਾਈਲੇਜ ’ਚ 6 ਤੋਂ 7 ਫ਼ੀਸਦੀ ਤੱਕ ਗਿਰਾਵਟ ਆ ਸਕਦੀ ਹੈ। ਹਾਲਾਂਕਿ ਇਸੇ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਜਿਹੜੇ ਵਾਹਨ ਈ10 ਈਂਧਣ ਲਈ ਡਿਜ਼ਾਈਨ ਕੀਤੇ ਗਏ ਹਨ, ਉਨ੍ਹਾਂ ਦੇ ਮਾਈਲੇਜ ਵਿੱਚ ਸਿਰਫ਼ 1 ਤੋਂ 2 ਫ਼ੀਸਦੀ ਤੱਕ ਹੀ ਗਿਰਾਵਟ ਆਵੇਗੀ। ਭਾਰਤ ਦੋਪਹੀਆ ਵਾਹਨਾਂ ਦਾ ਸਭ ਤੋਂ ਵੱਡਾ ਬਾਜ਼ਾਰ ਹੈ ਅਤੇ ਕਾਰਾਂ ਦੇ ਮਾਮਲੇ ਵਿੱਚ ਦੁਨੀਆ ’ਚ ਤੀਜੇ ਸਥਾਨ ’ਤੇ ਹੈ। ਵੱਧਦੀ ਖਪਤ ਦੇ ਮੱਦੇਨਜ਼ਰ ਭਾਰਤ ਤੇਲ ਦੀ ਦਰਾਮਾਦ ’ਤੇ ਨਿਰਭਰਤਾ ਘੱਟ ਕਰਨ ਅਤੇ ਕਾਰਬਨ ਨਿਕਾਸ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸ਼ੁੱਕਰਵਾਰ ਨੂੰ ਜਾਰੀ ਬਿਆਨ ਵਿੱਚ ਪੈਟਰੋਲੀਅਮ ਮੰਤਰਾਲੇ ਨੇ ਸਵੀਕਾਰ ਕੀਤਾ ਹੈ ਕਿ ਕੁਝ ਵਾਹਨਾਂ ਦਾ ਮਾਈਲੇਜ 3 ਤੋਂ 5 ਫ਼ੀਸਦੀ ਤੱਕ ਘੱਟ ਸਕਦਾ ਹੈ। ਉਧਰ ਰਾਜ ਸਭਾ ਵਿੱਚ ਦਿੱਤੇ ਇੱਕ ਸਵਾਲ ਦੇ ਜਵਾਬ ਵਿੱਚ ਸਰਕਾਰ ਨੇ ਇੰਜਣ ਨੂੰ ਨੁਕਸਾਨ ਪਹੁੰਚਣ ਦੀਆਂ ਚਿੰਤਾਵਾਂ ਨੂੰ ਖ਼ਾਰਜ ਕਰਦਿਆਂ ਕਿਹਾ ਸੀ ਕਿ ਇਥੇਨੌਲ ਮਿਸ਼ਰਿਤ ਈਂਧਣ ’ਚ ਉੱਚ ਆਕਟੇਨ ਨੰਬਰ (ਆਰਓਐਨ) ਹੁੰਦਾ ਹੈ ਜੋ ਈਂਧਣ ਦੀ ਕਾਰਗੁਜ਼ਾਰੀ ਨੂੰ ਵਧਾਉਂਦਾ ਹੈ ਅਤੇ ਦਹਿਨ (ਕੰਬਸ਼ਨ) ਨੂੰ ਬਿਹਤਰ ਕਰਨ ’ਚ ਮਦਦ ਕਰਦਾ ਹੈ। ਸਰਕਾਰ ਨੇ ਸੰਸਦ ’ਚ ਇਹ ਜਾਣਕਾਰੀ ਵੀ ਦਿੱਤੀ ਸੀ ਕਿ ਇੰਟਰ-ਮਿਨਸਟਰੀ ਕਮੇਟੀ ਨੇ ਈ20 ਦੀਆਂ ਗੱਡੀਆਂ ’ਤੇ ਅਸਰ ਦਾ ਵਿਆਪਕ ਅਧਿਐਨ ਕੀਤਾ ਹੈ ਅਤੇ ਫ਼ੀਲਡ ਟ ?ਰਾਇਲ ਦੌਰਾਨ ਵਾਹਨਾਂ ਦੇ ਇੰਜਣ ’ਤੇ ਕੋਈ ਨੁਕਸਾਨਦਾਇਕ ਅਸਰ ਸਾਹਮਣੇ ਨਹੀਂ ਆਏ। ਭਾਰਤ ਵਿੱਚ ਈ20 ਬਾਲਣ ਨੂੰ ਅਧਿਕਾਰਤ ਤੌਰ ’ਤੇ ਫ਼ਰਵਰੀ 2023 ਵਿੱਚ ਲਾਂਚ ਕੀਤਾ ਗਿਆ ਸੀ। ਸਰਕਾਰ ਨੇ 2030 ਤੱਕ ਈ20 ਦਾ ਟੀਚਾ ਹਾਸਲ ਕਰਨ ਦੀ ਸਮਾਂ ਸੀਮਾ ਰੱਖੀ ਸੀ। ਹਾਲਾਂਕਿ ਬਾਅਦ ਵਿੱਚ ਇਸ ਮਿਆਦ ਨੂੰ ਘਟਾ ਕੇ 2025-26 ਕਰ ਦਿੱਤਾ ਗਿਆ ਸੀ ।ਸਵਾਲਾਂ ਅਤੇ ਅਲੋਚਨਾ ਵਿਚਾਲੇ ਸ਼ੁੱਕਰਵਾਰ ਨੂੰ ਭਾਰਤ ਸਰਕਾਰ ਨੇ ਕਿਹਾ ਕਿ ਇਥੇਨੌਲ ਮਿਸ਼ਰਿਤ ਪੈਟਰੋਲ ਦਾ ਟੀਚਾ ਤੈਅ ਸਮੇਂ ਤੋਂ ਲਗਭਗ ਪੰਜ ਸਾਲ ਪਹਿਲਾਂ ਹਾਸਲ ਕਰ ਲਿਆ ਗਿਆ ਹੈ। ਸਰਕਾਰ ਨੇ ਇਹ ਵੀ ਦੱਸਿਆ ਹੈ ਕਿ ਹੁਣ ਦੇਸ਼ ਵਿੱਚ ਪੈਟਰੋਲ ਵਿੱਚ ਔਸਤਨ 20 ਫ਼ੀਸਦੀ ਇਥੇਨੌਲ ਮਿਲਾਇਆ ਜਾ ਰਿਹਾ ਹੈ। ਸਰਕਾਰ ਨੇ ਦੱਸਿਆ ਕਿ 2013-14 ਵਿੱਚ ਪੈਟਰੋਲ ਵਿੱਚ ਇਥੇਨੌਲ ਦੀ ਮਿਲਾਵਟ 1.5 ਫ਼ੀਸਦੀ ਤੋਂ ਵੀ ਘੱਟ ਸੀ, ਜਦਕਿ 2025-26 ਵਿੱਚ ਇਹ 20 ਫ਼ੀਸਦੀ ਤੱਕ ਪਹੁੰਚ ਗਈ ਹੈ। ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਮੁਤਾਬਕ, ਇਸ ਦੌਰਾਨ ਭਾਰਤ ਵਿੱਚ ਇਥੇਨੌਲ ਦੀ ਖਰੀਦ 38 ਕਰੋੜ ਲੀਟਰ ਤੋਂ ਵੱਧ ਕੇ 1200 ਕਰੋੜ ਲੀਟਰ ਤੱਕ ਪਹੁੰਚ ਗਈ ਹੈ।

ਸਰਕਾਰ ਨੇ ਇਹ ਵੀ ਕਿਹਾ ਕਿ ਪੈਟਰੋਲ ਵਿੱਚ ਇਥੇਨੌਲ ਬਲੈਂਡ ਕਰਨ ਦੇ ਪ੍ਰੋਗਰਾਮ ਨੂੰ ਜਲਦਬਾਜ਼ੀ ’ਚ ਲਾਂਚ ਨਹੀਂ ਕੀਤਾ ਗਿਆ ਹੈ ਬਲਕਿ ਇਸ ਨੂੰ ਲੈ ਕੇ ਪਾਇਲਟ ਪ੍ਰੋਜੈਕਟ ਸਾਲ 2001 ਵਿੱਚ ਹੀ ਸ਼ੁਰੂ ਹੋ ਗਿਆ ਸੀ ਅਤੇ 2006 ਵਿੱਚ ਦੇਸ਼ ਦੇ ਕੁਝ ਹਿੱਸਿਆਂ ਵਿੱਚ 5 ਫ਼ੀਸਦੀ ਇਥੇਨੌਲ ਮਿਲਾਵਟ ਲਾਗੂ ਕੀਤੀ ਗਈ ਸੀ। ਸਰਕਾਰ ਨੇ ਇਥੇਨੌਲ ਨੂੰ ਹੁਲਾਰਾ ਦੇਣ ਨਾਲ ਕੱਚੇ ਤੇਲ ਦੀ ਦਰਾਮਦ ’ਤੇ ਨਿਰਭਰਤਾ ਘੱਟ ਹੋਣ ਦਾ ਦਾਅਵਾ ਵੀ ਕੀਤਾ ਹੈ। ਭਾਰਤ ਦੇ ਕੱਚੇ ਤੇਲ ਦੀ ਦਰਾਮਦ ਦੀ ਮਾਤਰਾ ਤਾਂ ਘੱਟ ਨਹੀਂ ਹੋਈ ਹੈ ਪਰ ਸਰਕਾਰ ਦੇ ਦਾਅਵੇ ਦਾ ਮਤਲਬ ਹੈ ਕਿ ਜੇਕਰ ਇਥੇਨੌਲ ਨਾ ਮਿਲਾਇਆ ਗਿਆ ਹੁੰਦਾ ਤਾਂ ਭਾਰਤ ਨੂੰ ਹੋਰ ਵੱਧ ਕੱਚਾ ਤੇਲ ਇੰਪੋਰਟ ਕਰਨਾ ਪੈਂਦਾ ।ਸਰਕਾਰ ਦੇ ਇਨ੍ਹਾਂ ਦਾਅਵਿਆਂ ਵਿਚਾਲੇ ਇਥੇਨੌਲ ਨੂੰ ਲੈ ਕੇ ਵਿਵਾਦ ਲਗਾਤਾਰ ਵੱਧ ਰਿਹਾ ਹੈ। ਇਹ ਵਿਵਾਦ ਹੋਰ ਤੇਜ਼ ਉਦੋਂ ਹੋ ਗਿਆ ਜਦੋਂ ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਕਿ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਦੱਸਿਆ ਕਿ ਈ20 ਪ੍ਰੋਗਰਾਮ ÷ਇੱਕ ਚੱਲ ਰਿਹਾ ਪ੍ਰਯੋਗ÷ ਹੈ ਅਤੇ ਇਸ ਦੇ ਪ੍ਰਭਾਵ ਅਗਲੇ ਕੁਝ ਸਾਲਾਂ ’ਚ ਸਪੱਸ਼ਟ ਹੋਣਗੇ। ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਕਿ ਭਾਰਤ ਦੇ ਅਟਾਰਨੀ ਜਨਰਲ ਆਰ. ਵੈਂਕਟਰਮਣੀ ਨੇ ਸੁਪਰੀਮ ਕੋਰਟ ’ਚ ਕਿਹਾ ਕਿ ਈ20 ਪ੍ਰੋਗਰਾਮ ’ਇੱਕ ਚੱਲ ਰਿਹਾ ਐਕਸਪੈਰੀਮੈਂਟ’ ਹੈ। ਹਾਲਾਂਕਿ ਵਿਵਾਦ ਵਧਣ ਤੋਂ ਬਾਅਦ ਸਰਕਾਰ ਅਤੇ ਕਾਨੂੰਨ ਮੰਤਰਾਲੇ ਨੇ ਇਸ ’ਤੇ ਵੀ ਸਪੱਸ਼ਟੀਕਰਨ ਜਾਰੀ ਕੀਤਾ ਹੈ। ਸਰਕਾਰ ਨੇ ਕਿਹਾ ਹੈ ਕਿ ਅਦਾਲਤ ਵਿੱਚ ਈ20 ਪ੍ਰੋਗਰਾਮ ਦੇ ਕਿਸੇ ਵੀ ਪੜਾਅ ਨੂੰ ਐਕਸਪੈਰੀਮੈਂਟ ਨਹੀਂ ਦੱਸਿਆ ਗਿਆ ਹੈ ।ਵਿਰੋਧੀ ਸਰਕਾਰ ਦੀ ਈ20 ਨੀਤੀ ’ਤੇ ਸਵਾਲ ਉਠਾ ਰਹੇ ਹਨ ਅਤੇ ਇਲਜ਼ਾਮ ਲਗਾ ਰਹੇ ਹਨ ਕਿ ਜਲਦਬਾਜ਼ੀ ਵਿੱਚ ਲਾਗੂ ਕੀਤੀ ਗਈ ਇਸ ਨੀਤੀ ਨਾਲ ਵਾਹਨ ਮਾਲਕਾਂ ਨੂੰ ਨੁਕਸਾਨ ਝੱਲਣਾ ਪੈ ਰਿਹਾ ਹੈ।

## ਕੀ ਕਹਿ ਰਹੇ ਹਨ ਮਾਹਰ ?

ਇਸ ਪੂਰੇ ਵਿਵਾਦ ਵਿਚਾਲੇ ਮਾਹਰਾਂ ਦਾ ਮੰਨਣਾ ਹੈ ਕਿ ਭਾਰਤ ਵਿੱਚ ਇਥੇਨੌਲ ਨੀਤੀ ’ਤੇ ਬਹਿਸ ਸਿਰਫ਼ ਇੰਜਣ ਜਾਂ ਮਾਈਲੇਜ ਤੱਕ ਸੀਮਿਤ ਨਹੀਂ ਹੋਣੀ ਚਾਹੀਦੀ। ਬਲਕਿ ਇਸ ਨੂੰ ਵਿਗਿਆਨਕ ਅਧਿਐਨ, ਖਪਤਕਾਰਾਂ ਦੇ ਤਜ਼ਰਬਿਆਂ ਅਤੇ ਸਾਰੇ ਪੱਖਾਂ ਵਿਚਾਲੇ ਸੰਵਾਦ ਦੇ ਆਧਾਰ ’ਤੇ ਅੱਗੇ ਵਧਾਇਆ ਜਾਣਾ ਚਾਹੀਦਾ ਹੈ। ਵਿਸ਼ਵ ਊਰਜਾ ਸੁਰੱਖਿਆ ਮਾਹਰ ਹਰੀ ਸ਼ੇਸ਼ਾਸ਼ਈ ਕਹਿੰਦੇ ਹਨ, ÷ਇਥੇਨੌਲ ਦੀ ਪਾਲਿਸੀ ਬਣਾਉਣਾ ਆਸਾਨ ਨਹੀਂ ਹੈ, ਬਹੁਤ ਮੁਸ਼ਕਿਲ ਹੈ ਅਤੇ ਬਹੁਤ ਸਮਾਂ ਲੱਗਦਾ ਹੈ। ਸਾਨੂੰ ਹੋਰਨਾਂ ਦੇਸ਼ਾਂ ਤੋਂ ਸਿੱਖਣਾ ਚਾਹੀਦਾ ਹੈ ਕਿ ਸਾਡੇ ਲਈ ਕੀ ਸਹੀ ਹੋਵੇਗਾ, ਕਿਹੜੀਆਂ ਚੁਣੌਤੀਆਂ ਹਨ ਅਤੇ ਉਨ੍ਹਾਂ ਨੂੰ ਪਹਿਲਾਂ ਤੋਂ ਸਮਝਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ, ਸਾਨੂੰ ਬ੍ਰਾਜ਼ੀਲ ਨਾਲ ਤਾਲਮੇਲ ਕਰਨਾ ਚਾਹੀਦਾ ਹੈ ਕਿ ਕਿਵੇਂ ਇੰਨੇ ਵੱਡੇ ਦੇਸ਼ ਵਿੱਚ ਲੋਕਾਂ ਨੂੰ ਇਥੇਨੌਲ ਦੀ ਫਲੈਕਸੇਬਿਲੀਟੀ ਮਿਲੀ ਹੈ। ਉਨ੍ਹਾਂ ਦਾ ਸੁਝਾਅ ਹੈ ਕਿ ਭਾਰਤ ਵਿੱਚ ਇੱਕ ਅਜਿਹੀ ਸਾਂਝੀ ਕਮੇਟੀ ਬਣਾਈ ਜਾਵੇ, ਜਿਸ ਵਿੱਚ ਕਿਸਾਨ, ਤੇਲ ਕੰਪਨੀਆਂ, ਵਾਹਨ ਨਿਰਮਾਤਾ, ਬੀਮਾ ਕੰਪਨੀਆਂ ਅਤੇ ਹੋਰ ਸਾਰੇ ਹਿੱਸੇਦਾਰ ਸ਼ਾਮਿਲ ਹੋਣ ਤਾਂ ਜੋ ਨੀਤੀ ਨਾਲ ਜੁੜੇ ਵਿਵਾਦਾਂ ਦਾ ਹੱਲ ਸਮੂਹਿਕ ਤੌਰ ’ਤੇ ਕੱਢਿਆ ਜਾ ਸਕੇ।

ਉੱਥੇ ਹੀ ਆਟੋਮੋਟਿਵ ਕੰਟੈਂਟ ਕ੍ਰੀਏਟਰ ਈਸ਼ਾਨ ਭਾਰਦਵਾਜ ਦਾ ਕਹਿਣਾ ਹੈ ਕਿ ਪ੍ਰਯੋਗਸ਼ਾਲਾ ’ਚ ਹੋਣ ਵਾਲੇ ਪ੍ਰੀਖਣ ਅਤੇ ਆਮ ਲੋਕਾਂ ਦੇ ਅਸਲ ਡ ?ਰਾਈਵਿੰਗ ਤਜ਼ਰਬੇ ’ਚ ਫਰਕ ਹੁੰਦਾ ਹੈ। ਉਨ੍ਹਾਂ ਦੇ ਅਨੁਸਾਰ, ÷ਏਆਰਏਆਈ ਇੱਕ ਲੈਬ ਹੈ, ਜਿੱਥੇ ਲੈਬ ਦੇ ਹਿਸਾਬ ਨਾਲ ਟੈਸਟਿੰਗ ਕੀਤੀ ਜਾਂਦੀ ਹੈ, ਉਸ ਦਾ ਆਮ ਲੋਕਾਂ ਦੇ ਅਸਲ ਡ ?ਰਾਈਵਿੰਗ ਤਜ਼ਰਬੇ ਨਾਲ ਸਿੱਧਾ ਕੋਈ ਸਬੰਧ ਨਹੀਂ ਹੈ। ਉਹ ਕਹਿੰਦੇ ਹਨ, ÷ਨਵੀਆਂ ਤਕਨੀਕਾਂ ਅਤੇ ਈ20, ਈ25 ਜਾਂ ਇਸ ਤੋਂ ਵੱਧ ਇਥੇਨੌਲ ਮਿਸ਼ਰਨ ਵਾਲੇ ਬਾਲਣਾਂ ’ਤੇ ਕੰਮ ਹੋਣਾ ਚਾਹੀਦਾ ਹੈ ਪਰ ਖਪਤਕਾਰਾਂ ਕੋਲ ਆਪਣੀ ਗੱਡੀ ਮੁਤਾਬਕ ਬਾਲਣ ਚੁਣਨ ਦਾ ਬਦਲ ਵੀ ਹੋਣਾ ਚਾਹੀਦਾ ਹੈ। ਉਹ ਕਹਿੰਦੇ ਹਨ, ÷ਤੁਸੀਂ ਈ20 ਰੱਖੋ, ਈ25 ਲਿਆਓ, ਈ85 ਲਿਆਓ ਜਾਂ 100 ਫ਼ੀਸਦੀ ਇਥੇਨੌਲ ਲੈ ਕੇ ਆਓ...ਪਰ ਜੋ ਸਾਡੀ ਪਸੰਦ ਹੈ, ਜਿਸ ਚੀਜ਼ ਲਈ ਸਾਡੀ ਗੱਡੀ ਬਣੀ ਹੈ, ਤੁਸੀਂ ਉਸ ਚੀਜ਼ ਦੀ ਸਪਲਾਈ ਕਰੋ। ਉਧਰ, ਸੀਨੀਅਰ ਆਟੋਮੋਟਿਵ ਵਿਸ਼ਲੇਸ਼ਕ ਆਈ.ਵੀ. ਰਾਓ ਇਥੇਨੌਲ ਦੇ ਵਾਤਾਵਰਣੀ ਫ਼ਾਇਦਿਆਂ ’ਤੇ ਜ਼ੋਰ ਦਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ, ÷ਜੇ ਤੁਸੀਂ ਇਥੇਨੌਲ ਨੂੰ ਬਾਲਣ ਵਜੋਂ ਵਰਤਦੇ ਹੋ ਤਾਂ ਰਵਾਇਤੀ ਪੈਟਰੋਲ ਵਾਲੇ ਵਾਹਨਾਂ ਦੇ ਮੁਕਾਬਲੇ ਇਸ ਦਾ ਕਾਰਬਨ ਫੁੱਟਪ੍ਰਿੰਟ ਕਾਫ਼ੀ ਘੱਟ ਹੁੰਦਾ ਹੈ। ਬਾਇਓਫਿਊਲ ਦਾ ਇਸਤੇਮਾਲ ਕਰਨ ਦਾ ਇਹ ਸਭ ਤੋਂ ਵੱਡਾ ਫ਼ਾਇਦਾ ਹੈ। ਹਾਲਾਂਕਿ ਉਹ ਇਹ ਵੀ ਕਹਿੰਦੇ ਹਨ ਕਿ ਕਿਸੇ ਵੀ ਵਿਕਲਪਕ ਬਾਲਣ ਦਾ ਮੁਲਾਂਕਣ ਸਿਰਫ਼ ਵਾਹਨ ਚਲਾਉਣ ਦੌਰਾਨ ਹੋਣ ਵਾਲੇ ਨਿਕਾਸ ਦੇ ਆਧਾਰ ’ਤੇ ਨਹੀਂ ਬਲਕਿ ਲਾਈਫ ਸਾਈਕਲ ਐਨਾਲਿਸਿਸ ਦੇ ਆਧਾਰ ’ਤੇ ਹੋਣਾ ਚਾਹੀਦਾ ਹੈ। ਯਾਨੀ ਬਾਲਣ ਦੇ ਉਤਪਾਦਨ ਤੋਂ ਲੈ ਕੇ ਉਸ ਦੇ ਆਖਰੀ ਉਪਯੋਗ ਤੱਕ ਪੂਰੇ ਜੀਵਨ ਚੱਕਰ ’ਚ ਹੋਣ ਵਾਲੇ ਕਾਰਬਨ ਨਿਕਾਸ ਦੀ ਤੁਲਨਾ ਕਰ ਕੇ ਹੀ ਉਸ ਦੇ ਅਸਲ ਵਾਤਾਵਰਣੀ ਪ੍ਰਭਾਵ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 362 | Website: www.preetnama.com Email preetnamausa@gmail.com | 10 JULY TO 16 JULY, 2026


# A special screening of the film 'Satluj' was held at Smokey Park in Richmond Hill, New York

The event saw a large turnout from the local community, including children, elders, youth, and women, who watched the film with great interest and affection. The movie, which is based on the history of Punjab and has been banned in India, offered the younger generation and youth an opportunity to learn about their history.“Representatives from various Gurdwara management committees and political and social organizations also attended the screening. To support the attendees, the organizers provided refreshments and tea. At the conclusion of the event, the audience expressed their enthusiasm for the film, praised the efforts of the organizers, and highlighted the importance of showcasing such films to bring the truth to the public, especially given the ban by the government in India.


















# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 362 | Website: www.preetnama.com Email preetnamausa@gmail.com | 17 JULY TO 23 JULY, 2026


# ਅਮਰੀਕਾ ’ਚ ਲਾਰੈਂਸ ਬਿਸ਼ਨੋਈ ’ਤੇ ਕੇਸ: ਕੀ ਭਾਰਤ ਆਪਣੀ ਜੇਲ੍ਹ ’ਚ ਕੈਦ ਮੁਲਜ਼ਮਾਂ ਨੂੰ ਅਮਰੀਕਾ ਦੇ ਸਪੁਰਦ ਕਰ ਸਕਦਾ ਹੈ

ਅਮਰੀਕਾ ਨੇ ਬਿਸ਼ਨੋਈ ਗੈਂਗ ਸਣੇ ਤਿੰਨ ਗਰੁੱਪਾਂ ਉਪਰ ਵੱਡਾ ਐਕਸ਼ਨ ਕੀਤਾ ਹੈ। ਅਮਰੀਕੀ ਜਾਂਚ ਏਜੰਸੀਆਂ ਵੱਲੋਂ ਇਨ੍ਹਾਂ ਗਰੁੱਪਾਂ ਦੇ 24 ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਕਾਰਵਾਈ ਅੰਤਰਰਾਸ਼ਟਰੀ ਸੰਗਠਿਤ ਅਪਰਾਧ, ਨਸ਼ਾ ਤਸਕਰੀ, ਜਬਰੀ ਵਸੂਲੀ, ਕਤਲਾਂ ਅਤੇ ਹਰਦੀਪ ਸਿੰਘ ਨਿੱਝਰ ਦੇ ਕਤਲ ਸਮੇਤ ਕਈ ਮਾਮਲਿਆਂ ਨਾਲ ਸਬੰਧਤ ਜਾਂਚ ਦੇ ਤਹਿਤ ਕੀਤੀ ਗਈ ਹੈ। ਅਮਰੀਕਾ ਦੇ ਸਰਕਾਰੀ ਵਕੀਲਾਂ ਨੇ ਬਿਸ਼ਨੋਈ ਗੈਂਗ ਸਣੇ ਭਾਰਤ ਅਧਾਰਿਤ ਤਿੰਨ ਸੰਗਠਿਤ ਅਪਰਾਧਿਕ ਗਿਰੋਹਾਂ ਨਾਲ ਕਥਿਤ ਸਬੰਧਾਂ ਦੇ ਇਲਜ਼ਾਮ ਵਿੱਚ ਅਮਰੀਕਾ, ਕੈਨੇਡਾ ਅਤੇ ਯੂਰਪ ਵਿੱਚੋਂ ਇਨ੍ਹਾਂ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰਨ ਬਾਰੇ ਦੱਸਿਆ ਹੈ। ਇਸ ਬਾਰੇ ਅਮਰੀਕਾ ਦੇ ਕੈਲਫੋਰਨੀਆ ਦੇ ਅਟਾਰਨੀ ਆਫਿਸ ਵੱਲੋਂ ਜਾਣਕਾਰੀ ਦਿੱਤੀ ਗਈ ਹੈ। ਹਾਲਾਂਕਿ ਅਮਰੀਕਾ ਦੀ ਇਸ ਕਾਰਵਾਈ ਤੋਂ ਬਾਅਦ ਕੁਝ ਸਵਾਲਾਂ ਨੂੰ ਲੈ ਕੇ ਸੋਸ਼ਲ ਮੀਡੀਆ ਉੱਤੇ ਕਾਫੀ ਚਰਚਾ ਹੋ ਰਹੀ ਹੈ। ਜਿਵੇਂ ਕਿ, ਕੀ ਭਾਰਤ ਦੀਆਂ ਜੇਲ੍ਹਾਂ ਵਿੱਚ ਬੰਦ ਕਿਸੇ ਅਪਰਾਧੀ ਨੂੰ ਅਮਰੀਕਾ ਦੇ ਸਪੁਰਦ ਕੀਤਾ ਜਾ ਸਕਦਾ ਹੈ ?, ਜੇ ਹਰਦੀਪ ਸਿੰਘ ਨਿੱਝਰ ਦਾ ਕਤਲ ਕੈਨੇਡਾ ਵਿੱਚ ਹੋਇਆ ਹੈ ਤਾਂ ਅਮਰੀਕੀ ਅਦਾਲਤਾਂ ਇਸ ਵਿੱਚ ਕਿਵੇਂ ਕਾਰਵਾਈ ਕਰ ਸਕਦੀਆਂ ਹਨ ਅਤੇ ਕੀ ਇਸ ਕਾਰਵਾਈ ਦਾ ਭਾਰਤ ਅਤੇ ਅਮਰੀਕਾ ਦੇ ਕੂਟਨੀਤਕ ਸਬੰਧਾਂ ਉਪਰ ਅਸਰ ਪੈ ਸਕਦਾ ਹੈ ? ਇਸ ਰਿਪੋਰਟ ਵਿੱਚ ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

**ਕੈਨੇਡਾ ’ਚ ਕਤਲ ਹੋਇਆ ਤਾਂ ਅਮਰੀਕਾ ’ਚ ਕੇਸ ਕਿਵੇਂ ਦਰਜ ਹੋ ਸਕਦਾ ?**

ਸੰਯੁਕਤ ਰਾਜ ਅਮਰੀਕਾ ਦੇ ਸੰਘੀ ਵਕੀਲਾਂ ਅਤੇ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫਬੀਆਈ) ਨੇ ਆਪਣੇ ’ਆਪ੍ਰੇਸ਼ਨ ਹਾਰਡਬਾਲ’ ਵਿੱਚ ਦੁਨੀਆਂ ਭਰ ਵਿੱਚ ਅਪਰਾਧ ਫੈਲਾਉਣ ਦੇ ਮੁਲਜ਼ਮਾਂ ਖਿਲਾਫ਼ ਤਿੰਨ ਦੋਸ਼ ਪੱਤਰ (ਚਾਰਜਸ਼ੀਟ) ਪੇਸ਼ ਕੀਤੇ ਹਨ। ਇਹ ਆਪਰੇਸ਼ਨ ਅਮਰੀਕਾ, ਕੈਨੇਡਾ ਅਤੇ ਯੂਰਪ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਇੱਕ ਵੱਡੀ ਸਾਂਝੀ ਕਾਰਵਾਈ ਹੈ। ਇਸ ਦੋਸ਼ ਪੱਤਰ ਵਿੱਚ ਖਾਲਿਸਤਾਨੀ ਹਮਾਇਤੀ ਦਾ ਕਤਲ ਵੀ ਸ਼ਾਮਲ ਹੈ ਜਿਸ ਦੀ ਪਛਾਣ ਅਦਾਲਤੀ ਦਸਤਾਵੇਜ਼ਾਂ ਵਿੱਚ ਹਰਦੀਪ ਸਿੰਘ ਨਿੱਝਰ ਵਜੋਂ ਕੀਤੀ ਗਈ ਹੈ। ਜੋ ਕੈਨੇਡਾ ਵਿੱਚ ਰਹਿ ਰਿਹਾ ਸੀ। ਇਸ ਕਤਲ ਕੇਸ ਵਿੱਚ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ’ਤੇ ਕਤਲ ਦਾ ਆਦੇਸ਼ ਦੇਣ ਦਾ ਇਲਜ਼ਾਮ ਹੈ। ਹਰਦੀਪ ਸਿੰਘ ਨਿੱਝਰ ਨੂੰ 18 ਜੂਨ, 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਗੁਰਦੁਆਰੇ ਤੋਂ ਬਾਹਰ ਨਿਕਲਦੇ ਸਮੇਂ ਦੋ ਬੰਦੂਕਧਾਰੀਆਂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ।

ਵਕੀਲਾਂ ਨੇ ਇਲਜ਼ਾਮ ਲਗਾਇਆ ਕਿ ਬਿਸ਼ਨੋਈ ਗੈਂਗ ਨੇ ਪ੍ਰਮੁੱਖ ਧਾਰਮਿਕ ਅਤੇ ਸਿਆਸੀ ਆਗੂਆਂ ਨੂੰ ਹਿੰਸਾ ਦਾ ਨਿਸ਼ਾਨਾ ਬਣਾਇਆ ਅਤੇ ਭਾਈਚਾਰੇ ਦੇ ਲੋਕਾਂ ਤੋਂ ਫ਼ ?ਰੌਤੀਆਂ ਮੰਗਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਇਲਜ਼ਾਮ ਲਗਾਇਆ ਕਿ ਬਿਸ਼ਨੋਈ, ਬਰਾੜ ਅਤੇ ਹੋਰ ਮੁਲਜ਼ਮਾਂ ਨੇ ਕੈਲੀਫੋਰਨੀਆ ਵਿੱਚ ਪੀੜਤਾਂ ਤੋਂ ਜਬਰਨ ਵਸੂਲੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਇੱਥੇ ਸਵਾਲ ਇਹ ਉੱਠਦਾ ਹੈ ਕਿ ਜੇ ਹਰਦੀਪ ਸਿੰਘ ਨਿੱਝਰ ਦਾ ਕਤਲ ਕੈਨੇਡਾ ਵਿੱਚ ਹੋਇਆ ਤਾਂ ਕੀ ਅਮਰੀਕੀ ਅਦਾਲਤਾਂ ਇਸ ਵਿੱਚ ਦਖਲ ਦੇ ਕੇ ਮੁਲਜ਼ਮਾਂ ਖਿਲਾਫ਼ ਕਾਰਵਾਈ ਕਰ ਸਕਦੀਆਂ ਹਨ ? ਇਸ ਦਾ ਜਵਾਬ ਹੈ ਹਾਂ। ਅਮਰੀਕੀ ਦੋਸ਼ ਪੱਤਰ ਮੁਤਾਬਕ ਇਹ ਕਥਿਤ ਅਪਰਾਧਿਕ ਗਿਰੋਹ ਅਮਰੀਕਾ ਵਿੱਚ ਜਬਰੀ ਵਸੂਲੀ, ਨਸ਼ਾ ਤਸਕਰੀ ਅਤੇ ਹੋਰ ਸੰਗਠਿਤ ਅਪਰਾਧਾਂ ਵਿੱਚ ਸ਼ਾਮਲ ਸੀ। ਇਸੇ ਲਈ, ਭਾਵੇਂ ਹਰਦੀਪ ਸਿੰਘ ਨਿੱਝਰ ਦਾ ਕਤਲ ਕੈਨੇਡਾ ਵਿੱਚ ਹੋਇਆ ਸੀ, ਪਰ ਅਮਰੀਕਾ ਦਾ ਕਹਿਣਾ ਹੈ ਕਿ ਇਹ ਕਥਿਤ ਅਪਰਾਧਿਕ ਗਿਰੋਹ ਦੀਆਂ ਗਤੀਵਿਧੀਆਂ ਦਾ ਹੀ ਇੱਕ ਹਿੱਸਾ ਸੀ, ਜਿਸ ਕਰਕੇ ਅਮਰੀਕੀ ਅਦਾਲਤਾਂ ਇਸ ਮਾਮਲੇ ਨੂੰ ਆਪਣੇ ਕੇਸ ਦਾ ਹਿੱਸਾ ਬਣਾ ਸਕਦੀਆਂ ਹਨ। ਅਮਰੀਕੀ ਕਾਨੂੰਨ ਮੁਤਾਬਕ ਇਹ ਜ਼ਰੂਰੀ ਨਹੀਂ ਕਿ ਅਪਰਾਧ ਅਮਰੀਕਾ ਦੇ ਅੰਦਰ ਹੀ ਹੋਇਆ ਹੋਵੇ।

ਜੇਕਰ ਕਿਸੇ ਅਪਰਾਧਿਕ ਗਿਰੋਹ ਦੀਆਂ ਗਤੀਵਿਧੀਆਂ ਦਾ ਸਿੱਧਾ ਅਸਰ ਜਾਂ ਤਾਰ ਅਮਰੀਕਾ ਨਾਲ ਜੁੜੇ ਹੋਣ, ਜਿਵੇਂ ਲਾਸ ਏਂਜਲਸ ਵਿੱਚ ਵਸੂਲੀ ਦੀ ਮੰਗ, ਅਮਰੀਕਾ-ਕੈਨੇਡਾ ਬਾਰਡਰ ’ਤੇ ਨਸ਼ਾ ਤਸਕਰੀ ਤਾਂ ਅਮਰੀਕੀ ਕਾਨੂੰਨ ਕੁਝ ਹਾਲਾਤਾਂ ਵਿੱਚ, ਜਦੋਂ ਅਪਰਾਧ ਦਾ ਮਹੱਤਵਪੂਰਨ ਤਾਰ ਅਮਰੀਕਾ ਨਾਲ ਜੁੜਦਾ ਹੋਵੇ, ਵਿਦੇਸ਼ ਵਿੱਚ ਹੋਈਆਂ ਕੁਝ ਕਾਰਵਾਈਆਂ ਨੂੰ ਵੀ ਮੁਕੱਦਮੇ ਦਾ ਹਿੱਸਾ ਬਣਾਉਣ ਦੀ ਇਜਾਜ਼ਤ ਦਿੰਦਾ ਹੈ।

**ਅਮਰੀਕਾ ਨੇ ਬਾਹਰ ਰਹਿੰਦੇ ਗੈਂਗ ਲੀਡਰਾਂ ਉਪਰ ਕਿਉਂ ਇਲਜ਼ਾਮ ਲਗਾਏ ?**

ਇਸ ਦੋਸ਼ ਪੱਤਰ ਵਿੱਚ ਮੁਲਜ਼ਮਾਂ ਉਪਰ ਧੋਖਾਧੜੀ ਦੀ ਸਾਜ਼ਿਸ਼ ਰਚਣ, ਹੌਬਸ ਐਕਟ ਰਾਹੀਂ ਜਬਰੀ ਵਸੂਲੀ ਦੀ ਕੋਸ਼ਿਸ਼ ਕਰਨ, ਨਿਯੰਤਰਿਤ ਪਦਾਰਥਾਂ ਨੂੰ ਵੰਡਣ ਅਤੇ ਵੰਡਣ ਦੇ ਇਰਾਦੇ ਨਾਲ ਰੱਖਣ ਦੀ ਸਾਜ਼ਿਸ਼ ਰਚਣ, ਕੋਕੀਨ ਵੰਡਣ, ਬਿਨਾਂ ਲਾਇਸੈਂਸ ਵਾਲੇ ਹਥਿਆਰਾਂ ਦੀ ਤਸਕਰੀ ਵਿੱਚ ਸ਼ਾਮਲ ਹੋਣ ਦੀ ਸਾਜ਼ਿਸ਼ ਰਚਣ ਅਤੇ ਮਸ਼ੀਨ ਗਨ ਰੱਖਣ ਦੇ ਇਲਜ਼ਾਮ ਹਨ। ਦੋਸ਼ ਪੱਤਰ ਮੁਤਾਬਕ ਇਨ੍ਹਾਂ ਮੁਲਜ਼ਮਾਂ ਵੱਲੋਂ ਅਮਰੀਕਾ ਦੀ ਧਰਤੀ ਉਪਰ ਅਪਰਾਧਿਕ ਗਤੀਵਿਧੀਆਂ ਚਲਾਈਆਂ ਗਈਆਂ ਹਨ ਅਤੇ ਇਨ੍ਹਾਂ ਗੈਂਗਾਂ ਦੇ ਮੈਂਬਰ ਵੱਡੀ ਗਿਣਤੀ ਵਿੱਚ ਅਮਰੀਕਾ ਵਿੱਚ ਹਨ। ਐੱਫਬੀਆਈ ਨੇ ਚਾਰਜਸ਼ੀਟ ਵਿੱਚ ਲਿਖਿਆ ਹੈ ਕਿ ਬਿਸ਼ਨੋਈ ਜੇਲ੍ਹ ਦੇ ਕਮਰੇ ਵਿੱਚੋਂ ਦੁਨੀਆਂ ਭਰ ਵਿੱਚ ਅਪਰਾਧਿਕ ਗਿਰੋਹਾਂ ਦੀ ਅਗਵਾਈ ਕਰਦਾ ਹੈ। ਜੇਲ੍ਹ ਵਿੱਚ ਉਹ ਤਸਕਰੀ ਕੀਤੇ ਗਏ ਗੈਰ-ਕਾਨੂੰਨੀ ਮੋਬਾਈਲ ਫੋਨ ਅਤੇ ਹੋਰ ਵੌਇਸ-ਓਵਰ-ਇੰਟਰਨੈਟ ਪ੍ਰੋਟੋਕੋਲ ਡਿਵਾਈਸਾਂ ਦੀ ਵਰਤੋਂ ਕਰਦਾ ਹੈ। ਅਮਰੀਕੀ ਸੰਘੀ ਵਕੀਲਾਂ ਨੇ ਇਨ੍ਹਾਂ ਮੁਲਜ਼ਮਾਂ ਨੂੰ ਸਿਰਫ਼ ਕੈਨੇਡਾ ਵਾਲੇ ਕਤਲ ਲਈ ਹੀ ਨਹੀਂ, ਬਲਕਿ ਅਮਰੀਕਾ ਵਿੱਚ ਕੀਤੇ ਗਏ ਗੰਭੀਰ ਅਪਰਾਧਾਂ ਲਈ ਵੀ ਨਾਮਜ਼ਦ ਕੀਤਾ ਹੈ। ਚਾਰਜਸ਼ੀਟ ਵਿੱਚ ਦੱਸਿਆ ਗਿਆ ਹੈ ਕਿ ਅਮਰੀਕਾ ਦੇ ਅਧਿਕਾਰ ਖੇਤਰ ਤੋਂ ਬਾਹਰ ਬੈਠੇ ਗੈਂਗਾਂ ਦੇ ਲੀਡਰਾਂ ਦੇ ਤਾਰ ਅਮਰੀਕਾ ਵਿੱਚ ਜੁੜੇ ਹਨ ਤੇ ਇਥੇ ਉਨ੍ਹਾਂ ਗਰੁੱਪਾਂ ਦੇ ਕਈ ਸਾਥੀ ਆਪਣੀਆਂ ਅਪਰਾਧਿਕ ਗਤੀਵਿਧੀਆਂ ਚਲਾਉਂਦੇ ਹਨ।

ਇਹੀ ਕਾਰਨ ਹੈ ਕਿ ਅਮਰੀਕਾ ਨੇ ਅੰਤਰਰਾਸ਼ਟਰੀ ਪੱਧਰ ਉਪਰ ਫੈਲੇ ਅਪਰਾਧ ਨੂੰ ਨੱਥ ਪਾਉਣ ਦੇ ਲਈ ਆਪਣੇ ਕੌਮਾਂਤਰੀ ਸਹਿਯੋਗੀ ਕਾਨੂੰਨ ਏਜੰਸੀਆਂ ਨਾਲ ਮਿਲ ਕੇ ਇਹ ਕਾਰਵਾਈ ਕੀਤੀ ਹੈ। ਯੂਨਾਈਟਿਡ ਸਟੇਟ ਅਟਾਰਨੀ ਦਫਤਰ ਦੀ ਵੈੱਬਸਾਈਟ ਮੁਤਾਬਕ ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ ਕਮਿਸ਼ਨਰ ਮਾਈਕ ਡੂਹੇਮ ਨੇ ਕਿਹਾ, ਅੰਤਰਰਾਸ਼ਟਰੀ ਅਪਰਾਧ ਦਾ ਮੁਕਾਬਲਾ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਇਹ ਹੈ ਕਿ ਕਈ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਪਰਾਧੀਆਂ ਨੂੰ ਉਨ੍ਹਾਂ ਦੇ ਸੰਚਾਲਨ ਟਿਕਾਣਿਆਂ ’ਤੇ ਨਿਸ਼ਾਨਾ ਬਣਾਉਣ ਲਈ ਇਕੱਠੇ ਕੰਮ ਕਰਨ।

ਅਸੀਂ ਸਮੂਹਿਕ ਤੌਰ ’ਤੇ ਸੰਗਠਿਤ ਅਪਰਾਧੀਆਂ ਦੀਆਂ ਗਤੀਵਿਧੀਆਂ ਨੂੰ ਨਾਕਾਮ ਕਰ ਦਿੱਤਾ ਹੈ, ਜਿਨ੍ਹਾਂ ਨੇ ਕੈਨੇਡਾ ਅਤੇ ਸੰਯੁਕਤ ਰਾਜ ਅਮਰੀਕਾ ਦੋਵਾਂ ਵਿੱਚ ਲੋਕਾਂ ਤੋਂ ਜ਼ਬਰਦਸਤੀ ਵਸੂਲੀ ਅਤੇ ਨਿਯੰਤਰਣ ਕਰਨ ਲਈ ਕਤਲ, ਬੇਰਹਿਮੀ ਅਤੇ ਡਰਾਉਣ-ਧਮਕਾਉਣ ਦੀ ਵਰਤੋਂ ਕੀਤੀ। ਅਸੀਂ ਕੈਨੇਡਾ, ਸੰਯੁਕਤ ਰਾਜ ਅਮਰੀਕਾ ਅਤੇ ਦੁਨੀਆ ਭਰ ਵਿੱਚ ਜਨਤਕ ਸੁਰੱਖਿਆ ਬਣਾਈ ਰੱਖਣ ਲਈ ਆਪਣੀ ਪੂਰੀ ਕੋਸ਼ਿਸ਼ ਕਰਦੇ ਰਹਾਂਗੇ।

**ਭਾਰਤ-ਅਮਰੀਕਾ ਦੇ ਰਣਨੀਤਕ ਸਬੰਧਾਂ ’ਤੇ ਇਸ ਦਾ ਕੀ ਅਸਰ ਪਵੇਗਾ ?**

ਇਸ ਸਵਾਲ ਸਬੰਧੀ ਬੀਬੀਸੀ ਸਹਿਯੋਗੀ ਰਵਿੰਦਰ ਸਿੰਘ ਰੌਬਿਨ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇੰਟਰਨੈਸ਼ਨਲ ਰਿਲੇਸ਼ਨ ਡਿਪਾਰਟਮੈਂਟ ਦੇ ਮੁਖੀ ਡਾ. ਰਾਜੇਸ਼ ਕੁਮਾਰ ਨਾਲ ਖਾਸ ਗੱਲਬਾਤ ਕੀਤੀ।



## ਕੀ ਭਾਰਤੀ ਜੇਲ੍ਹਾਂ ’ਚ ਬੰਦ ਅਪਰਾਧੀ ਨੂੰ ਅਮਰੀਕਾ ਦੇ ਸਪੁਰਦ ਕੀਤਾ ਜਾ ਸਕਦਾ ਹੈ ?

ਜਨਤਕ ਕੀਤੀਆਂ ਗਈਆਂ ਤਿੰਨ ਚਾਰਜਸ਼ੀਟਾਂ ਵਿੱਚ 37 ਮੁਲਜ਼ਮਾਂ ’ਤੇ ਇਲਜ਼ਾਮ ਲਗਾਏ ਗਏ ਹਨ। ਇਨ੍ਹਾਂ ਵਿੱਚੋਂ ਦੋ ਮੁਲਜ਼ਮ ਅਜਿਹੇ ਹਨ ਜਿਨ੍ਹਾਂ ਉੱਤੇ ਭਾਰਤ ਦੀਆਂ ਜੇਲ੍ਹਾਂ ਵਿੱਚ ਬੰਦ ਹੋਣ ਦੇ ਬਾਵਜੂਦ ਆਪਣੇ ਗਲੋਬਲ ਅਪਰਾਧਿਕ ਗਿਰੋਹ ਚਲਾਉਣ ਦੇ ਇਲਜ਼ਾਮ ਹਨ। ਅਮਰੀਕੀ ਦੋਸ਼ ਪੱਤਰ ਵਿੱਚ ਭਾਰਤ ਦੇ ਪੰਜਾਬ ਨਾਲ ਸਬੰਧਤ ਲਾਰੈਂਸ ਬਿਸ਼ਨੋਈ ਅਤੇ ਸਤਿੰਦਰਜੀਤ ਉਰਫ਼ ਗੋਲਡੀ ਬਰਾੜ ’ਤੇ ਨਿੱਝਰ ਦੇ ਕਤਲ ਦਾ ਹੁਕਮ ਦੇਣ ਦੇ ਇਲਜ਼ਾਮ ਲਗਾਏ ਹਨ। ਲਾਰੈਂਸ ਬਿਸ਼ਨੋਈ ਇਸ ਸਮੇਂ ਗੁਜਰਾਤ ਦੇ ਅਹਿਮਦਾਬਾਦ ਦੀ ਸਾਬਰਮਤੀ ਜੇਲ੍ਹ ’ਚ ਬੰਦ ਹੈ। 25 ਜੂਨ ਨੂੰ ਆਏ ਫੈਡਰਲ ਗ੍ਰੈਂਡ ਜਿਊਰੀ ਦੇ ਸੱਤ ਪੜਾਵੀ ਦੋਸ਼ ਪੱਤਰ ਵਿੱਚ 17 ਮੁਲਜ਼ਮਾਂ ’ਤੇ ਇੱਕ ਅਪਰਾਧਿਕ ਗਰੋਹ ਚਲਾਉਣ ਦੇ ਇਲਜ਼ਾਮ ਲਗਾਏ ਗਏ ਹਨ ਜੋ ਅਮਰੀਕਾ, ਕੈਨੇਡਾ ਸਮੇਤ ਦੁਨੀਆਂ ਭਰ ਵਿੱਚ ਸੁਪਾਰੀ ਦੇ ਕੇ ਕਤਲ ਕਰਵਾਉਣ, ਨਸ਼ਾ ਤਸਕਰੀ, ਅਗਵਾ, ਫ਼ ?ਰੌਤੀ, ਹਥਿਆਰਾਂ ਦੀ ਤਸਕਰੀ ਅਤੇ ਹੋਰ ਅਪਰਾਧਾਂ ਵਿੱਚ ਕਥਿਤ ਤੌਰ ਉੱਤੇ ਸ਼ਾਮਲ ਹਨ। ਅਮਰੀਕੀ ਦੋਸ਼ ਪੱਤਰਾਂ ਵਿੱਚ ਜਿਨ੍ਹਾਂ ਮੁਲਜ਼ਮਾਂ ਦੇ ਨਾਮ ਅੰਤਰਰਾਸ਼ਟਰੀ ਸੰਗਠਿਤ ਅਪਰਾਧ, ਨਸ਼ਾ ਤਸਕਰੀ, ਜਬਰੀ ਵਸੂਲੀ, ਕਤਲਾਂ ਅਤੇ ਹਰਦੀਪ ਸਿੰਘ ਨਿੱਝਰ ਦੇ ਕਤਲ ਸਮੇਤ ਕਈ ਮਾਮਲਿਆਂ ਵਿੱਚ ਦਰਜ ਹਨ, ਉਨ੍ਹਾਂ ਵਿੱਚ ਦੋ ਵੱਡੇ ਨਾਮ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਦੇ ਹਨ ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਭਾਰਤ ਦੀਆਂ ਜੇਲ੍ਹਾਂ ਵਿੱਚ ਬੰਦ ਅਪਰਾਧੀਆਂ ਨੂੰ ਅਮਰੀਕਾ ਦੇ ਸਪੁਰਦ ਕੀਤਾ ਜਾ ਸਕਦਾ ਹੈ ? ਇਸ ਦਾ ਜਵਾਬ ਹੈ ਹਾਂ, ਪਰ ਇਸ ਦੀ ਪ੍ਰਕਿਰਿਆ ਲੰਬੀ ਤੇ ਗੁੰਝਲਦਾਰ ਹੋ ਸਕਦੀ ਹੈ। ਸਾਲ 1997 ਵਿੱਚ ਭਾਰਤ ਅਤੇ ਅਮਰੀਕਾ ਵਿਚਾਲੇ ਹਵਾਲਗੀ ਸੰਧੀ ਹੋਈ ਸੀ। ਭਾਰਤੀ ਅੰਬੈਂਸੀ ਦੀ ਵੈੱਬਸਾਈਟ ਮੁਤਾਬਕ ਇਸ ਸੰਧੀ ਤਹਿਤ ਵਿਅਕਤੀ ਉਪਰ ਜਿਸ ਜੁਰਮ ਦਾ ਇਲਜ਼ਾਮ ਲਗਾਇਆ ਗਿਆ ਹੈ, ਉਹ ਅਮਰੀਕਾ ਅਤੇ ਭਾਰਤ ਦੋਵਾਂ ਦੇਸ਼ਾਂ ਦੇ ਕਾਨੂੰਨ ਮੁਤਾਬਕ ਅਪਰਾਧ ਹੋਣਾ ਚਾਹੀਦਾ ਹੈ ਅਤੇ ਉਸ ਵਿੱਚ ਘੱਟੋ-ਘੱਟ 1 ਸਾਲ ਦੀ ਸਜ਼ਾ ਹੋਣੀ ਚਾਹੀਦੀ ਹੈ। ਹਵਾਲਗੀ ਦੀ ਬੇਨਤੀ ਰਸਮੀ ਤੌਰ ’ਤੇ ਕੂਟਨੀਤਕ ਚੈਨਲ ਰਾਹੀਂ ਭੇਜੀ ਜਾਂਦੀ ਹੈ। ਇਸ ਸਮਝੌਤੇ ਤਹਿਤ ਜੇ ਕਿਸੇ ਮੁਲਜ਼ਮ ਦੀ ਹਵਾਲਗੀ ਲੈਣੀ ਹੈ ਤਾਂ ਉਸ ਦੇ ਕੁਝ ਨਿਯਮ ਹਨ। ਇਸ ਵਿੱਚ ਆਮ ਤੌਰ ’ਤੇ ਚਾਰਜਿੰਗ ਦਸਤਾਵੇਜ਼, ਗ੍ਰਿਫ਼ਤਾਰੀ ਵਾਰੰਟ, ਅਪਰਾਧ ਦੇ ਤੱਥਾਂ ਦੀ ਪੂਰੀ ਜਾਣਕਾਰੀ, ਸੰਬੰਧਿਤ ਕਾਨੂੰਨ, ਉਸ ਅਪਰਾਧ ਨਾਲ ਸਬੰਧਤ ਕਾਨੂੰਨ ਦੀਆਂ ਧਾਰਾਵਾਂ ਅਤੇ ਉਸ ਵਿੱਚ ਮਿਲਣ ਵਾਲੀ ਸਜ਼ਾ ਦਾ ਵੇਰਵਾ, ਅਜਿਹੇ ਸਬੂਤ ਜਾਂ ਜਾਣਕਾਰੀ ਜੋ ਉਸ ਵਿਅਕਤੀ ਉਪਰ ਮੁਕੱਦਮਾ ਚਲਾਉਣ ਨੂੰ ਜਾਇਜ਼ ਠਹਿਰਾਉਂਦੀ ਹੋਵੇ। ਜੇਕਰ ਉਸ ਵਿਅਕਤੀ ਨੂੰ ਅਦਾਲਤ ਵੱਲੋਂ ਪਹਿਲਾਂ ਹੀ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ ਤਾਂ ਹਵਾਲਗੀ ਦੀ ਬੇਨਤੀ ਦੇ ਨਾਲ ਸਜ਼ਾ ਦੇ ਫੈਸਲੇ ਦੀ ਕਾਪੀ ਜਾਂ ਕਿਸੇ ਨਿਆਂਇਕ ਅਧਿਕਾਰੀ ਦਾ ਬਿਆਨ ਨਾਲ ਲਗਾਉਣਾ ਪਵੇਗਾ ਕਿ ਉਸ ਵਿਅਕਤੀ ਨੂੰ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਅਪਰਾਧਿਕ ਮਾਮਲਿਆਂ ਦੇ ਜਾਣਕਾਰ ਐਡਵੋਕੇਟ ਨਿਖਿਲ ਸਰਾਫ ਨੇ ਇਸ ਮਾਮਲੇ ਸਬੰਧੀ ਬੀਬੀਸੀ ਪੰਜਾਬੀ ਨਾਲ ਖਾਸ ਗੱਲਬਾਤ ਕੀਤੀ ਹੈ। ਭਾਰਤ ਵਿੱਚ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਅਮਰੀਕਾ ਦੇ ਸਪੁਰਦ ਕਰਨ ਦੇ ਸਵਾਲ ਬਾਰੇ ਨਿਖਿਲ ਸਰਾਫ ਕਹਿੰਦੇ ਹਨ, ÷ਇਨ੍ਹਾਂ ਵਿਚਾਲੇ ਹਵਾਲਗੀ ਸੰਧੀ ਹੈ। ਅਮਰੀਕਾ ਹਵਾਲਗੀ ਲਈ ਭਾਰਤ ਕੋਲ ਰਸਮੀ ਬੇਨਤੀ ਕਰ ਸਕਦਾ ਹੈ, ਜਿਸ ਉੱਤੇ ਭਾਰਤੀ ਅਦਾਲਤਾਂ ਅਤੇ ਸਰਕਾਰ ਕਾਨੂੰਨ ਮੁਤਾਬਕ ਕਾਰਵਾਈ ਕਰਦੀਆਂ ਹਨ। ਉਹ ਅੱਗੇ ਕਹਿੰਦੇ ਹਨ, ÷ਇਸ ਪ੍ਰਕਿਰਿਆ ਨੂੰ ਬਹੁਤ ਸਮਾਂ ਲੱਗਦਾ ਹੈ। ਪਰ ਇਹ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਇਧਰ ਸਰਕਾਰ ਇਸ ਮਾਮਲੇ ਨੂੰ ਕਿਵੇਂ ਅੱਗੇ ਵਧਾਉਣਾ ਚਾਹੁੰਦੀ ਹੈ। ਜੇ ਸਰਕਾਰ ਉਨ੍ਹਾਂ ਨੂੰ ਸੌਂਪਣਾ ਚਾਹੁੰਦੀ ਹੈ ਤਾਂ ਉਹ ਇਸ ਪ੍ਰਕਿਰਿਆ ਨੂੰ ਤੇਜ਼ ਵੀ ਕਰ ਸਕਦੇ ਹਨ, ਇਹ ਸਰਕਾਰ ਉਪਰ ਨਿਰਭਰ ਹੈ। ਪਰ ਜੇ ਸਰਕਾਰ ਉਨ੍ਹਾਂ ਨੂੰ ਸੌਂਪਣਾ ਨਹੀਂ ਚਾਹੁੰਦੀ ਤਾਂ ਅਜਿਹੇ ਕੇਸ ਸਾਲਾਂ ਤੱਕ ਚੱਲਦੇ ਰਹਿੰਦੇ ਹਨ। ਤਾਂ ਸਾਫ ਜਿਹੀ ਗੱਲ ਇਹ ਹੈ ਕਿ ਹਵਾਲਗੀ ਜਲਦੀ ਹੋਣ ਵਾਲੀ ਚੀਜ਼ ਨਹੀਂ ਹੈ।÷

# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama

www.preetnama.com
+1 (201) 312-4180





PRITPAL KAUR
Editor-In-Chief
+1 201-312-4180
+1 917-328-8436



ADVISORY BOARD

Joga Singh
******************************
Jaswinder Singh New Jersey
******************************
Mindi Manak
NewYork
******************************
Jagjit Singh Dasuya
******************************
Gurmeet Singh Dhalwan
Chicago
******************************
G. S Singh Punjab
******************************
Sujan Nag, USA
******************************
Dr. Jagdeep Dhimaan, India
*****************
Sarabjit Kaur Punjab
*********************
Sukhmandar Brar
(Bhagata Bhaika) Vancouver,

******************************
Sunil Kumar Gund
(Journalist) India
******************************
Raj Rani
Video editor
******************************
Jagmeet Kaur
97817-41631
******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।



**Preetnamausa@gmail.com**
**www.preetnama.com**


# ਖ਼ੂਨੀ ਇਤਿਹਾਸ ਦਾ ਗਵਾਹ ਸ਼ਾਂਤ ਵਗਦਾ ਸਤਲੁਜ

ਪੰਜਾਬ 'ਚ ਲੰਮੇ ਸਮੇਂ ਤੱਕ ਚੱਲੇ ਖ਼ੂਨੀ ਸੰਘਰਸ਼, ਜਿਸ ਵਿੱਚ ਤੀਹ ਹਜ਼ਾਰ ਤੋਂ ਵੱਧ ਲੋਕਾਂ ਦੀਆਂ ਜਾਨਾਂ ਗਈਆਂ, ਤੋਂ ਬਾਅਦ ਸਮੁੱਚੇ ਤੌਰ 'ਤੇ ਸੂਬੇ ਵਿੱਚ ਮੁੜ ਆਮ ਵਰਗੇ ਹਾਲਾਤ ਬਹਾਲ ਹੋਣੇ ਮੰਨ ਲਏ ਗਏ। ਇਸ ਸਾਰੇ ਸਮੇਂ ਦੌਰਾਨ ਦਰਿਆ ਸਤਲੁਜ ਨੇ ਆਪਣੀ ਸਦੀਵੀ ਯਾਤਰਾ ਨਿਰੰਤਰ ਜਾਰੀ ਰੱਖੀ। ਸਦੀਆਂ ਦੇ ਸਫ਼ਰ ਦੌਰਾਨ ਥੋੜ੍ਹਾ-ਬਹੁਤਾ ਹੀ ਆਪਣਾ ਰੁਖ਼ ਬਦਲਦਿਆਂ ਉਹ ਉਸੇ ਤਰ੍ਹਾਂ ਖ਼ਾਮੋਸ਼ੀ ਨਾਲ ਵਗਦਾ ਰਿਹਾ ਜਿਵੇਂ ਸੱਭਿਅਤਾ ਦੇ ਆਗਾਜ਼ ਤੋਂ ਵਗਦਾ ਆ ਰਿਹਾ ਹੈ।

ਇਸ ਧਰਤੀ ਨੂੰ ਪੰਜਾਬ ਕਹੇ ਜਾਣ ਤੋਂ ਬਹੁਤ ਪਹਿਲਾਂ ਅਤੇ ਭਾਰਤ ਦੇ ਇੱਕ ਨੇਸ਼ਨ-ਸਟੇਟ ਵਜੋਂ ਹੋਂਦ ਵਿੱਚ ਆਉਣ ਤੋਂ ਵੀ ਬਹੁਤ ਪਹਿਲਾਂ ਸਤਲੁਜ ਨੇ ਹਮਲਿਆਂ, ਜੰਗਾਂ, ਪਰਵਾਸ ਅਤੇ ਵਿਰੋਧ ਦੇ ਅਣਗਿਣਤ ਦੌਰ ਆਪਣੀਆਂ ਅੱਖਾਂ ਸਾਹਮਣੇ ਲੰਘਦੇ ਵੇਖੇ ਹਨ। ਇਤਿਹਾਸ ਦੇ ਇੱਕ ਮੂਕ ਗਵਾਹ ਵਜੋਂ ਇਹ ਦਰਿਆ ਸਿਰਫ਼ ਨਿਰੰਤਰਤਾ ਦਾ ਹੀ ਨਹੀਂ ਸਗੋਂ ਵਾਰ-ਵਾਰ ਹੋਣ ਵਾਲੀ ਉਥਲ-ਪੁਥਲ ਦਾ ਵੀ ਪ੍ਰਤੀਕ ਬਣ ਗਿਆ ਹੈ, ਜਿਨ੍ਹਾਂ ਨੇ ਇਸ ਧਰਤੀ ਦੀ ਹੋਣੀ ਨੂੰ ਵਾਰ-ਵਾਰ ਨਵਾਂ ਰੂਪ ਦਿੱਤਾ। ਇਨ੍ਹਾਂ ਅਰਥਾਂ ਵਿੱਚ ਸਤਲੁਜ ਮਹਿਜ਼ ਇੱਕ ਦਰਿਆ ਦਾ ਨਾਂ ਨਹੀਂ ਰਿਹਾ ਸਗੋਂ ਪੰਜਾਬ ਦੇ ਇਤਿਹਾਸ ਵਿੱਚ ਮੁੜ-ਮੁੜ ਉੱਭਰਦੇ ਸੰਕਟਾਂ, ਸੰਘਰਸ਼ਾਂ ਅਤੇ ਉਨ੍ਹਾਂ ਵਿੱਚੋਂ ਜਨਮੀ ਦਾਸਤਾਨ ਦਾ ਸ਼ਕਤੀਸ਼ਾਲੀ ਰੂਪਕ ਬਣ ਚੁੱਕਾ ਹੈ।ਪਿਛਲੇ ਤਕਰੀਬਨ ਇੱਕ ਹਫ਼ਤੇ ਤੋਂ 'ਸਤਲੁਜ' ਮੁੜ ਸੁਰਖ਼ੀਆਂ ਦਾ ਕੇਂਦਰ ਬਣਿਆ ਹੋਇਆ ਹੈ। ਇਸੇ ਨਾਂ ਹੇਠ ਰਿਲੀਜ਼ ਹੋਈ ਫਿਲਮ ਨੂੰ ਰਾਸ਼ਟਰੀ ਸੁਰੱਖਿਆ ਲਈ ਸੰਭਾਵੀ ਖ਼ਤਰੇ ਵਜੋਂ ਦੇਖਿਆ ਜਾ ਰਿਹਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਹ ਇਤਿਹਾਸਕ ਤੌਰ 'ਤੇ ਸੰਵੇਦਨਸ਼ੀਲ ਰਹੇ ਇਸ ਖਿੱਤੇ ਵਿੱਚ ਇੱਕ ਨਵਾਂ ਸਮਾਜਿਕ-ਸਿਆਸੀ ਭੂਚਾਲ ਲਿਆ ਸਕਦੀ ਹੈ। ਇਸ ਸੰਵੇਦਨਸ਼ੀਲਤਾ ਦੀਆਂ ਜੜ੍ਹਾਂ ਪੰਜਾਬ ਦੀ ਭੂਗੋਲਿਕ ਸਥਿਤੀ ਅਤੇ ਇਸ ਦੇ ਵਿਲੱਖਣ ਧਾਰਮਿਕ-ਸੱਭਿਆਚਾਰਕ ਤਾਣੇ-ਬਾਣੇ ਵਿੱਚ ਹਨ, ਜਿਨ੍ਹਾਂ ਨੇ ਹਮੇਸ਼ਾ ਪੰਜਾਬ ਦੀ ਸਿਆਸਤ ਨੂੰ ਦੇਸ਼ ਦੇ ਹੋਰਨਾਂ ਸੂਬਿਆਂ ਤੋਂ ਵੱਖਰੀ ਪਛਾਣ ਦਿੱਤੀ ਹੈ। ਇਹ ਫਿਲਮ ਤਿੰਨ ਸਾਲ ਪਹਿਲਾਂ ਪਹਿਲੀ ਵਾਰ 'ਪੰਜਾਬ 95' ਦੇ ਸਿਰਲੇਖ ਹੇਠ ਸਾਹਮਣੇ ਆਈ ਸੀ। ਇਸ ਤੋਂ ਪਹਿਲਾਂ ਇਸ ਦਾ ਅਸਲ ਨਾਂ 'ਘੱਲੂਘਾਰਾ' ਸੀ। ਸੈਂਸਰ ਬੋਰਡ ਨੇ ਇਸ ਨੂੰ ਪ੍ਰਦਰਸ਼ਨ ਦੀ ਮਨਜ਼ੂਰੀ ਦੇਣ ਤੋਂ ਪਹਿਲਾਂ ਇਸ ਵਿੱਚ ਸਵਾ ਸੌ ਤੋਂ ਵੱਧ ਕੱਟ ਲਗਾਉਣ ਦੀ ਸਿਫ਼ਾਰਿਸ਼ ਕੀਤੀ ਸੀ। ਫਿਲਮ ਦੇ ਨਿਰਦੇਸ਼ਕ ਹਨੀ ਤ੍ਰੇਹਨ ਲਈ ਨਾ ਤਾਂ ਇਹ ਧਰਤੀ ਬੇਗਾਨੀ ਹੈ ਅਤੇ ਨਾ ਹੀ ਉਸ ਦੌਰ ਦਾ ਸਮਾਜਿਕ-ਸਿਆਸੀ ਮਾਹੌਲ ਕਿਉਂਕਿ ਉਸ ਦੀਆਂ ਜੜ੍ਹਾਂ ਇਸੇ ਮਿੱਟੀ 'ਚ ਹਨ। ਉਸ ਨੇ ਇਸ ਫਿਲਮ ਨੂੰ 1978 ਤੋਂ 1995 ਤੱਕ ਦੇ ਲੰਮੇ ਘਟਨਾਕ੍ਰਮ ਦੀ ਇੱਕ ਕੜੀ ਵਜੋਂ ਪੇਸ਼ ਕੀਤਾ ਹੈ।

ਇਹ ਫਿਲਮ ਉਸ ਹਥਿਆਰਬੰਦ ਸੰਘਰਸ਼ ਦੀ ਕਹਾਣੀ ਨਹੀਂ, ਜਿਸ ਦਾ ਸਭ ਤੋਂ ਪ੍ਰਮੁੱਖ ਚਿਹਰਾ ਜਰਨੈਲ ਸਿੰਘ ਭਿੰਡਰਾਂਵਾਲਾ ਰਿਹਾ ਹੈ। ਇਹ ਫਿਲਮ ਸਿਰਫ਼ ਇੱਕ ਅਧਿਆਇ ਨਾਲ ਸਬੰਧਿਤ ਹੈ, ਜਿਸ ਦਾ ਨਾਂ ਜਸਵੰਤ ਸਿੰਘ ਖਾਲੜਾ ਹੈ। ਉਸ ਨੇ ਪੁਲੀਸ ਦੁਆਰਾ ਲਾਸ਼ਾਂ ਦਾ ਅਣਪਛਾਤੀਆਂ ਕਹਿ ਕੇ ਸਸਕਾਰ ਕੀਤੇ ਜਾਣ ਦੀ ਗੱਲ ਕੀਤੀ ਪਰ ਉਸ ਦੀ ਆਪਣੀ ਦੇਹ ਨੂੰ ਵੀ ਸਸਕਾਰ ਨਸੀਬ ਨਹੀਂ ਹੋਇਆ ਅਤੇ ਸਤਲੁਜ ਉਸ ਦਾ ਗਵਾਹ ਬਣ ਗਿਆ।

ਉਸ ਦੌਰ ਦੀ ਕਿਸੇ ਵੀ ਹੋਰ ਘਟਨਾ ਉੱਤੇ ਵੱਖਰੀ ਫਿਲਮ ਬਣਾਈ ਜਾ ਸਕਦੀ ਹੈ। ਮਿਸਾਲ ਵਜੋਂ 5 ਅਕਤੂਬਰ 1983 ਦੀ ਰਾਤ ਢਿੱਲਵਾਂ ਨੇੜੇ ਇੱਕ ਬੱਸ ਵਿੱਚੋਂ ਛੇ ਹਿੰਦੂ ਯਾਤਰੀਆਂ ਨੂੰ ਉਤਾਰ ਕੇ ਕੀਤੀ ਗਈ ਪਹਿਲੀ ਹੱਤਿਆ ਦੀ ਘਟਨਾ ਉੱਤੇ ਫਿਲਮ ਕਿਉਂ ਨਹੀਂ ਬਣਦੀ? ਇਸ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਕਾਰਵਾਈ ਵਿੱਚ ਸ਼ਾਮਿਲ ਸਮੂਹ ਦਾ ਇੱਕ ਮੈਂਬਰ ਕੁਝ ਸਾਲ ਪਹਿਲਾਂ ਤੱਕ ਅੰਮ੍ਰਿਤਸਰ ਦੇ ਲੋਪੋਕੇ ਖੇਤਰ ਵਿੱਚ ਪਾਕਿਸਤਾਨ ਸਰਹੱਦ ਨੇੜਲੇ ਆਪਣੇ ਪਿੰਡ ਕੱਕੜ ਵਿੱਚ ਗੁੰਮਨਾਮ ਜ਼ਿੰਦਗੀ ਬਿਤਾਉਂਦਾ ਰਿਹਾ। ਇਸ ਲੇਖਕ ਦੇ ਉਸ ਨੂੰ ਮਿਲ ਕੇ ਢਿੱਲਵਾਂ ਕਤਲ ਕਾਂਡ ਦਾ ਵੇਰਵਾ ਰਿਕਾਰਡ ਕੀਤੇ ਜਾਣ ਤੋਂ ਪਹਿਲਾਂ ਕਿਸੇ ਨੇ ਵੀ ਇਤਿਹਾਸ ਲਈ ਉਸ ਦੀ ਗਵਾਹੀ ਦਰਜ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਵਿੱਚ ਸਹਾਇਤਾ ਅੰਮ੍ਰਿਤਸਰ ਦੇ ਪੱਤਰਕਾਰ ਸੁਖਦੀਪ ਸਿੰਘ ਸਿੱਧੂ ਨੇ ਕੀਤੀ। ਉਹ ਵਿਅਕਤੀ ਸੀ ਸੁਖਦੇਵ ਸਿੰਘ ਕੱਕੜ, ਜਿਸ ਨੂੰ ਸੁੱਖਾ ਕੱਕੜ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ।

ਫਿਲਮ 'ਸਤਲੁਜ' ਦੇ ਸਿਰਫ਼ ਦੋ ਦਿਨਾਂ ਲਈ ਜ਼ੀ5 'ਤੇ ਪ੍ਰਸਾਰਣ ਨੇ ਵੀ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹ ਉਹੀ ਪਲੈਟਫਾਰਮ ਹੈ, ਜਿਸ ਦੇ ਸਿਆਸੀ ਰੁਝਾਨਾਂ ਬਾਰੇ ਚਰਚਾ ਹੁੰਦੀ ਰਹੀ ਹੈ ਅਤੇ ਇਹ ਸਭ ਉਦੋਂ ਹੋਇਆ ਹੈ ਜਦੋਂ ਪੰਜਾਬ ਵਿਧਾਨ

**ਜਗਤਾਰ ਸਿੰਘ**

ਸਭਾ ਚੋਣਾਂ ਵਿੱਚ ਕੁਝ ਹੀ ਮਹੀਨੇ ਬਾਕੀ ਹਨ। ਹਿੰਦੂਆਂ ਦੀਆਂ ਹੱਤਿਆਵਾਂ ਅਤੇ 'ਖ਼ਾਲਿਸਤਾਨੀ ਅਤਿਵਾਦ' ਦੀ ਚਰਚਾ ਅਚਾਨਕ ਫਿਰ ਜਨਤਕ ਬਹਿਸ ਦਾ ਹਿੱਸਾ ਬਣ ਗਈ ਹੈ ਜਦੋਂਕਿ ਇਹ ਮੁੱਦੇ ਕਾਫ਼ੀ ਸਮੇਂ ਤੋਂ ਪੰਜਾਬ ਦੇ ਸਮਾਜਿਕ-ਸਿਆਸੀ ਬਿਰਤਾਂਤ ਵਿੱਚੋਂ ਲਗਪਗ ਲੋਪ ਹੋ ਚੁੱਕੇ ਸਨ। ਦੂਜੇ ਪਾਸੇ ਇਸ ਫਿਲਮ ਦੀ ਸਿਨੇਮਾਘਰਾਂ ਵਿੱਚ ਰਿਲੀਜ਼ ਪਿਛਲੇ ਤਿੰਨ ਸਾਲਾਂ ਤੋਂ ਅਟਕੀ ਹੋਈ ਹੈ। ਇਸ ਦੇ ਨਾਲ ਹੀ ਸਰਕਾਰ ਵੱਲੋਂ ਇਸ ਨੂੰ ਸੁਰੱਖਿਆ ਲਈ ਵੱਡਾ ਸੰਭਾਵੀ ਖ਼ਤਰਾ ਮੰਨਿਆ ਜਾ ਰਿਹਾ ਹੈ। ਨਤੀਜੇ ਵਜੋਂ ਇਸ ਫਿਲਮ ਨੇ ਤਿੱਖੀ ਅਤੇ ਵੰਡਵੀਂ ਬਹਿਸ ਨੂੰ ਜਨਮ ਦਿੱਤਾ ਹੈ।

ਪੀ ਟੀ ਆਈ ਦੀ ਇੱਕ ਰਿਪੋਰਟ ਅਨੁਸਾਰ ਕੇਂਦਰ ਸਰਕਾਰ ਵੱਲੋਂ ਫਿਲਮ ਦੀ ਜਾਂਚ ਲਈ ਬਣਾਈ ਗਈ ਕਮੇਟੀ ਨੇ ਇਹ ਸਿਫ਼ਾਰਿਸ਼ ਕੀਤੀ ਹੈ ਕਿ 'ਸਤਲੁਜ' ਨੂੰ ਔਨਲਾਈਨ ਸਟ ?ਰੀਮਿੰਗ ਪਲੈਟਫਾਰਮਾਂ 'ਤੇ ਜਨਤਕ ਤੌਰ ਉੱਤੇ ਉਪਲਬਧ ਨਾ ਕਰਵਾਇਆ ਜਾਵੇ ਕਿਉਂਕਿ ਸਰਕਾਰੀ ਅਧਿਕਾਰੀਆਂ ਅਨੁਸਾਰ ਇਹ ਫਿਲਮ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੇ ਵਿਰੁੱਧ ਜਾਂਦੀ ਹੈ। ਜੇਕਰ ਅਜਿਹਾ ਹੈ ਤਾਂ ਇਸ ਦਾ ਮਤਲਬ ਇਹ ਹੈ ਕਿ ਪੰਜਾਬ ਵਿੱਚ ਸਿਰਫ਼ ਉਪਰਲੇ ਪੱਧਰ ਦੀ ਸਾਧਾਰਨਤਾ ਦਿਸ ਰਹੀ ਹੈ ਅਤੇ ਇਸ ਸਰਹੱਦੀ ਸੂਬੇ ਦਾ ਮਾਹੌਲ ਸੁਰੱਖਿਆ ਪੱਖੋਂ ਅਜੇ ਵੀ ਨਾਜ਼ੁਕ ਮੰਨਿਆ ਜਾ ਰਿਹਾ ਹੈ। ਫਿਰ ਸਵਾਲ ਇਹ ਉੱਠਦਾ ਹੈ ਕਿ ਕੇਂਦਰ ਅਤੇ ਸੂਬਾਈ ਸਰਕਾਰਾਂ ਨੇ ਇਨ੍ਹਾਂ ਸਮਾਜਿਕ-ਸਿਆਸੀ ਹਾਲਾਤ ਦੀਆਂ ਡੂੰਘੀਆਂ ਜੜ੍ਹਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਹੱਲ ਲੱਭਣ ਲਈ ਇੰਨੇ ਸਾਲਾਂ ਵਿੱਚ ਗੰਭੀਰ ਕੋਸ਼ਿਸ਼ ਕਿਉਂ ਨਹੀਂ ਕੀਤੀ?

ਸਾਲ 1980 ਤੋਂ 1999 ਤੱਕ ਦੇ ਸਮੇਂ ਦੌਰਾਨ ਤੀਹ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ। ਇਨ੍ਹਾਂ ਵਿੱਚ ਨਵੰਬਰ 1984 ਦੌਰਾਨ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਮਾਰੇ ਗਏ ਸਿੱਖ ਵੀ ਸ਼ਾਮਿਲ ਹਨ। ਸਰਕਾਰ ਨੇ ਮੌਤਾਂ ਨਾਲ ਸਬੰਧਿਤ ਕਈ ਮਹੱਤਵਪੂਰਨ ਜਾਣਕਾਰੀਆਂ ਅੱਜ ਤੱਕ ਜਨਤਕ ਨਹੀਂ ਕੀਤੀਆਂ ਹਾਲਾਂਕਿ ਖਾੜਕੂਆਂ ਵੱਲੋਂ ਕੀਤੀਆਂ ਹੱਤਿਆਵਾਂ ਦੇ ਸਰਕਾਰੀ ਅੰਕੜੇ ਉਪਲਬਧ ਹਨ, ਜਿਨ੍ਹਾਂ ਵਿੱਚ ਹਿੰਦੂ ਅਤੇ ਸਿੱਖ ਦੋਵੇਂ ਸ਼ਾਮਿਲ ਹਨ। ਇੱਥੋਂ ਤੱਕ ਕਿ ਪੰਜਾਬ ਸਰਕਾਰ ਨੇ ਵੀ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ 3 ਤੋਂ 12 ਜੂਨ 1984 ਦਰਮਿਆਨ ਅੰਮ੍ਰਿਤਸਰ ਵਿੱਚ ਹੋਏ ਸਸਕਾਰਾਂ ਅਤੇ ਪੋਸਟਮਾਰਟਮਾਂ ਦੀ ਗਿਣਤੀ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਵਿੱਚ ਅਪਰੇਸ਼ਨ ਬਲੂਸਟਾਰ ਦੌਰਾਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਹੋਈਆਂ ਮੌਤਾਂ ਵੀ ਸ਼ਾਮਿਲ ਸਨ। ਪੱਤਰ ਨੰਬਰ $♣3/♣"9/12/3129 ਮਿਤੀ 31 ਅਕਤੂਬਰ 2012 ਵਿੱਚ ਦਿੱਤੇ ਗਏ ਜਵਾਬ ਅਨੁਸਾਰ ਸਬੰਧਿਤ ਰਿਕਾਰਡ 2004 ਵਿੱਚ ਚੋਰੀ ਹੋ ਗਿਆ ਸੀ ਅਤੇ ਇਸ ਸਬੰਧੀ ਐੱਫ ਆਈ ਆਰ ਨੰਬਰ 121 ਮਿਤੀ 7 ਮਈ 2004 ਨੂੰ ਸਿਵਿਲ ਲਾਈਨਜ਼ ਥਾਣਾ, ਅੰਮ੍ਰਿਤਸਰ ਵਿੱਚ ਦਰਜ ਕੀਤੀ ਗਈ ਸੀ। ਹਾਲਾਂਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ 1981 ਤੋਂ 1991 ਤੱਕ ਅਤਿਵਾਦੀਆਂ ਵੱਲੋਂ ਕੀਤੀਆਂ ਹੱਤਿਆਵਾਂ ਦੇ ਸਾਲ-ਵਾਰ ਅੰਕੜੇ ਜਾਰੀ ਕੀਤੇ ਸਨ। ਅੰਕੜੇ ਇਸ ਪ੍ਰਕਾਰ ਹਨ: ਹਿੰਦੂ 1981 (10), 1982 (8), 1983 (35), 1984 (237), 1985 (45), 1986 (324), 1987 (425), 1988 (858), 1989 (442), 1990 (743), 1991 (744), ਕੁੱਲ ਜੋੜ: 3871 ਸਿੱਖ: 1981 (3), 1982 (5), 1983 (40), 1984 (122), 1985 (17), 1986 (193), 1987 (478), 1988 (1044), 1989, ਕੁੱਲ ਜੋੜ: 6177

ਪੰਜਾਬ ਨੂੰ ਆਪਣੀ ਲਪੇਟ ਵਿੱਚ ਲੈਣ ਵਾਲੀ ਹਿੰਸਾ ਦੀ ਅੱਗ ਨੇ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਵੀ ਨਹੀਂ ਬਖ਼ਸ਼ਿਆ। ਕਈ ਹੋਰ ਅਕਾਲੀ ਆਗੂ ਵੀ ਇਸ ਹਿੰਸਾ ਦਾ ਨਿਸ਼ਾਨਾ ਬਣੇ, ਜਿਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸੀਨੀਅਰ ਅਕਾਲੀ ਆਗੂ ਜਗਦੇਵ ਸਿੰਘ ਤਲਵੰਡੀ ਵੀ ਸ਼ਾਮਿਲ ਸਨ। ਇਸ ਦੌਰ ਬਾਰੇ ਪੰਜਾਬ ਸਰਕਾਰ ਵੱਲੋਂ ਵੀ ਕੁਝ ਸਰਕਾਰੀ ਅੰਕੜੇ ਜਾਰੀ ਕੀਤੇ ਗਏ ਹਨ। ਚੌਦਾਂ ਅਕਤੂਬਰ 2005 ਨੂੰ ਪੰਜਾਬ ਵਿਧਾਨ ਸਭਾ ਵਿੱਚ ਕਾਂਗਰਸ ਦੇ ਵਿਧਾਇਕ ਤਰਲੋਚਨ ਸਿੰਘ ਦੇ ਇੱਕ ਪ੍ਰਸ਼ਨ (ਵਿਧਾਨ ਸਭਾ ਵਿੱਚ ਪੁੱਛੇ ਜਾਣ ਵਾਲੇ ਉਹ ਸਵਾਲ, ਜਿਨ੍ਹਾਂ ਦੇ ਜਵਾਬ ਲਿਖਤੀ ਰੂਪ ਵਿੱਚ ਦਿੱਤੇ ਜਾਂਦੇ ਹਨ, ਬੋਲ ਕੇ ਨਹੀਂ ਅਤੇ ਇਨ੍ਹਾਂ ਨਾਲ ਸਬੰਧਿਤ ਹੋਰ ਸਵਾਲ ਨਹੀਂ ਪੁੱਛੇ ਜਾ ਸਕਦੇ) ਦੇ ਲਿਖਤੀ ਜਵਾਬ ਵਿੱਚ ਸਰਕਾਰ ਨੇ ਦੱਸਿਆ ਸੀ ਕਿ 1982 ਤੋਂ 1995 ਦਰਮਿਆਨ ਖਾੜਕੂਆਂ ਵੱਲੋਂ 11,336 ਵਿਅਕਤੀਆਂ ਨੂੰ ਕਤਲ ਕੀਤਾ ਗਿਆ ਸੀ। ਇਹ ਸਰਕਾਰੀ ਅੰਕੜੇ ਇਸ ਧਾਰਨਾ ਦੀ ਗਵਾਹੀ ਨਹੀਂ ਭਰਦੇ ਕਿ ਇਹ ਸਮੁੱਚਾ ਸੰਘਰਸ਼ ਹਿੰਦੂ-ਵਿਰੋਧੀ ਸੀ। ਇਸ ਦੇ ਉਲਟ ਇਹ ਤੱਥ ਵਧੇਰੇ ਸਪੱਸ਼ਟ ਹੁੰਦਾ ਹੈ ਕਿ ਸੰਘਰਸ਼ ਦਾ ਮੁੱਖ ਟਕਰਾਅ ਰਾਜ-ਵਿਵਸਥਾ ਨਾਲ ਸੀ। ਇਸ ਦਾ ਇੱਕ ਮਹੱਤਵਪੂਰਨ ਸੰਕੇਤ ਲਗਪਗ 1,700 ਪੁਲੀਸ ਮੁਲਾਜ਼ਮਾਂ ਦੀਆਂ ਹੱਤਿਆਵਾਂ ਹਨ, ਜਿਸ ਦਾ ਜ਼ਿਕਰ ਮੀਡੀਆ ਵਿੱਚ ਵੀ ਅਕਸਰ ਕੀਤਾ ਜਾਂਦਾ ਹੈ। ਸੰਭਵ ਹੈ ਕਿ ਇਸੇ ਪਿਛੋਕੜ ਵਿੱਚ ਕੇਂਦਰ ਸਰਕਾਰ ਫਿਲਮ 'ਸਤਲੁਜ' ਨੂੰ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਲਈ ਸੰਭਾਵੀ ਖ਼ਤਰੇ ਵਜੋਂ ਦੇਖ ਰਹੀ ਹੋਵੇ। ਵਿਰੋਧਾਭਾਸ ਇਹ ਹੈ ਕਿ ਜਿਸ ਫਿਲਮ ਦਾ ਔਨਲਾਈਨ ਪ੍ਰਸਾਰਣ ਰੋਕਣ ਦੀ ਗੱਲ ਕੀਤੀ ਜਾ ਰਹੀ ਹੈ, ਉਹੀ ਫਿਲਮ ਜਨਤਕ ਤੌਰ 'ਤੇ ਦਿਖਾਈ ਜਾ ਰਹੀ ਹੈ। ਰਾਸ਼ਟਰੀ ਰਾਜਧਾਨੀ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਦਾ ਪ੍ਰਦਰਸ਼ਨ ਕਰ ਰਹੀ ਹੈ, ਜਿਸ ਨਾਲ ਇਸ ਦੇ ਪ੍ਰਸਾਰਣ 'ਤੇ ਲਗਾਈ ਗਈ ਪਾਬੰਦੀ ਅਮਲੀ ਤੌਰ 'ਤੇ ਬੇਅਸਰ ਦਿਖਾਈ ਦਿੰਦੀ ਹੈ। ਇੱਥੋਂ ਤੱਕ ਕਿ ਵੱਖ-ਵੱਖ ਰਾਜਨੀਤਿਕ ਪਾਰਟੀਆਂ ਵੀ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਇਸ ਫਿਲਮ ਦੇ ਪ੍ਰਦਰਸ਼ਨ ਨੂੰ ਲੈ ਕੇ ਇੱਕ-ਦੂਜੇ ਨਾਲ ਮੁਕਾਬਲਾ ਕਰਦੀਆਂ ਨਜ਼ਰ ਆ ਰਹੀਆਂ ਹਨ। ਇਹ ਫਿਲਮ ਸਿਰਫ਼ ਇੱਕ ਕਲਪਨਾ ਨਹੀਂ ਸਗੋਂ ਇੱਕ ਜੀਵਿਆ ਹੋਇਆ ਅਨੁਭਵ ਹੈ ਅਤੇ ਇਤਿਹਾਸ ਦਾ ਸੱਚ ਅਕਸਰ ਬਹੁਤ ਕੌੜਾ ਹੁੰਦਾ ਹੈ। ਪੰਜਾਬ, ਖ਼ਾਸਕਰ ਸਿੱਖ ਕੌਮ ਦੀ ਸਮੂਹਿਕ ਚੇਤਨਾ ਵਿੱਚ ਇੱਕ ਅਟੁੱਟ ਇਤਿਹਾਸਕ ਲਗਾਤਾਰਤਾ ਹੈ, ਜਿੱਥੇ ਕੁਝ ਯਾਦਾਂ ਕਦੇ ਧੁੰਦਲੀਆਂ ਨਹੀਂ ਪੈਂਦੀਆਂ। ਅੰਤ ਵਿੱਚ ਇੱਕ ਬੁਨਿਆਦੀ ਸੱਚ ਸਮਝਣਾ ਲਾਜ਼ਮੀ ਹੈ, ਸਿਰਫ਼ ਹਿੰਸਾ ਦੀ ਗ਼ੈਰ-ਮੌਜੂਦਗੀ ਹੀ ਸ਼ਾਂਤੀ ਨਹੀਂ ਹੁੰਦੀ ਅਤੇ ਕਿਸੇ ਵਿਚਾਰ ਨੂੰ ਏ ਕੇ-47 ਦੀਆਂ ਗੋਲੀਆਂ ਨਾਲ ਖ਼ਤਮ ਨਹੀਂ ਕੀਤਾ ਜਾ ਸਕਦਾ। ਸਟੇਟ ਦੀ ਅਸਲ ਚਿੰਤਾ ਸ਼ਾਇਦ ਉਸੇ ਵਿਚਾਰ ਨੂੰ ਲੈ ਕੇ ਹੈ ਜੋ ਹਥਿਆਰਾਂ ਦੀ ਤਾਕਤ ਤੋਂ ਬਾਅਦ ਵੀ ਜਿਊਂਦਾ ਰਿਹਾ ਅਤੇ ਜਿਸ ਨੂੰ ਫਿਲਮ 'ਸਤਲੁਜ' ਮੁੜ ਜਗਾ ਸਕਦੀ ਹੈ, ਪਰ ਇਹ ਫਿਲਮ ਸਿੱਖ-ਹਿੰਦੂ ਟਕਰਾਅ ਦਾ ਵਿਸ਼ਾ ਹਰਗਿਜ਼ ਨਹੀਂ ਹੈ। ਪੰਜਾਬ ਅਤੇ ਸਿੱਖਾਂ ਦੇ ਸਿਆਸੀ-ਇਤਿਹਾਸਕ ਸੰਦਰਭ ਦਾ ਇੱਕ ਹੋਰ ਅਹਿਮ ਪੱਖ ਭਾਰਤ-ਪਾਕਿਸਤਾਨ ਸਬੰਧਾਂ ਨਾਲ ਵੀ ਜੁੜਿਆ ਹੋਇਆ ਹੈ। ਲਹਿੰਦਾ ਪੰਜਾਬ ਪਾਕਿਸਤਾਨ ਵਿੱਚ ਹੈ, ਜੋ ਧਰਤੀ ਸਿੱਖ ਧਰਮ ਦੀ ਜਨਮ ਭੂਮੀ ਹੈ। ਇਸ ਇਤਿਹਾਸਕ, ਧਾਰਮਿਕ ਅਤੇ ਭਾਵਨਾਤਮਕ ਸਾਂਝ ਨੂੰ ਨਾ ਤਾਂ ਨਕਾਰਿਆ ਅਤੇ ਨਾ ਹੀ ਇਸ ਨੂੰ ਅਣਗੌਲਿਆਂ ਕੀਤਾ ਜਾ ਸਕਦਾ ਹੈ।

**ਸੰਪਰਕ: 97797-11201**




Preetnama
प्रीतनामा
खरा सच
Khara Sach
On our English language New Website
WWW.PREET NEWS.COM
Chief Editor
Pritpal Kaur
+1 201-312-4180
Vol 4, Issue 362
Website: www.preetnama.com Email preetnamausa@gmail.com
17 JULY TO 23 JULY, 2026

# प्रधानमंत्री मोदी को मिले पुरस्कारों पर गार्जियन की हताशा



दा गार्जियन अखबार ने मोदी और भारत की छवि धूमिल करने के लिए एक अंग्रेजी मे एक लेख लिखा। जिसका सारांश यह है कि कोई झूठे भी पुरस्कार देने के लिए बुलाए तो प्रधानमंत्री मोदी दौड़े दौड़े चले जाते हैं। मतलब यह अखबार कहना चाह रहा कि मोदी पुरस्कार के भूखे हैं, साथ ही यह भी जताने की कोशिश कर रहा है, जिन देशों ने मोदी को उनकी विदेश यात्रा के दौरान पुरस्कार दिए, उनकी कोई प्रतिष्ठा नहीं हैं। इसके अलावा प्रधानमंत्री मोदी को इन देशों ने फिजूल में पुरस्कार दिए हैं। गार्जियन ने यह लेख लिख कर मोदी सहित भारत का तो अपमान किया ही है, साथ मोदी को पुरस्कार देने वाले उन देशों के नागरिकों, पुरस्कारों और उन देशों के राष्ट्रप्रमुखों का भी अपमान किया है। भारतीयनौसेना जानकारी

इस लेख की भड़ास के बावजूद पीएम मोदी को पुरस्कारों का सिलसिला थम नहीं रहा है। प्रधानमंत्री नरेंद्र मोदी को इंडोनेशिया के सर्वोच्च सम्मान 'बिंतांग आदिपूर्णा ऑफ द रिपब्लिक ऑफ इंडोनेशिया' मेडल ऑफ ऑनर से सम्मानित किया गया। यह सम्मान पीएम मोदी की इंडोनेशिया यात्रा के दौरान राष्ट्रपति प्रबोवो सुबियांतो ने प्रदान किया। वर्ष 2016 से अब तक प्रधानमंत्री नरेंद्र मोदी को एशिया, यूरोप, अफ्रीका और अमेरिका के देशों से ऐसे 34 सम्मान मिल चुके हैं। यह किसी भी भारतीय प्रधानमंत्री को मिले सम्मानों में सबसे अधिक हैं। इनमें से कुछ सम्मान सदियों पुराने हैं, जबकि कुछ सम्मान संबंधित देशों की सम्मान प्रणाली में हाल ही में शामिल किए गए हैं।

गार्जियन का यह लेख में भारत की छवि को नुकसान पहुंचाने का कुत्सित प्रयास है। विश्व का बड़ा और प्रभावशाली शायद ही कोई देश बचा होगा जिसके प्रधानमंत्री या राष्ट्रपति ने मोदी और भारत की तारीफ नहीं की होगी। दरअसल यह तारीफ पाश्चात्य मीडिया पचा नहीं पा रहा है, पचा इसलिए भी नहीं पा रहा है कि भारत न सिर्फ घरेलू स्तर पर बल्कि अंतरराष्ट्रीय स्तर पर भी तरक्की के झंडे गाढ़ रहा है। चंद्रयान और मंगलयान मिशन की कामयाबी इसके बड़े उदाहरण हैं। जो विकसित देश भी हासिल नहीं कर सके। यह अखबार यह भी भूल गया कि जब कोरोना काल में पूरी दुनियां में हाहाकार मचा हुआ था, तब भारत ने ही कोरोना वैक्सीन दर्जनों देशों को निशुल्क भेज कर करोड़ों लोगों की जाने बचाने का काम किया था। क्या ऐसे परोपकारी कार्यों के लिए उन्हें विदेशी पुरस्कार नहीं दिया जा सकता।

गार्जियन ने इसका जिक्र कभी नही किया कि विश्व को मोदी नेतृत्व में भारत ने क्या—क्या दिया है। भारत की यूनिफाइड पेमेंट्स इंटरफेस जैसी सस्ती और सुलभ डिजिटल पेमेंट प्रणाली नेपाल, भूटान, सिंगापुर, यूएई और मॉरीशस ने अपना लिया है। अंतर्राष्ट्रीय योग दिवस भारत की प्राचीन धरोहर योग को मोदी सरकार के प्रयासों से वैश्विक मान्यता मिली?संयुक्त राष्ट्र द्वारा हर वर्ष 21 जून को %अंतरराष्ट्रीय योग दिवस% के रूप में मनाया जाता है। मोदी सरकार के प्रयासों से ही अफ्रीकी संघ को जी–20 का स्थायी सदस्य बनाया गया।

भारत ने प्राकृतिक आपदा के दौरान विश्व के देशों के साथ कंधे से कंधा मिला कर खड़ा रहा है। तुर्किये और सीरिया में आए भूकंप के दौरान%मिशन सागर%और%ऑपरेशन दोस्त%के जरिए विश्व स्तर पर मानवीय सहायता पहुंचाई गई। वेनेजुएला में विनाशकारी भूकंप के बाद ऑपरेशन अमिस्ताद के तहत बचाव दल और पोर्टेबल अस्पताल भेजे गए। म्यांमार में ऑपरेशन ब्रह्मा (2025) और ऑपरेशन सहायता (2008) के तहत भूकंप व चक्रवात के दौरान भारी राहत सामग्री व चिकित्सा सुविधाएँ दी गईं। श्रीलंका में सुनामी (2004) में ऑपरेशन रेनबो और चक्रवात (2025) में ऑपरेशन सागर बंधु के माध्यम से सहायता प्रदान की गई।

भारतीय नौसेना ने हालिया समुद्री सुरक्षा अभियानों (मुख्य रूप से अरब सागर और अदन की खाड़ी) में 520 से अधिक लोगों की जान बचाई है और ईरान, लाइबेरिया, माल्टा, और सेंट विंसेंट एंड द ग्रेनाडाइन्स जैसे विभिन्न देशों के झंडे वाले जहाजों को समुद्री लुटेरों से सुरक्षित मुक्त कराया है। इन अभियानों की सबसे बड़ी खासियत यह रही है कि नौसेना ने बिना किसी राष्ट्रीय भेदभाव के, पाकिस्तानी और ईरानी नागरिकों सहित कई देशों के नाविकों को भी बचाया है। गार्जियन खासकर विदेशी मीडिया को कथित मानवाधिकारों के उल्लंघन पर भारी परेशानी है। भारत में उन्हें यह उल्लंघन नजर आता है। अंग्रेजों ने भारत पर 200 साल राज किया। अंग्रेज शासकों ने इस अवधि में भारतीयों पर अत्याचारों के सारे रिकार्ड तोड़ दिए। अंग्रेज व्यापारी बन कर आए और तानाशाह बन बैठे, खूब लूट खसौट की और भारत से सारा मालमत्ता समेट कर चंपत हो गए। आज भी कोहिनूर का हीरा इन्हीं अंग्रेजों के पास है, जो यह बताता है कि किस तरह इन्होंने भारत में लूटपाट मचाई थी। ऐसे मानवाधिकारों के उल्लंघन गार्जियन जैसे अखबारों को दिखाई नहीं देते। मानवाधिकारों के इन विदेशी पैरोकारों को जलियांवाला बाग दिखाई नहीं देता, जहां निहत्थे प्रदर्शकारियों को चारों तरफ से घेर कर एक अंग्रेज अधिकारी डायर ने गोलियों से भून डाला था।

गार्जियन को यह कभी दिखाई नहीं दिया कि किस तरह केंद्र सरकार ने मुसलमानों की भलाई का एक ऐतिहासिक काम किया, जिसे करने से पूर्ववर्ती प्रधानमंत्री डरते रहे। देश की करोड़ों मुस्लिम महिलाओं को तलाक के बाद मिलने वाला कानून हक दिलवाया है। जिन्हें पहले पति तीन बार तलाक तलाक बोल कर धक्के खाने के लिए छोड़ दिया जाता था।कांग्रेस ने मुसलमानों के वोट के डर से सुप्रीम कोर्ट के शाह बानों के फैसले को ही पलट दिया था, जिसमें कोर्ट ने गुजारा भत्ता देने का आदेश दिया था, इसके खिलाफ तत्कालीन कांग्रेस सरकार के प्रधानमंत्री राजीव गांधी ने कानून बना दिया था। विदेशी अखबारों को तकलीफ हो रही है कि मोदी राज में कैसे मानवाधिकारों का उल्लंघन हो रहा है, जब भारत ने ऐसे आरोपों को सिरे से खारिज कर दिया तब खीझ उतारने के लिए कह दिया कि मोदी पुरस्कार के लिए दौड़े चले आते हैं। जिला स्तर, वार्ड स्तर, राज्यस्तर या राष्ट्रीय स्तर पर सरकारी और निजी क्षेत्र में पुरस्कार के लिए कितने पापड़ बेलने पड़ते हैं, इन्हें पाने के लिए लोग अपनी पूरी उम्र खपा देते हैं। उसमें भी जबरदस्त प्रतिस्पर्धा होती है, तब कहीं जाकर किसी एक का चयन किया जाता है। भारतीयनौसेना जानकारी

ऐसे में देशों द्वारा अंतरराष्ट्रीय स्तर पर दिये जाने वाले पुरस्कार का मापदंड कितने कठोर होगा, इसकी कल्पना ही की जा सकती है। इन पुरस्कारों में पुरस्कार देने वाली सरकार के साथ उन देशों के करोड़ों लोगों की भावनाएं भी जुड़ी होती हैं। चलो मान भी लिया जाए कि किसी एक देश ने भारत से कुछ फायदा लेने के लिए कोई पुरस्कार दे दिया होगा, पर मोदी को तो दर्जनों देशों के सर्वोच्च पुरस्कार मिले हैं, तो क्या इन सब देशों को मोदी फायदा पहुंचाएंगी, वो भी सिर्फ एक पुरस्कार के कारण, यदि ऐसा हुआ होता ना तो अब तक देश में तूफान आ जाता, कांग्रेस ओर विपक्षी दलों ने आसमान सिर पर उठा लिया होता। गार्जियन का यह लेख सिर्फ हताशा ही प्रकट करता है, इससे पहले भी इसी तरह के विदेशी अखबारों में लेखों के जरिए भारत की छवि और विकास की तरफ बढ़ते कदमों को रोकने का असफल प्रयास किया जाता रहा है।

– योगेन्द्र योगी

# सतलुज विवाद पर रवनीत सिंह बिट्टू ने जो सवाल उठाये हैं क्या दिलजीत दोसांझ उनका जवाब देंगे?



पंजाब की राजनीति में एक बार फिर इतिहास, सिनेमा और सियासत आमने सामने खड़े दिखाई दे रहे हैं। अभिनेता और गायक दिलजीत दोसांझ की फिल्म सतलुज को लेकर शुरू हुआ विवाद अब पूरी तरह राजनीतिक बहस में बदल गया है। केंद्रीय मंत्री रवनीत सिंह बिट्टू ने दिलजीत दोसांझ और फिल्म के निर्देशक हनी त्रेहन पर तीखा हमला बोलते हुए आरोप लगाया है कि फिल्म के जरिए पंजाब के उग्रवाद के दौर की केवल एकतरफा तस्वीर पेश की जा रही है और समाज में पुराने जख्मों को फिर से कुरेदने की कोशिश की जा रही है। उन्होंने दो टूक कहा कि केंद्र सरकार का फिल्म को ओटीटी मंच से हटाने में कोई हाथ नहीं है। साथ ही उन्होंने पूरे विवाद को सुनियोजित प्रचार करार दिया।हम आपको बता दें कि विवाद की शुरुआत तब हुई जब सतलुज ओटीटी पर रिलीज होने के महज दो दिन बाद ही वहां से हटा ली गई। इस कदम के बाद पंजाब के फिल्म जगत, सोशल मीडिया और पंजाब सरकार के कुछ हलकों में यह सवाल उठने लगे कि क्या राजनीतिक दबाव के चलते फिल्म हटाई गई। हालांकि रवनीत सिंह बिट्टू ने इन आरोपों को पूरी तरह खारिज करते हुए कहा कि सरकार का ऐसे मंचों पर कोई नियंत्रण नहीं है। उनका दावा है कि फिल्म के निर्माताओं ने स्वयं ही इसे हटाया क्योंकि उन्हें जितना आर्थिक लाभ चाहिए था, वह मिल चुका था। उन्होंने कहा कि जब स्वयं दिलजीत दोसांझ पहले ही यह कह चुके थे कि फिल्म केवल दो तीन दिन के लिए उपलब्ध रहेगी, तभी समझ जाना चाहिए था कि पूरे घटनाक्रम में कुछ न कुछ गड़बड़ है। उन्होंने कहा कि यदि सरकार को फिल्म हटानी ही होती तो उसे प्रसारित होने की अनुमति ही क्यों दी जाती। बिट्टू ने आरोप लगाया कि पहले फिल्म को प्रसारित कर माहौल बनाया गया और फिर उसे हटाकर सरकार पर प्रतिबंध लगाने का आरोप मढ़ दिया गया।

केंद्रीय मंत्री ने दिलजीत दोसांझ पर केवल इस विवाद तक हमला सीमित नहीं रखा। उन्होंने आरोप लगाया कि दिलजीत केवल धन कमाने के लिए काम करते हैं और विदेश में बैठकर पंजाब के लोगों को भ्रमित कर रहे हैं। उन्होंने उन्हें बहुरूपिया बताते हुए कहा कि वह लॉस एंजिलिस में रहकर पंजाब की भावनाओं से खेल रहे हैं। बिट्टू ने सवाल उठाया कि यदि दिलजीत को समाज और मानवाधिकारों की इतनी चिंता है तो उन्होंने मानवाधिकार कार्यकर्ता जसवंत सिंह खालरा पर फिल्म क्यों नहीं बनाई? उन्होंने फिल्म चमकीला का भी जिक्र करते हुए कहा कि यदि दिलजीत अपने परिवार की महिलाओं का सम्मान करते तो ऐसी फिल्म में काम नहीं करते। उन्होंने यह दावा भी किया कि विदेशों में अपने कार्यक्रमों के दौरान दिलजीत खालिस्तान के झंडे लेकर आने वालों को हटाने की बात करते हैं और फिर सवाल उठाया कि आखिर उनके पीछे कौन-सी ताकतें काम कर रही हैं?

It must also be remembered that the court is not just an institution for judges, but for every citizen. Protecting its dignity is as important as protecting freedom of expression. There is no contradiction between the two. True democracy is one where citizens can speak their minds fearlessly while also maintaining the dignity of institutions. Today, as a large portion of social discourse has shifted to digital media, unverified information, emotional reactions, and derogatory comments about judicial institutions spread rapidly. This not only impacts the image of the judiciary but also creates confusion in society. Therefore, citizens, the media, and social platforms have a responsibility to promote factual, balanced, and responsible discourse on judicial issues. The Indian judiciary has proven on numerous occasions that it is not merely an interpreter of the law but also a guardian of constitutional values. Judicial restraint, impartiality, and a humane approach are its most prominent hallmarks. Similarly, citizens are expected to respect the judicial process, maintain patience, and adhere to democratic norms when expressing dissent. The reputation of justice is built not only by court orders but also by the collective conduct of society. If citizens attach equal importance to their duties along with their rights, if the judiciary continues to advance the cause of timely and accessible justice, and if governments prioritize necessary judicial reforms, democracy will be strengthened. A court can truly remain a temple of justice only when the voice of law, not anger, is the loudest within it; when reason is respected, not noise; and when the Constitution, not individual emotional reactions, reigns supreme. This is the strength of Indian democracy, its dignity, and the greatest need for the future.

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 362

Website: www.preetnama.com Email preetnamausa@gmail.com

17 JULY TO 23 JULY, 2026


# India finally arrives in the South Pacific

Prime Minister Modi's visit to New Zealand — the first by an Indian Prime Minister in four decades — resets bilateral ties after years of neglect ExecutiveBranch

When Narendra Modi closed the final leg of a nine-day arc that began in Jakarta, in New Zealand, he did so by closing a much longer gap. No Indian Prime Minister had set foot in New Zealand in forty years; only Indira Gandhi in 1968 and Rajiv Gandhi in 1986 had come before him.

That the visit lasted barely a day, bookended by talks with Christopher Luxon and an address to the diaspora at Auckland's Spark Arena, only underlined how overdue it was.

The three-nation itinerary was not incidental. Indonesia, Australia and New Zealand together mark the arc of India's "Act East" outreach into the Indo-Pacific, a region where Delhi has spent a decade playing catch-up to China's economic and naval footprint. In Jakarta, Modi discussed heritage conservation at Prambanan; in Australia, the two countries struck a uranium export deal, feeding India's push towards 100 gigawatts of nuclear capacity by 2047.

New Zealand was the finale, smaller in scale but symbolically significant as the relationship's most underdeveloped corner.

The challenges are real and long-standing. Trade talks, first launched in 2010, collapsed in 2015 over India's reluctance to open its dairy sector to protect its millions of small farmers.

Even the Free Trade Agreement signed this April, ahead of Modi's visit, reflects that caution: bulk infant formula and select re-exports get duty-free access, but butter and cheese-the products New Zealand's dairy industry actually wants to sell-stay largely outside the deal, prompting open disappointment from its dairy lobby.

Separately, the presence of pro-Khalistan groups in New Zealand-including a 2024 referendum push by Sikhs for Justice that drew a formal protest from Delhi-remains a running irritant, echoing the friction that has strained India's ties with Canada. Against these frictions sit sturdier binding factors: a 200,000-strong Indian diaspora, growing convergence on Indo-Pacific maritime security, and a shared wariness of an assertive China across the Pacific. These pulled the two governments towards each other despite the trade impasse, and this visit turned that convergence into tangible outcomes.

Modi and Luxon elevated the relationship to a strategic partnership and signed eighteen outcomes, including ten formal agreements: a four-year roadmap for cooperation, a reciprocal logistics support pact between the two navies, a maritime cooperation framework, and a pledge to jointly tackle transnational crime, from drug trafficking to cyber-enabled fraud.

They also set an aspirational target of doubling two-way trade to NZ$7 billion by 2030. The real test now is follow-through. The FTA still needs ratification and entry into force, and its dairy carve-outs will keep testing New Zealand's patience unless Delhi shows more flexibility over time. And the defence commitments-naval exercises and cyber co-operation-need budgets and calendars behind them, not just communiqués.

# The next flashpoint in global geopolitics

With the Strait of Hormuz under strain, the Malacca Strait has emerged as the world's most strategically significant maritime chokepoint, reshaping Indo-Pacific security, trade and great-power competition Water& Marine Sciences

The ship tracker in Kota Kinabalu, where I am — on the eastern edge of Malaysia — shows that 281 ships passed through the Malacca Strait on July 14, compared with 134 ships which used to cross the Strait of Hormuz daily before the blockade. Four countries — Malaysia, Indonesia, Thailand and Singapore — monitor and regulate traffic across the Malacca Strait. Before its twin blockades by the US and Iran, the Strait of Hormuz was free for international passage. Iran has found it can use the choke point as leverage and even impose tariffs. As I write, the issue over passage rights remains unresolved despite tit-for-tat bombings and a fragile ceasefire. Not since the Suez Canal crisis of 1956, which led to a geopolitical tsunami, has another choke point rediscovered its importance. The 900 km long and 65 km wide Strait of Malacca is flanked by Malaysia, Singapore and Indonesia, with which PM Modi signed a landmark BrahMos deal this week; it carries 24 per cent of global sea borne trade, 45 per cent of sea borne oil and 23 per cent of cargo shipments, and contains the world's most critical port infrastructure: Singapore's Port Klang, which is the world's second busiest container hub, one of the busiest container trans-shipment points and the world's largest ship refuelling hub. That the Malacca Strait remains free of disruption is critical for China, the US, India and Japan especially, and ASEAN; notably for the four custodian states, for whom control or leverage over it is necessary. They have been working on keeping the South China Sea and the Indian Ocean that the Malacca Strait connects, open and tranquil. Tensions in the South China Sea and the Taiwan Strait are magnifying after the ongoing Gulf War, as Chinese coastguards have introduced new sea patrols off Taiwan's eastern coast. China's claims over the entire South China Sea are in violation of an UNCLOS ruling in 2016, which was re-endorsed by the West last week but rejected by China. For Beijing, Taiwan is an inalienable and vital component of its One China policy. China has maritime disputes with seven ASEAN countries but enjoys cordial relations with all; North Korea is its only good-weather friend. China has long delayed accepting a South China Sea code of conduct first sought by ASEAN in 2003, and, like hedging with India over delineation of the LAC, China has dodged ASEAN over the code until it was nailed to a 2026 deadline by the ASEAN chair, the Philippines. Chinese President Hu Jintao, during an economic conference in 2003, first mentioned Beijing's "Malacca dilemma", as 80 per cent of crude oil, 70 per cent of gas and $1.5tn of its exports pass through it. As its disruption would be catastrophic for China, it has been searching for alternate routes to reduce dependency on it. Water& Marine Sciences First, detours from the south of the Malacca Strait through the Sunda and Lombok Straits within Indonesian waters. Maritime, geological and time and cost overrun issues have discounted these routes. Second, constructing oil and gas pipelines: the USD 62bn China-Pakistan Economic Corridor connecting Xinjiang with Gwadar Port; the USD 2.5bn China-Myanmar Economic Corridor from Kyaukphyu Port in the Indian Ocean to Yunnan, which are operational but in disuse due to civil war in Myanmar. In addition, oil pipelines from Kazakhstan and Russia are available. At this month's World Peace Forum in Beijing, the centrality of the Malacca Strait was amply discussed. Stung by its failure to keep open the Hormuz Strait, the US is taking no chances in ensuring freedom of passage across the Malacca Strait. On April 14, 2026, the US and Indonesia, the key watchkeeper of the waterway, announced a major defence cooperation partnership, strengthening their military ties. After renaming the US Department of Defence as the Department of War, it has reverted from the US Indo-Pacific Command to the old nomenclature, US Pacific Command — deleting "Indo" — and undertaken several defence and security projects with allies and partners in safeguarding the Malacca Strait. Indonesia's vast archipelago sits astride the Malacca Strait and other vital sea routes of the world. The narrowest portion of the Malacca Strait is the 2.8 km Phillips Channel near Singapore, which is a vulnerable point. Contingency plans for keeping it free of disruption are available and are being augmented by the new entity "ASEAN Maritime Centre for Protection of Strait of Malacca and South China Sea from Encroachment by Major Powers", set up in May 2026. This will be similar to the Information Fusion Centre for the Indian Ocean Region at Gurugram, India. On June 18, 2026, Thailand's Prime Minister Anutin Charnvirakul highlighted the criticality of strategic maritime choke points like the Malacca Strait. ASEAN countries were all affected by the closure of the Hormuz Strait except Petronas-rich Malaysia. Thailand announced on 18 June the revival of the pending USD 36bn land corridor project connecting two deep sea ports - Ranong in the Andaman Sea, Indian Ocean, with Chumphon in the Gulf of Thailand, South China Sea in the Pacific Ocean. MaritimeTransport China, one of the investors, would be a key beneficiary of this alternate route. The corridor will reduce logistics costs by nearly 30 per cent and cut transit time by 14 days, especially for large cargo containers. But Singapore will lose its pivotal position as the infrastructural hub along the key waterway. India sits 40 nautical miles on the 6-degree channel covering the western approach to the Malacca Strait. The controversial USD 5bn Great Nicobar Project, involving construction of a deep-water port at Galathea Bay, will become the pivotal hub of global shipping and a new international container trans-shipment port near the entrance to the Malacca Strait. On July 4, former naval chief and LG of Andaman Adm DK Joshi and Nicobar Adm DK Joshi examined its strategic value with advisers. INS Baaz, India's southernmost air and naval base, is close by but the runway is still not fit for large jet aircraft. I recall my visit with Defence Planning Staff in 1989 when Indonesia protested India's proposal to enlarge the air base and the issue became a Time magazine cover story. PM Modi's recent visit to Indonesia has turned the tide. Many ideas have recently been floated about blunting Chinese advantage along the LAC by augmenting China's Malacca dilemma, should India have the political will and military finesse for it. PM Modi's recent visit to Indonesia has turned the tide. Many ideas have recently been floated about blunting Chinese advantage along the LAC by augmenting China's Malacca dilemma, should India have the political will and military finesse for it

# ਪੁਸਤਕ ਰੀਵਿਊ : ਸਮਕਾਲੀ ਪੰਜਾਬੀ ਕਵਿਤਾ ਦੇ ਸਰੋਕਾਰ

ਸੁਖਿੰਦਰ ਇੱਕ ਪਰਵਾਸੀ ਪੰਜਾਬੀ ਲੇਖਕ ਹੈ, ਜੋ 1972 ਤੋਂ ਹੁਣ ਤੱਕ ਨਿਰੰਤਰ ਸਾਹਿਤ ਦੇ ਖੇਤਰ ਵਿੱਚ ਕ੍ਰਿਆਸ਼ੀਲ ਹੈ। ਮੁੱਖ ਤੌਰ ਤੇ ਉਹ ਇੱਕ ਕਵੀ ਹੈ, ਪਰ ਉਹਨੇ ਕਵਿਤਾ ਤੋਂ ਇਲਾਵਾ ਸਾਹਿਤ ਦੇ ਹੋਰ ਰੂਪਾਂ ਵਿੱਚ ਵੀ ਜ਼ਿਕਰਯੋਗ ਕਾਰਜ ਕੀਤਾ ਹੈ। ਉਹਨੇ ਵਿਗਿਆਨ (3), ਕਵਿਤਾ (25), ਆਲੋਚਨਾ (4), ਵਾਰਤਕ (5), ਸੰਪਾਦਨਾ (8), ਨਾਵਲ (3), ਬਾਲ ਸਾਹਿਤ (1) ਤੋਂ ਇਲਾਵਾ ਅੰਗਰੇਜ਼ੀ ਵਿੱਚ ਵੀ ਦੋ ਕਿਤਾਬਾਂ ਦੀ ਰਚਨਾ ਕੀਤੀ ਹੈ। ਇਉਂ ਉਹ ਹੁਣ ਤੱਕ ਅੱਧਾ ਸੈਂਕੜੇ ਪੁਸਤਕਾਂ ਦਾ ਸਿਰਜਕ ਹੈ। ਉਹਨੇ 3 ਕਾਵਿ-ਕਿਤਾਬਾਂ ਦਾ ਸੁਯੋਗ ਸੰਪਾਦਨ ਕੀਤਾ ਹੈ। 1974 ਤੋਂ ਸ਼ੁਰੂ ਹੋਈ ਉਹਦੀ ਕਾਵਿ-ਯਾਤਰਾ ਨੇ ਵਿਲੱਖਣ ਤਜਰਬੇ ਕੀਤੇ ਹਨ। 2006 ਤੋਂ ਉਹਦੀ ਕਵਿਤਾ ਵਿੱਚ ਇੱਕ ਖਾਸ ਮੋੜ ਆਇਆ, ਜਦੋਂ ਉਹਨੇ ਸਮਾਜ, ਧਰਮ, ਰਾਜਨੀਤੀ ਤੇ ਗਲੋਬਲੀ ਪ੍ਰਸੰਗ ਵਿੱਚ ਆਈਆਂ ਗਿਰਾਵਟਾਂ ਨੂੰ ਆੜੇ ਹੱਥੀਂ ਲਿਆ।

ਰੀਵਿਊ ਅਧੀਨ ਪੁਸਤਕ (ਸਮਕਾਲੀ ਪੰਜਾਬੀ ਕਵਿਤਾ : ਸੀਮਾ ਅਤੇ ਸੰਭਾਵਨਾਵਾਂ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, ਪੰਨੇ 360, ਮੁੱਲ 200/- ਰੁਪਏ) ਵਿੱਚ ਸੁਖਿੰਦਰ ਸਮੇਤ 31 ਲੇਖਕਾਂ ਦੇ 33 ਲੇਖ ਹਨ। ਦੋ ਲੇਖਕਾਂ ਨੇ ਦੋ-ਦੋ ਲੇਖ ਲਿਖੇ ਹਨ। ਇਹ ਪੁਸਤਕ ਮੁੱਖ ਤੌਰ ਤੇ ਸਮਕਾਲੀ ਪੰਜਾਬੀ ਕਵਿਤਾ ਦੇ ਸਰੋਕਾਰਾਂ ਨਾਲ ਵਾਬਸਤਾ ਹੈ, ਪਰ 12 ਲੇਖ ਸੁਖਿੰਦਰ ਦੀ ਨਵ-ਪ੍ਰਕਾਸ਼ਿਤ ਪੁਸਤਕ 'ਗਿਰਗਟਾਂ ਦਾ ਮੌਸਮ' ਨਾਲ ਸਿੱਧੇ ਤੌਰ ਤੇ ਸੰਬੰਧਿਤ ਹਨ। ਸਾਰੇ ਲੇਖਕਾਂ ਨੂੰ ਸੰਪਾਦਕ ਨੇ ੳ, ਅ, ੲ ਦੇ ਕ੍ਰਮ ਮੁਤਾਬਕ ਵਿਉਂਤਬੱਧ ਕੀਤਾ ਹੈ, ਜਿਸ ਕਰਕੇ ਦੋਵੇਂ ਤਰ੍ਹਾਂ ਦੇ ਲੇਖ ਸੰਮਿਲਤ ਹੋ ਗਏ ਹਨ। ਮੇਰੀ ਜਾਚੇ ਕਿਤਾਬ ਦੇ ਦੋ ਭਾਗ ਬਣਾ ਲੈਣੇ ਚਾਹੀਦੇ ਸਨ, ਪਹਿਲੇ ਵਿੱਚ ਸਮਕਾਲੀ ਕਵਿਤਾ ਬਾਰੇ ਤਬਸਰਾ ਸ਼ਾਮਲ ਕੀਤਾ ਜਾਂਦਾ ਤੇ ਦੂਜੇ ਵਿੱਚ 'ਗਿਰਗਟਾਂ ਦਾ ਮੌਸਮ' ਬਾਰੇ ਚਰਚਾ ਛੇੜੀ ਜਾਂਦੀ। ਬਹਿਰਹਾਲ... ਸੰਪਾਦਕ ਦੀ ਇਹ ਵਿਉਂਤਬੰਦੀ ਉਹਦੀ ਨਿੱਜੀ ਹੈ।

ਪੁਸਤਕ ਵਿਚਲੇ ਸਾਰੇ ਹੀ ਲੇਖਕਾਂ ਨੇ ਨਿੱਠ ਕੇ ਸੰਬੰਧਿਤ ਵਿਸ਼ੇ ਬਾਰੇ ਵਿਚਾਰ ਪ੍ਰਗਟ ਕੀਤੇ ਹਨ। ਅਰਵਿੰਦਰ ਕੌਰ ਕਾਕੜਾ ਨੇ 'ਸਮਕਾਲੀ ਪੰਜਾਬੀ ਨਾਰੀ ਕਾਵਿ ਦੀ ਦਸ਼ਾ ਤੇ ਦਿਸ਼ਾ' ਨੂੰ ਪਰਖਦਿਆਂ ਮਰਦ-ਔਰਤ ਦੇ ਰਿਸ਼ਤਿਆਂ, ਮਰਦ/ਪਿੱਤਰਸੱਤਾ ਨੂੰ ਵੰਗਾਰ, ਨਾਰੀ ਦੀ ਹੋਂਦ ਦੇ ਸੁਆਲ ਦੀ ਨਿਸ਼ਾਨਦੇਹੀ ਕੀਤੀ ਹੈ। ਸੁਰਜੀਤ ਕੌਰ ਨੇ 'ਸਮਕਾਲੀ ਕੈਨੇਡੀਅਨ ਪੰਜਾਬੀ ਕਵਿਤਾ ਦੇ ਥੀਮਕ ਪਾਸਾਰ' ਨੂੰ 'ਕੈਨੇਡਾ ਦੀ ਪੰਜਾਬੀ ਕਵਿਤਾ' (ਸੰਪਾ.ਸੁਖਵੰਤ ਹੁੰਦਲ), 'ਲਵੈਂਡਰ' (ਸੰਪਾ. ਸੁਰਜੀਤ ਟੋਰਾਂਟੋ) ਆਦਿ ਕਿਤਾਬਾਂ ਰਾਹੀਂ ਸਮਝਣ-ਸਮਝਾਉਣ ਦਾ ਯਤਨ ਕੀਤਾ ਹੈ। ਡਾ. ਸੰਦੀਪ ਕੌਰ ਨੇ 'ਸਮਕਾਲੀ ਪੰਜਾਬੀ ਕਵਿਤਾ ਦਾ ਭਾਸ਼ਾਈ ਪੈਰਾਡਾਈਮ' ਵਿੱਚ ਕਾਵਿ-ਸ਼ੈਲੀ ਵਿੱਚ ਕੀਤੇ ਤਜਰਬਿਆਂ ਨੂੰ ਗੰਭੀਰ ਅਧਿਐਨ ਦਾ ਵਿਸ਼ਾ ਬਣਾਇਆ ਹੈ। ਡਾ.ਸਿਮਰਨਜੀਤ ਸਿੰਘ ਨੇ 'ਸਮਕਾਲੀ ਕਵਿਤਾ ਵਿੱਚ ਯਥਾਰਥ ਤੇ ਸੰਚਾਰ' ਦੇ ਅੰਤਰਗਤ ਮੁੱਖ ਤੌਰ ਤੇ ਵਾਹਿਦ, ਕਰਨਜੀਤ ਕੋਮਲ ਅਤੇ ਰਣਧੀਰ ਲਿਖਤ ਕਾਵਿ-ਪੁਸਤਕਾਂ ਕ੍ਰਮਵਾਰ 'ਵਰਤਮਾਨ ਤੇ ਪਿਆ ਪੇਪਰਵੇਟ', 'ਬਰਕਤ' ਅਤੇ 'ਖ਼ਤ ਜੋ ਲਿਖਣੋਂ ਰਹਿ ਗਏ' ਨੂੰ ਆਧਾਰ ਬਣਾ ਕੇ ਡੂੰਘਾ ਮੁਲਾਂਕਣ ਕੀਤਾ ਹੈ। ਸਤਪਾਲ ਭੀਖੀ ਨੇ 'ਸਮਕਾਲੀ ਪੰਜਾਬੀ ਕਵਿਤਾ ਦੀ ਅੰਤਰਧੁਨੀ' ਵਿੱਚ ਇਸ ਕਵਿਤਾ ਨੂੰ ਨਿਵੇਕਲੀ ਸੁਰ ਰਾਹੀਂ ਸਮਕਾਲੀ ਸਰੋਕਾਰਾਂ ਦਾ ਟਾਕਰਾ ਕਰਨ ਦੇ ਸਮਰੱਥ ਦੱਸਿਆ ਹੈ। ਸੰਪਾਦਕ ਸੁਖਿੰਦਰ ਨੇ 'ਸਮਕਾਲੀ ਕਵਿਤਾ ਦੀ ਲੋਕ ਮਸਲਿਆਂ ਤੋਂ ਦੂਰੀ' ਵਿੱਚ ਸਪਸ਼ਟ ਕੀਤਾ ਹੈ ਕਿ ਬਹੁਤੇ ਕਵੀ ਕਵਿਤਾ ਦੇ ਰੂਪਾਂ ਨੂੰ ਹੀ ਮਹੱਤਵ ਦਿੰਦੇ ਹਨ ਤੇ ਤੱਤ ਕਿਧਰੇ ਛੁਪਿਆ ਰਹਿੰਦਾ ਹੈ। ਡਾ. ਹਰਜੋਤ ਕੌਰ ਖੈਹਿਰਾ ਦੇ ਲੇਖ 'ਸਮਕਾਲੀ ਪੰਜਾਬੀ ਕਵਿਤਾ : ਪਰਖ ਤੇ ਮੁਲਾਂਕਣ' ਵਿੱਚ ਕੁਝ ਨੁਕਤੇ ਉਠਾਏ ਗਏ ਹਨ ਅਤੇ ਕਿਸੇ ਕਵੀ ਦੀ

**ਰੀਵਿਊਕਾਰ : ਪ੍ਰੋ. ਨਵ ਸੰਗੀਤ ਸਿੰਘ**

ਰਚਨਾ ਨੂੰ ਆਧਾਰ ਨਹੀਂ ਬਣਾਇਆ। ਡਾ. ਜਸਪਾਲਜੀਤ ਨੇ 'ਨਾਰੀ ਕਾਵਿ ਇਤਿਹਾਸ/ਮਿਥਿਹਾਸ ਅਤੇ ਸਭਿਆਚਾਰਕ ਸੰਰਚਨਾ ਦਾ ਵਿਖੰਡਨ' ਰਾਹੀਂ ਨਾਮਵਰ/ਚਰਚਿਤ ਕਵਿੱਤਰੀਆਂ ਦੀਆਂ ਕਵਿਤਾਵਾਂ ਦੀ ਪੁਣਛਾਣ ਜ਼ਰੂਰ ਕੀਤੀ ਹੈ, ਪਰ ਨਵੇਂ/ਯੁਵਾ ਚਿਹਰੇ ਗ਼ੈਰ-ਹਾਜ਼ਰ ਹਨ। ਜਗਦੀਸ਼ ਰਾਣਾ ਨੇ ਸਮਕਾਲੀ ਕਵਿਤਾ ਨੂੰ ਕਿਰਤੀਆਂ-ਮਜ਼ਦੂਰਾਂ ਤੇ ਹਾਕਮ ਨੂੰ ਚੁਣੌਤੀ ਦੇਣ ਵਾਲੀ ਕਵਿਤਾ ਨੂੰ ਇਹਦਾ ਹਾਸਲ ਮੰਨਿਆ ਹੈ। ਡਾ. ਦਵਿੰਦਰ ਖ਼ੁਸ਼ ਧਾਲੀਵਾਲ ਨੇ 'ਸਮਕਾਲੀ ਕਵਿਤਾ ਦੀ ਵੱਖਰੀ ਪਛਾਣ ਤੇ ਚੁਣੌਤੀਆਂ' ਵਿੱਚ ਵਿਭਿੰਨਤਾ, ਸਮਾਜਕ ਸਰੋਕਾਰਾਂ ਤੇ ਨਵੀਆਂ ਸਾਹਿਤਕ ਸ਼ੈਲੀਆਂ ਦੀ ਗੱਲ ਕੀਤੀ ਹੈ।

ਦਲਜਿੰਦਰ ਰਹਿਲ ਦੇ ਲੇਖ 'ਯੂਰਪੀ ਪੰਜਾਬੀ ਕਵਿਤਾ' ਵਿੱਚ ਪਰਵਾਸ, ਝੂਹੇਰਵਾ, ਪਿਛੋਕੜ, ਪਰਖਦਿਆਂ ਅਤੇ ਵਤਨੀ ਪਰਿਸਥਿਤੀਆਂ ਦੀ ਗੱਲ ਕਰਦਿਆਂ ਵਧੇਰੇ ਕਰਕੇ ਉਨ੍ਹਾਂ ਦੇ ਯੋਗਦਾਨ ਨੂੰ ਉਭਾਰਿਆ ਗਿਆ ਹੈ। ਡਾ. ਦਰਸ਼ਨ ਸਿੰਘ ਆਸ਼ਟ ਨੇ ਆਪਣੇ ਵਿਸਤ੍ਰਿਤ ਲੇਖ 'ਸਮਕਾਲੀ ਬਾਲ ਕਵਿਤਾ ਦੇ ਵਿਸ਼ੇ' ਵਿੱਚ ਬੜੀ ਬਰੀਕੀ ਨਾਲ ਬਾਲ-ਕਵਿਤਾਵਾਂ ਵਿੱਚ ਪ੍ਰਸਤੁਤ ਪ੍ਰਵਿਰਤੀਆਂ ਨੂੰ ਉਭਾਰਿਆ ਹੈ। ਡਾ. ਪਵਨ ਸ਼ਰਮਾ ਨੇ 'ਸਮਕਾਲੀ ਕਵਿਤਾ ਦੀ ਦਸ਼ਾ ਤੇ ਦਿਸ਼ਾ' ਨੂੰ ਪਰਖਦਿਆਂ ਭਾਸ਼ਾ ਦੀ ਸੀਮਾ, ਕੰਪਿਊਟਰ ਤੇ ਇੰਟਰਨੈੱਟ, ਦੇਹਵਾਦੀ ਪ੍ਰਗਟਾਅ, ਆਤਮ ਮੁਕਤੀ, ਖੰਡਿਤ ਇਨਕਲਾਬ, ਉਪਭੋਗਤਾਵਾਦੀ ਸਮਾਜ, ਕਦਰਾਂ ਕੀਮਤਾਂ ਦੀ ਅਨਿਸ਼ਚਤਤਾ, ਅਸਤਿਤਵ, ਪਰਵਾਸ, ਦਲਿਤ ਵਰਗ, ਧਾਰਮਿਕ ਕੱਟੜਤਾ, ਸੱਤਾ ਦਾ ਵਿਰੋਧ ਜਿਹੇ ਮੁੱਦਿਆਂ ਨੂੰ ਉਭਾਰ ਕੇ ਰੇਖਾਂਕਿਤ ਕੀਤਾ ਹੈ। 'ਸਮਕਾਲੀ ਕਵਿਤਾ ਵਿੱਚ ਨਾਰੀ ਮਾਨਸਿਕਤਾ' ਨੂੰ ਪਰਿਭਾਸ਼ਿਤ ਕਰਦਿਆਂ ਪੁਸ਼ਪਿੰਦਰ ਵਿਰਕ ਨੇ ਮਨਜੀਤਪਾਲ ਕੌਰ, ਪਾਲ ਕੌਰ, ਵਨੀਤਾ, ਸੁਖਵਿੰਦਰ ਅੰਮ੍ਰਿਤ, ਭੁਪਿੰਦਰ ਪ੍ਰੀਤ, ਸ਼ਸ਼ੀ ਸਮੁੰਦਰਾ, ਮਨਜੀਤ ਟਿਵਾਣਾ, ਸ਼ਰਨ ਮੱਕੜ, ਨਿਰੂਪਮਾ ਦੱਤ ਜਿਹੀਆਂ ਸਥਾਪਤ ਤੇ ਵਿਖਿਆਤ ਕਵਿੱਤਰੀਆਂ ਦੇ ਕਲਾਮ ਰਾਹੀਂ ਨਿੱਜੀ ਪੀੜ ਤੋਂ ਜ਼ਿੰਦਗੀ ਤੇ ਸਮਾਜ ਦੇ ਵਿਭਿੰਨ ਪਾਸਾਰਾਂ ਨੂੰ ਆਧਾਰ ਬਣਾਇਆ ਹੈ। ਪਿਆਰਾ ਸਿੰਘ ਕੁੱਦੋਵਾਲ ਨੇ 'ਸਮਕਾਲੀ ਕੈਨੇਡੀਅਨ ਪੰਜਾਬੀ ਕਵਿਤਾ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ' ਵਿੱਚ ਇਹ ਸਿੱਟਾ ਕੱਢਿਆ ਹੈ ਕਿ ਕੈਨੇਡੀਅਨ ਪੰਜਾਬੀ ਕਵਿਤਾ ਹੁਣ ਸੀਮਾਵਾਂ ਵਿੱਚ ਬੱਝੀ ਹੋਈ ਨਹੀਂ ਹੈ ਤੇ ਝੂਹੇਰਵੇ ਨੂੰ ਪਿੱਛੇ ਛੱਡ ਕੇ ਬਹੁਤ ਅੱਗੇ ਲੰਘ ਗਈ ਹੈ। ਇਹ ਹੁਣ ਪੰਜਾਬੀ ਮੁੱਖਧਾਰਾ ਕਵਿਤਾ ਦੇ ਨਾਲ ਚੱਲਣ ਦੇ ਸਮਰੱਥ ਹੈ। ਬਲਵਿੰਦਰ ਸਿੰਘ ਚਾਹਲ ਦੇ ਲੇਖ 'ਬਰਤਾਨਵੀ ਕਵਿਤਾ : ਦਸ਼ਾ ਤੇ ਦਿਸ਼ਾ' ਵਿੱਚ ਇਸਨੂੰ ਚੰਗੇ ਤੇ ਸੁਖਾਵੇਂ ਮਾਹੌਲ ਵਿੱਚ ਗੁਜ਼ਰਦੀ ਹੋਈ ਵਿਖਾਇਆ ਗਿਆ ਹੈ ਤੇ ਸਪਸ਼ਟ ਕੀਤਾ ਹੈ ਕਿ ਇਹਦਾ ਖੇਤਰ ਵਿਸ਼ਾਲ ਤੇ ਉੱਚ ਪੱਧਰ ਦਾ ਹੋ ਚੁੱਕਾ ਹੈ।

ਡਾ. ਮੇਹਰ ਮਾਣਕ ਨੇ 'ਸਾਹਿਤਕ ਅਦਾਰਿਆਂ ਦੀ ਦਸ਼ਾ ਤੇ ਦਿਸ਼ਾ' ਦੇ ਪ੍ਰਸੰਗ ਵਿੱਚ ਸਮਕਾਲੀ ਪੰਜਾਬੀ ਕਵਿਤਾ ਦਾ ਅਵਲੋਕਨ ਕੀਤਾ ਹੈ। ਉਹਨੇ ਨਾਰੀ ਮਨ, ਬਾਲ ਕਾਵਿ, ਦਲਿਤ ਚੇਤਨਾ, ਪਰਵਾਸ, ਗਲੋਬਲ ਵਰਤਾਰੇ ਨੂੰ ਡੂੰਘੀ ਨਜ਼ਰ ਨਾਲ ਪਰਖਣ ਦੀ ਕੋਸ਼ਿਸ਼ ਕੀਤੀ ਹੈ। ਡਾ. ਮੋਹਨ ਬੇਗੋਵਾਲ ਨੇ 'ਵਿਸ਼ਵੀਕਰਨ ਦੇ ਬਦਲਦੇ ਦ੍ਰਿਸ਼ਟੀਕੋਣ ਵਿੱਚ ਸਮਕਾਲੀ ਪੰਜਾਬੀ ਕਵਿਤਾ' ਦਾ ਅਧਿਐਨ ਕਰਦਿਆਂ ਇਸ ਵਿੱਚ ਵਿਚਾਰ ਅਤੇ ਬੌਧਿਕਤਾ ਦੇ ਭਾਰੂ ਹੋਣ ਦੀ ਗੱਲ ਜ਼ੋਰ-ਸ਼ੋਰ ਨਾਲ ਕਹੀ ਹੈ। ਡਾ.ਯੋਗਰਾਜ ਦੇ ਲੇਖ 'ਨਵ-ਕਵਿਤਾ ਦੀ ਪੜ੍ਹਤ' ਵਿੱਚ ਸਮਕਾਲੀ ਪੰਜਾਬੀ ਕਵਿਤਾ ਨੂੰ ਬਹੁਤ ਪੈਨੀ ਦ੍ਰਿਸ਼ਟੀ ਤੋਂ ਵਾਚਿਆ ਗਿਆ ਹੈ। ਆਪਣੇ ਲੰਮੇ ਲੇਖ ਵਿੱਚ ਉਹਨੇ 1990 ਤੋਂ ਪਿੱਛੋਂ ਦੀ ਪੰਜਾਬੀ ਕਵਿਤਾ ਵਿੱਚ ਹਰ ਸਥਾਪਤ/ਯੁਵਾ ਕਵੀ ਦੇ ਕਲਾਮ ਨੂੰ ਵਿਚਾਰਧਾਰਕ, ਇਤਿਹਾਸਕ, ਕਾਵਿ-ਸ਼ਾਸਤਰੀ ਤੇ ਸੁਹਜ-ਸ਼ਾਸਤਰੀ ਪਰਿਪੇਖ ਤੋਂ ਡੂੰਘਾ ਮੁਤਾਲਿਆ ਕੀਤਾ ਹੈ। ਰਵਿੰਦਰ ਸਿੰਘ ਸੋਢੀ ਨੇ 'ਸਮਕਾਲੀ ਪੰਜਾਬੀ ਕਵਿਤਾ ਦੇ ਨਕਾਰਾਤਮਕ ਪਹਿਲੂ' ਵਿੱਚ ਕਈ ਪੱਖਾਂ ਦੀ ਨਿਸ਼ਾਨਦੇਹੀ ਕੀਤੀ ਹੈ, ਜਿਸ ਵਿੱਚ ਰਾਤੋ-ਰਾਤ ਵੱਡੇ ਕਵੀਆਂ ਦੀ ਸੂਚੀ ਵਿੱਚ ਆਪਣਾ ਨਾਂ ਵੇਖਣ ਦੀ ਲਾਲਸਾ, ਕਵੀਆਂ ਦਾ ਸਵੈ-ਪ੍ਰਗਟਾਵਾ ਅਤੇ ਪਾਠਕਾਂ ਤੋਂ ਦੂਰੀ, ਆਨਲਾਈਨ ਪੱਤਰ-ਪੱਤ੍ਰਿਕਾਵਾਂ ਦਾ ਡਿੱਗਦਾ ਮਿਆਰ, ਪ੍ਰਕਾਸ਼ਕਾਂ ਵੱਲੋਂ ਪੈਸੇ ਲੈ ਕੇ ਤਿਆਰ ਕੀਤੇ ਘਟੀਆ ਮਿਆਰ ਵਾਲੇ ਕਾਵਿ-ਸੰਗ੍ਰਹਿਆਂ ਦਾ ਲੇਖਾ-ਜੋਖਾ ਹੈ। ਡਾ. ਲਖਵਿੰਦਰ ਸਿੰਘ ਜੌਹਲ ਦਾ ਲੇਖ 'ਉੱਤਰ-ਪ੍ਰਗਤੀਵਾਦੀ ਪਰਿਪੇਖ ਵਿੱਚ ਸਮਕਾਲੀ ਪੰਜਾਬੀ ਕਵਿਤਾ' ਦਾ ਨਿਕਟ ਅਵਲੋਕਨ ਕਰਦਾ ਹੈ, ਜਿਸ ਵਿੱਚ ਉਹਨੇ ਇਤਿਹਾਸ, ਸਭਿਆਚਾਰ ਅਤੇ ਸਮਾਜ ਦੇ ਦਵੰਦ, ਗਿਆਨ, ਸਾਹਿਤ, ਰਾਜਨੀਤੀ ਅਤੇ ਸੱਤਾ ਦੇ ਸੰਕਲਪਾਂ ਬਾਰੇ ਚਰਚਾ ਕਰਦਿਆਂ ਕਵੀ-ਦਰਬਾਰਾਂ, ਗੋਸ਼ਟੀਆਂ, ਸੈਮੀਨਾਰਾਂ, ਸਾਹਿਤ ਮੇਲਿਆਂ ਵਿੱਚ ਹੁੰਦੀ ਬਨਾਉਟੀ ਪ੍ਰਸ਼ੰਸਾ ਨੂੰ ਦਰਕਿਨਾਰ ਕਰਨ ਦਾ ਮੁੱਦਾ ਚੁੱਕਿਆ ਹੈ।




ਉਪਰੋਕਤ ਤੋਂ ਬਿਨਾਂ ਬਾਕੀ ਦੇ ਲੇਖਾਂ ਵਿੱਚ ਸੁਖਿੰਦਰ ਦੀ ਕਾਵਿ-ਕਿਤਾਬ 'ਗਿਰਗਟਾਂ ਦਾ ਮੌਸਮ' ਨੂੰ ਆਧਾਰ ਬਣਾ ਕੇ ਸਮੀਖਿਆ ਕੀਤੀ ਗਈ ਹੈ। ਇਨ੍ਹਾਂ ਵਿੱਚ ਵੀ ਡਾ ਹਰਭਜਨ ਸਿੰਘ ਭਾਟੀਆ ਦੀ ਇੱਕ ਸੰਖਿਪਤ ਟਿੱਪਣੀ ਨੂੰ ਸ਼ਾਮਲ ਕੀਤਾ ਗਿਆ ਹੈ। ਸੁਖਿੰਦਰ ਨੇ ਪੁਸਤਕ ਦੀ ਭੂਮਿਕਾ ਵਿੱਚ ਤਿੰਨ ਤਰ੍ਹਾਂ ਦੇ ਲੇਖਕਾਂ ਦਾ ਜ਼ਿਕਰ ਕੀਤਾ ਹੈ : ਪਹਿਲੇ, ਜੋ ਆਲੋਚਨਾਤਮਕ ਨਿਬੰਧ ਲਿਖਣਾ ਸਿੱਖ ਰਹੇ ਹਨ, ਦੂਜੇ, ਜਿਨ੍ਹਾਂ ਨੂੰ ਕੁਝ ਸਾਲਾਂ ਦਾ ਅਜਿਹੇ ਨਿਬੰਧ ਲਿਖਣ ਦਾ ਤਜਰਬਾ ਹੈ ਤੇ ਤੀਜੇ ਉਹ, ਜਿਨ੍ਹਾਂ ਨੂੰ ਅਨੇਕਾਂ ਦਹਾਕਿਆਂ ਦਾ ਤਜਰਬਾ ਹੈ। ਉਹਨੇ ਇਹ ਵੀ ਕਿਹਾ ਹੈ ਕਿ ਕਈ ਲੇਖਕ ਅਜਿਹੇ ਵੀ ਹਨ ਜਿਨ੍ਹਾਂ ਨੂੰ 'ਸਮਕਾਲੀ ਪੰਜਾਬੀ ਕਵਿਤਾ' ਸ਼ਬਦ ਦੇ ਅਰਥ ਹੀ ਪਤਾ ਨਹੀਂ (ਪੰਨਾ 13-14)। ਤਾਂ ਵੀ ਇਸ ਵਿਸ਼ੇ ਤੇ ਇੰਨੀ ਸੰਜੀਦਾ/ਗੰਭੀਰ ਪੁਸਤਕ ਦੀ ਸੰਪਾਦਨਾ ਲਈ ਸੁਖਿੰਦਰ ਦੀ ਮਿਹਨਤ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ। ਹਰ ਲੇਖ ਨਾਲ ਲੇਖਕ ਦੀ ਤਸਵੀਰ ਦਿੱਤੀ ਗਈ ਹੈ ਤੇ ਅੰਤ ਵਿੱਚ ਲੇਖਕਾਂ ਦੇ ਈਮੇਲ ਪਤੇ ਸ਼ਾਮਲ ਹਨ। ਸਮਕਾਲੀ ਪੰਜਾਬੀ ਕਵਿਤਾ ਦੇ ਮੁਹਾਂਦਰੇ, ਨੈਣ-ਨਕਸ਼, ਤੇਵਰ ਤੇ ਪਾਸਾਰਾਂ ਨੂੰ ਜਾਣਨ, ਸਮਝਣ ਅਤੇ ਪਰਖਣ ਹਿਤ ਇਹ ਪੁਸਤਕ ਢੁਕਵੀਂ ਸਾਮੱਗਰੀ ਮੁਹੱਈਆ ਕਰਵਾਉਂਦੀ ਹੈ।

# ਚੰਗਾ ਸੋਚੋਗੇ ਤਾਂ ਚੰਗਾ ਹੋਵੇਗਾ

ਅੱਜ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਮਨੁੱਖ ਆਪਣੇ ਅੰਦਰ ਦੀਆਂ ਸ਼ਕਤੀਆਂ ਨੂੰ ਭੁੱਲ ਗਿਆ ਹੈ ।ਉਹ ਆਪਣੇ ਚੌਤਰਫੇ ਬੀਤ ਰਹੀਆਂ ਘਟਨਾਵਾਂ ਨੂੰ ਹੀ ਆਪਣੀ ਜ਼ਿੰਦਗੀ ਸਮਝਣ ਲੱਗ ਪਿਆ ਹੈ। ਉਸ ਦੀ ਸੋਚ ਉੱਤੇ ਬਾਹਰੀ ਵਰਤਾਰਾ ਭਾਰੂ ਹੋ ਗਿਆ ਹੈ। ਉਸ ਦੀ ਸੋਚ ਵੀ ਆਪਣੀ ਨਿੱਜੀ ਨਹੀਂ ਰਹੀ ਹੈ। ਉਹ ਆਪਣੇ ਨਾਲੋਂ ਵੱਧ ਹੋਰ ਲੋਕਾਂ ਬਾਰੇ ਸੋਚਦਾ ਹੈ,ਉਹ ਸਿਰਫ਼ ਉਹ ਬਣਨਾ ਚਾਹੁੰਦਾ ਹੈ ਜੋ ਦੂਜਿਆਂ ਨੂੰ ਬਣਦੇ ਦੇਖਦਾ ਹੈ। ਜੋ ਕੁਝ ਦੁਨੀਆਂ ਵਿੱਚ ਵਾਪਰ ਰਿਹਾ ਹੈ ਉਸ ਨੂੰ ਆਪਣੀ ਸੋਚ ਉੱਤੇ ਭਾਰੂ ਕਰ ਲੈਂਦਾ ਹੈ। ਇਸ ਤਰ੍ਹਾਂ ਕਰਨ ਨਾਲ ਉਹ ਨਾ ਤਾਂ ਆਪਣੇ ਟੀਚੇ ਮਿੱਥ ਸਕਦਾ ਹੈ ਤੇ ਮਕਸਦ ਤੋਂ ਵਿਹੂਣੀ ਭਟਕਣ ਵਾਲ ?ੀ ਜ਼ਿੰਦਗੀ ਨੂੰ ਚੁਣ ਲੈਂਦਾ ਹੈ। ਅੱਜ ਕੱਲ੍ਹ ਦੇ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਸਾਡੇ ਆਲ ? ਦੁਆਲ ? ਵਾਪਰ ਰਹੀਆਂ ਘਟਨਾਵਾਂ ਮਨੁੱਖ ਦੀ ਸੋਚ ਉੱਤੇ ਭਾਰੂ ਹੋ ਰਹੀਆਂ ਹਨ, ਜਿਸ ਕਾਰਨ ਮਨੁੱਖ ਨਾਕਾਰਾਤਮਕ ਸੋਚ ਦਾ ਧਾਰਨੀ ਬਣਦਾ ਜਾ ਰਿਹਾ ਹੈ। ਇਸੇ ਕਰਕੇ ਹੀ ਅੱਜ ਦੇ ਮਨੁੱਖ ਦੀ ਜ਼ਿੰਦਗੀ ਦਿਸ਼ਾਹੀਣ ਤੇ ਭਟਕਣ ਭਰੀ ਬਣਦੀ ਜਾ ਰਹੀ ਹੈ ।ਇਸ ਸਭ ਤੋਂ ਬਚਣ ਲਈ ਮਨੁੱਖ ਨੂੰ ਸਭ ਤੋਂ ਪਹਿਲਾਂ ਆਪਣੀ ਸੋਚ ਉੱਤੇ ਧਿਆਨ ਦੇਣ ਦੀ ਲੋੜ ਹੈ।



ਇਨਸਾਨ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਾਥੀ ਉਸ ਦੀ ਸੋਚ ਹੁੰਦੀ ਹੈ। ਇਨਸਾਨ ਦੀ ਜਿਹੋ ਜਿਹੀ ਸੋਚ ਹੁੰਦੀ ਹੈ ਉਹੋ ਜਿਹਾ ਹੀ ਉਸ ਦਾ ਜੀਵਨ ਬਣ ਜਾਂਦਾ ਹੈ। ਜੇ ਮਨ ਵਿੱਚ ਉਮੀਦ, ਵਿਸ਼ਵਾਸ ਅਤੇ ਚੰਗੇ ਵਿਚਾਰ ਹੋਣ ਤਾਂ ਔਖੇ ਤੋਂ ਔਖੇ ਹਾਲਾਤ ਵੀ ਆਸਾਨ ਲੱਗਣ ਲੱਗ ਜਾਂਦੇ ਹਨ। ਇਸੇ ਲਈ ਤਾਂ ਕਿਹਾ ਜਾਂਦਾ ਹੈ ਕਿ ÷ਚੰਗਾ ਸੋਚੋਗੇ ਤਾਂ ਚੰਗਾ ਹੋਵੇਗਾ।÷ ਇਹ ਸਿਰਫ਼ ਇੱਕ ਕਹਾਵਤ ਨਹੀਂ, ਸਗੋਂ ਸਫ਼ਲ ਅਤੇ ਸੰਤੁਲਿਤ ਜੀਵਨ ਦਾ ਮੂਲ ਮੰਤਰ ਹੈ। ਇੱਕ ਕਿਸਾਨ ਜਦੋਂ ਖੇਤ ਵਿੱਚ ਬੀਜ ਬੀਜਦਾ ਹੈ ਤਾਂ ਉਸ ਨੂੰ ਪੂਰਾ ਯਕੀਨ ਹੁੰਦਾ ਹੈ ਕਿ ਇੱਕ ਦਿਨ ਇਹ ਬੀਜ ਹਰੀ-ਭਰੀ ਫ਼ਸਲ ਬਣੇਗਾ। ਜੇ ਉਹ ਪਹਿਲਾਂ ਹੀ ਸੋਚ ਲਵੇ ਕਿ ਫ਼ਸਲ ਨਹੀਂ ਹੋਣੀ, ਤਾਂ ਉਹ ਕਦੇ ਮਿਹਨਤ ਹੀ ਨਾ ਕਰੇ। ਉਸ ਦੀ ਸਕਾਰਾਤਮਕ ਸੋਚ ਹੀ ਉਸ ਨੂੰ ਸਵੇਰ ਤੋਂ ਸ਼ਾਮ ਤੱਕ ਮਿਹਨਤ ਕਰਨ ਲਈ ਪ੍ਰੇਰਿਤ ਕਰਦੀ ਹੈ। ਉਸ ਦੀ ਮਿਹਨਤ ਅਤੇ ਚੰਗੀ ਸੋਚ ਮਿਲ ? ਕੇ ਉਸ ਦੇ ਸੁਪਨੇ ਨੂੰ ਹਕੀਕਤ ਬਣਾ ਦਿੰਦੇ ਹਨ। ਇਸੇ ਤਰ੍ਹਾਂ ਇੱਕ ਵਿਦਿਆਰਥੀ ਜੇ ਪੇਪਰ ਤੋਂ ਪਹਿਲਾਂ ਇਹ ਸੋਚੇ ਕਿ ਉਹ ਤਾਂ ਫੇਲ੍ਹ ਹੀ ਹੋ ਜਾਵੇਗਾ ਤਾਂ ਉਸ ਦਾ ਡਰ ਉਸ ਦੀ ਮਾਨਸਿਕਤਾ ਨੂੰ ਐਨਾ ਕਮਜ਼ੋਰ ਕਰ ਦੇਵੇਗਾ ਕਿ ਉਸ ਦਾ ਪੜ੍ਹਨ ਨੂੰ ਦਿਲ ਨਹੀਂ ਕਰੇਗਾ ਤੇ ਨਿਸ਼ਚਿਤ ਹੀ ਉਹ ਫੇਲ੍ਹ ਹੋ ਜਾਵੇਗਾ। ਪਰ ਇਸ ਦੇ ਉਲਟ ਜੇ ਉਹ ਸੋਚੇ ਕਿ ਉਹ ਪੂਰੀ ਮਿਹਨਤ ਕਰੇਗਾ ਤੇ ਵੱਧ ਤੋਂ ਵੱਧ ਅੰਕ ਲੈਣ ਦੀ ਕੋਸ਼ਿਸ਼ ਕਰੇਗਾ ਤਾਂ ਉਸ ਨੂੰ ਵੱਧ ਅੰਕ ਲੈਣ ਤੋਂ ਕੋਈ ਨਹੀਂ ਰੋਕ ਸਕੇਗਾ। ਉਸ ਦੀ ਸੋਚ ਨਾਲ ਉਸ ਦਾ ਆਤਮ-ਵਿਸ਼ਵਾਸ ਵਧਦਾ ਹੈ। ਇਹ ਸਕਾਰਾਤਮਕ ਸੋਚ ਉਸ ਨੂੰ ਹੋਰ ਲਗਨ ਨਾਲ ਪੜ੍ਹਨ ਲਈ ਪ੍ਰੇਰਿਤ ਕਰਦੀ ਹੈ ਅਤੇ ਨਤੀਜੇ ਵੀ ਅਕਸਰ ਵਧੀਆ ਹੁੰਦੇ ਹਨ।

ਸਕਾਰਾਤਮਕ ਸੋਚ ਦੀ ਇੱਕ ਮਾਲੀ ਤੋਂ ਵਧੀਆ ਉਦਾਹਰਣ ਹੋਰ ਕੋਈ ਨਹੀਂ ਹੋ ਸਕਦੀ ।ਜਦੋਂ ਉਹ ਇੱਕ ਨਿੱਕਾ ਜਿਹਾ ਪੌਦਾ ਲਗਾਉਂਦਾ ਹੈ ਤਾਂ ਉਸ ਨੂੰ ਤੁਰੰਤ ਛਾਂ ਜਾਂ ਫ਼ਲ ? ਨਹੀਂ ਮਿਲਣੇ ਹੁੰਦੇ ਪਰ ਫਿਰ ਵੀ ਉਹ ਉਸ ਪੌਦੇ ਨੂੰ ਰੋਜ਼ ਪਾਣੀ ਦੇਂਦਾ ਹੈ, ਦੇਖ ਭਾਲ ? ਕਰਦਾ ਹੈ, ਕਿਉਂਕਿ ਉਸ ਨੂੰ ਭਰੋਸਾ ਹੁੰਦਾ ਹੈ ਕਿ ਇੱਕ ਦਿਨ ਇਹ ਪੌਦਾ ਵੱਡਾ ਰੁੱਖ ਬਣੇਗਾ ਬਣੇਗਾ। ਉਸ ਦਾ ਇਹ ਵਿਸ਼ਵਾਸ ਹੀ ਉਸ ਦੀ ਮਿਹਨਤ ਨੂੰ ਅਰਥ ਦਿੰਦਾ ਹੈ।

**ਬਰਜਿੰਦਰ ਕੌਰ ਬਿਸਰਾਓ...**
**9988901324**

ਇੱਕ ਪਰਿਵਾਰ ਵਿੱਚ ਜੇ ਹਰ ਮੈਂਬਰ ਇੱਕ-ਦੂਜੇ ਬਾਰੇ ਚੰਗਾ ਸੋਚੇ, ਇੱਕ ਦੂਜੇ ਦੀਆਂ ਗੱਲਾਂ ਨੂੰ ਸ਼ੱਕ ਦੀ ਥਾਂ ਧਿਆਨ ਅਤੇ ਭਰੋਸੇ ਨਾਲ ? ਸੁਣੇ ਅਤੇ ਦੂਜਿਆਂ ਦੀਆਂ ਛੋਟੀਆਂ-ਛੋਟੀਆਂ ਗ਼ਲਤੀਆਂ ਨੂੰ ਮਾਫ਼ ਕਰਨਾ ਸਿੱਖ ਲਵੇ, ਤਾਂ ਘਰ ਵਿੱਚ ਪਿਆਰ, ਸਤਿਕਾਰ ਅਤੇ ਖ਼ੁਸ਼ਹਾਲੀ ਬਣੀ ਰਹੇਗੀ। ਇਹੋ ਜਿਹੇ ਘਰਾਂ ਵਿੱਚ ਝਗੜਿਆਂ ਦੀ ਥਾਂ ਮੁਸਕਰਾਹਟਾਂ ਜਨਮ ਲੈਂਦੀਆਂ ਹਨ। ਚੰਗੀ ਸੋਚ ਰਿਸ਼ਤਿਆਂ ਨੂੰ ਵੀ ਖ਼ੂਬਸੂਰਤ ਬਣਾ ਦਿੰਦੀ ਹੈ। ਅਸੀਂ ਅਕਸਰ ਵੇਖਦੇ ਹਾਂ ਕਿ ਕੁਝ ਲੋਕ ਹਰ ਮੁਸ਼ਕਲ ਵਿੱਚੋਂ ਵੀ ਹੱਲ ਲੱਭ ਲੈਂਦੇ ਹਨ, ਜਦਕਿ ਕੁਝ ਲੋਕ ਛੋਟੇ ਜਿਹੇ ਕੰਮ ਵਿੱਚ ਨੂੰ ਵੀ ਵੱਡੀ ਤੋਂ ਵੱਡੀ ਮੁਸ਼ਕਲ ਬਣਾ ਕੇ ਪੇਸ਼ ਕਰਦੇ ਹਨ। ਫ਼ਰਕ ਹਾਲਾਤਾਂ ਵਿੱਚ ਨਹੀਂ, ਸਗੋਂ ਸਿਰਫ਼ ਸੋਚ ਵਿੱਚ ਹੁੰਦਾ ਹੈ। ਕਦੇ ਨਾ ਭੁੱਲੋ ਬੱਚਾ ਵੀ ਡਿੱਗ ਡਿੱਗ ਕੇ ਤੁਰਨਾ ਸਿੱਖਦਾ ਹੈ,ਇਸੇ ਤਰ੍ਹਾਂ ਜਿਹੜਾ ਇਨਸਾਨ ਡਿੱਗ ਕੇ ਵੀ ਉੱਠਣ ਦਾ ਹੌਸਲਾ ਰੱਖਦਾ ਹੈ, ਉਹੀ ਇੱਕ ਦਿਨ ਮੰਜ਼ਿਲ ਤੱਕ ਪਹੁੰਚਦਾ ਹੈ।

ਸਾਕਾਰਾਤਮਕ ਸੋਚ ਦਾ ਇਹ ਮਤਲਬ ਨਹੀਂ ਕਿ ਜ਼ਿੰਦਗੀ ਵਿੱਚ ਕਦੇ ਵੀ ਮੁਸ਼ਕਲਾਂ ਨਹੀਂ ਆਉਣਗੀਆਂ ।ਬਲਕਿ ਇਸ ਦਾ ਮਤਲਬ ਇਹ ਹੁੰਦਾ ਹੈ ਕਿ ਮੁਸ਼ਕਲਾਂ ਸਾਹਮਣੇ ਆਉਣ 'ਤੇ ਅਸੀਂ ਉਹਨਾਂ ਦਾ ਸਾਹਮਣਾ ਕਿਵੇਂ ਕਰਨਾ ਹੈ ਤੇ ਕਦੇ ਹਿੰਮਤ ਨਹੀਂ ਹਾਰਨੀ। ਕਦੇ ਨਾ ਭੁੱਲੋ ਹਨੇਰਾ ਭਾਵੇਂ ਕਿੰਨਾ ਵੀ ਗਾੜ੍ਹਾ ਕਿਉਂ ਨਾ ਹੋਵੇ ਪਰ ਇੱਕ ਛੋਟਾ ਜਿਹਾ ਦੀਵਾ ਉਸ ਨੂੰ ਆਪਣੇ ਪ੍ਰਕਾਸ਼ ਨਾਲ ਉਸ ਨੂੰ ਮਿਟਾ ਸਕਦਾ ਹੈ ਹੈ। ਬਿਲਕੁਲ ਇਸੇ ਤਰ੍ਹਾਂ ਇੱਕ ਚੰਗਾ ਵਿਚਾਰ ਦੀਵੇ ਵਾਂਗ ਮਨੁੱਖੀ ਮਨ ਅੰਦਰ ਪੈਦਾ ਹੋਈ ਨਿਰਾਸ਼ਾ ਦੇ ਹਨੇਰੇ ਨੂੰ ਦੂਰ ਕਰ ਸਕਦਾ ਹੈ। ਹਮੇਸ਼ਾਂ ਯਾਦ ਰੱਖੋ ਤੁਹਾਡੀ ਇੱਕ ਮੁਸਕਰਾਹਟ, ਇੱਕ ਹੌਸਲੇ ਭਰਿਆ ਸ਼ਬਦ, ਇੱਕ ਸੱਚੀ ਦੁਆ ਜਾਂ ਕਿਸੇ ਦੀ ਮਦਦ ਕਰਨ ਦੀ ਭਾਵਨਾ ਹੀ ਸਕਾਰਾਤਮਕ ਸੋਚ ਦਾ ਇੱਕ ਰੂਪ ਹੁੰਦਾ ਹੈ। ਇਹ ਛੋਟੇ-ਛੋਟੇ ਨੇਕ ਕੰਮ ਨਾ ਸਿਰਫ਼ ਦੂਜਿਆਂ ਦੀ ਜ਼ਿੰਦਗੀ ਵਿੱਚ ਰੌਸ਼ਨੀ ਲਿਆਉਂਦੇ ਹਨ, ਸਗੋਂ ਸਾਡੇ ਆਪਣੇ ਮਨ ਨੂੰ ਵੀ ਸ਼ਾਂਤੀ ਅਤੇ ਖ਼ੁਸ਼ੀ ਨਾਲ ਭਰ ਦਿੰਦੇ ਹਨ। ਸਾਡੀ ਇੱਕ ਸੋਚ ਇੱਕ ਬੀਜ ਵਾਂਗ ਹੈ। ਜੇ ਅਸੀਂ ਚੰਗੇ ਵਿਚਾਰਾਂ ਦਾ ਬੀਜ ਬੀਜਾਂਗੇ, ਮਿਹਨਤ ਅਤੇ ਸਬਰ ਨਾਲ ਉਸ ਦੀ ਸੰਭਾਲ ਕਰਾਂਗੇ, ਤਾਂ ਇੱਕ ਦਿਨ ਸਫ਼ਲਤਾ, ਖ਼ੁਸ਼ੀ ਅਤੇ ਸੰਤੁਸ਼ਟੀ ਦਾ ਫ਼ਲ ? ਜ਼ਰੂਰ ਮਿਲ ?ਗਾ। ਇਸ ਲਈ ਹਰ ਸਵੇਰ ਆਪਣੇ ਮਨ ਅੰਦਰ ਆਪਣੇ ਅਤੇ ਦੂਜਿਆਂ ਲਈ ਚੰਗੀ ਸੋਚ ਪੈਦਾ ਕਰੋ,ਕਿਉਂਕਿ ਅਕਸਰ ਜ਼ਿੰਦਗੀ ਸਾਨੂੰ ਉਹੀ ਵਾਪਸ ਦਿੰਦੀ ਹੈ ਜੋ ਅਸੀਂ ਆਪਣੇ ਵਿਚਾਰਾਂ ਅਤੇ ਕਰਮਾਂ ਰਾਹੀਂ ਉਸ ਨੂੰ ਦਿੰਦੇ ਹਾਂ। ਮਨੁੱਖ ਦੀ ਸੋਚ ਬਦਲਣ ਨਾਲ ਹੀ ਜ਼ਿੰਦਗੀ ਬਦਲ ਸਕਦੀ ਹੈ। ਇਸੇ ਲਈ ਤਾਂ ਕਿਹਾ ਜਾਂਦਾ ਹੈ ਕਿ ਚੰਗਾ ਸੋਚੋਗੇ ਤਾਂ ਚੰਗਾ ਹੀ ਹੋਵੇਗਾ।



# ਪੰਜਾਬ ’ਤੇ ਹੜ੍ਹਾਂ ਦਾ ਸੰਕਟ !

ਗੁਰਪ੍ਰੀਤ
95698-20314

ਗੁਜ਼ਰਿਆ ਸਾਲ 2025 ਪੰਜਾਬ ਲਈ ਦਹਾਕਿਆਂ ਦੀ ਸਭ ਤੋਂ ਵੱਡੀ ਤਬਾਹੀ ਲੈ ਕੇ ਆਇਆ। ਅੰਕੜੇ ਦੱਸਦੇ ਹਨ ਕਿ 2023-2025 ਦੇ ਹੜ੍ਹਾਂ ਦੌਰਾਨ 80 ਤੋਂ ਵੱਧ ਕੀਮਤੀ ਜਾਨਾਂ ਚਲੀਆਂ ਗਈਆਂ ਅਤੇ ਲਗਭਗ 3 ਲੱਖ ਤੋਂ ਜ਼ਿਆਦਾ ਪਸ਼ੂ ਮਾਰੇ ਗਏ। ਸਭ ਤੋਂ ਵੱਧ ਮਾਰ ਕਿਸਾਨੀ ’ਤੇ ਪਈ ਹੈ, ਜਿੱਥੇ ਲੱਖਾਂ ਏਕੜ ਉਪਜਾਊ ਜ਼ਮੀਨ ਹੜ੍ਹ ਦੇ ਪਾਣੀ ਅਤੇ ਰੇਤ ਕਾਰਨ ਬਰਬਾਦ ਹੋ ਗਈ। ਹੈਰਾਨੀ ਦੀ ਗੱਲ ਇਹ ਹੈ ਕਿ ਇੰਨੀ ਵੱਡੀ ਤਬਾਹੀ ਦੇ ਬਾਵਜੂਦ, ਪ੍ਰਸ਼ਾਸਨਿਕ ਪੱਧਰ ’ਤੇ ਅਜੇ ਤੱਕ ਕੋਈ ਠੋਸ ਸਬਕ ਨਹੀਂ ਲਿਆ ਗਿਆ। ਅਗਲੇ ਹੜ੍ਹ ਦੇ ਸੀਜ਼ਨ ਵਿੱਚ ਹੁਣ ਸਿਰਫ਼ 4 ਮਹੀਨੇ ਬਾਕੀ ਹਨ, ਪਰ ਤਿਆਰੀਆਂ ਅਜੇ ਵੀ ਕਾਗਜ਼ੀ ਜਾਪਦੀਆਂ ਹਨ।

ਪੰਜਾਬ ਦੇ ਜਲ ਪ੍ਰਬੰਧਨ ਦਾ ਸਭ ਤੋਂ ਕਮਜ਼ੋਰ ਪੱਖ ਸਾਡੇ ਡੈਮਾਂ ਵਿੱਚ ਜਮਾਂ ਹੋ ਰਹੀ ਗਾਰ ਹੈ। ਭਾਖੜਾ ਡੈਮ ਅਤੇ ਗੋਬਿੰਦ ਸਾਗਰ ਝੀਲ ਦੀ ਮੌਜੂਦਾ ਸਥਿਤੀ ਅਤਿ ਚਿੰਤਾਜਨਕ ਹੈ।ਇੱਕ ਰਿਪੋਰਟ ਦੇ ਮੁਤਾਬਿਕ, ਭਾਖੜਾ ਡੈਮ ਦੀ 9 ਬਿਲੀਅਨ ਕਿਊਬਿਕ ਮੀਟਰ ਸਮਰੱਥਾ ਵਿੱਚੋਂ ਲਗਭਗ 2 ਬਿਲੀਅਨ ਕਿਊਬਿਕ ਮੀਟਰ ਹਿੱਸਾ ਗਾਰ ਨਾਲ ਭਰ ਚੁੱਕਾ ਹੈ। ਇਸ ਡੈਮ ਵਿੱਚ 100 ਤੋਂ 200 ਫੁੱਟ ਤੱਕ ਗਾਰ ਜਮਾਂ ਹੋ ਗਈ ਹੈ, ਜਿਸ ਕਾਰਨ ਪਾਣੀ ਸਟੋਰ ਕਰਨ ਦੀ ਜਗ ?ਹਾ ਲਗਾਤਾਰ ਘਟ ਰਹੀ ਹੈ। ਜੇਕਰ ਤੁਰੰਤ ’ਡੀਸਿਲਟਿੰਗ’ (ਗਾਰ ਦੀ ਸਫ਼ਾਈ) ਨਾ ਕੀਤੀ ਗਈ, ਤਾਂ ਮਾਮੂਲੀ ਬਾਰਿਸ਼ ਹੋਣ ’ਤੇ ਵੀ ਡੈਮਾਂ ਦੇ ਫਲੱਡ ਗੇਟ ਖੋਲ੍ਹਣੇ ਪੈਣਗੇ, ਜੋ ਸਿੱਧੇ ਤੌਰ ’ਤੇ ਹੇਠਲੇ ਇਲਾਕਿਆਂ ਵਿੱਚ ਹੜ੍ਹ ਦਾ ਕਾਰਨ ਬਣਨਗੇ।

ਦੂਜੇ ਪਾਸੇ, ਦਰਿਆਵਾਂ ਤੇ ਹੋਰਨਾਂ ਵੱਡੀਆਂ ਨਦੀਆਂ ਦੇ ਕੁਦਰਤੀ ਰਸਤੇ ਵਿੱਚ ਮਨੁੱਖੀ ਦਖਲਅੰਦਾਜ਼ੀ ਹੜ੍ਹਾਂ ਦੀ ਸਥਿਤੀ ਨੂੰ ਹੋਰ ਗੰਭੀਰ ਬਣਾ ਰਹੀ ਹੈ। ਨਦੀਆਂ ਦੇ ਕਿਨਾਰਿਆਂ ’ਤੇ ਹੋ ਰਹੇ ਨਾਜਾਇਜ਼ ਕਬਜ਼ੇ ਅਤੇ ਗੈਰ-ਕਾਨੂੰਨੀ ਮਾਈਨਿੰਗ ਨੇ ਦਰਿਆਵਾਂ ਦੀ ਬਣਤਰ ਬਦਲ ਦਿੱਤੀ ਹੈ। ਪਾਣੀ ਨੂੰ ਆਪਣਾ ਰਸਤਾ ਨਾ ਮਿਲਣ ਕਾਰਨ ਇਹ ਬੰਨ੍ਹ ਤੋੜ ਕੇ ਪਿੰਡਾਂ ਅਤੇ ਖੇਤਾਂ ਵਿੱਚ ਦਾਖ਼ਲ ਹੋ ਜਾਂਦਾ ਹੈ। ਨਦੀਆਂ ਦੇ ਕਿਨਾਰਿਆਂ ਨੂੰ ਆਰ.ਸੀ.ਸੀ. ਲਾਈਨਿੰਗ ਜਾਂ ਹੈਵੀ ਸ਼ੀਟ ਪ੍ਰੋਟੈਕਸ਼ਨ ਰਾਹੀਂ ਮਜ਼ਬੂਤ ਕਰਨਾ ਹੁਣ ਸਮੇਂ ਦੀ ਮੁੱਖ ਲੋੜ ਬਣ ਗਿਆ ਹੈ।

ਅਜੋਕੇ ਯੁੱਗ ਵਿੱਚ ਹੜ੍ਹ ਰੋਕਣ ਲਈ ਸਿਰਫ਼ ਬੰਨ੍ਹ ਮਜ਼ਬੂਤ ਕਰਨਾ ਕਾਫ਼ੀ ਨਹੀਂ ਹੈ। ਇਸ ਲਈ ਆਧੁਨਿਕ ਤਕਨੀਕ ਦਾ ਸਹਾਰਾ ਲੈਣਾ ਪਵੇਗਾ। ਬਾਰਿਸ਼ ਅਤੇ ਪਾਣੀ ਦੇ ਵਹਾਅ ਦੀ ਅਗਾਊਂ ਭਵਿੱਖਬਾਣੀ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਸੈਟੇਲਾਈਟ ਡਾਟਾ ਦੀ ਵਰਤੋਂ ਹੋਣੀ ਚਾਹੀਦੀ ਹੈ। ਹਰ ਨਾਗਰਿਕ ਤੱਕ ਹੜ੍ਹ ਦੀ ਸੂਚਨਾ ਸਮੇਂ ਸਿਰ ਪਹੁੰਚਾਉਣ ਲਈ ਇੱਕ ਮਜ਼ਬੂਤ ਡਿਜੀਟਲ ਸਿਸਟਮ ਹੋਣਾ ਚਾਹੀਦਾ ਹੈ। ਦਰਿਆਵਾਂ ਦੇ ਅਕਾਰ ਦੇ ਨਾਲ-ਨਾਲ, ਦਰਿਆਵਾਂ ਦੀ ਸਥਿਤੀ ਅਤੇ ਪਾਣੀ ਦੀ ਗੁਣਵੱਤਾ ਦੀ ਜਾਂਚ ਲਈ ਇੱਕ ਪਾਰਦਰਸ਼ੀ ਇੰਡੈਕਸ ਹੋਣਾ ਚਾਹੀਦਾ ਹੈ, ਜਿਸ ਦੀ ਰਿਪੋਰਟ ਹਰ ਤਿੰਨ ਮਹੀਨਿਆਂ ਬਾਅਦ ਜਨਤਕ ਕੀਤੀ ਜਾਵੇ। ਪੰਜਾਬ ਨੂੰ ਇਸ ਸੰਕਟ ਵਿੱਚੋਂ ਕੱਢਣ ਲਈ ਕੇਂਦਰ ਸਰਕਾਰ ਨੂੰ ’ਕੰਪਰੀਹੈਂਸਿਵ ਪੰਜਾਬ ਫਲੱਡ ਰੈਜ਼ੀਲੀਐਂਸ ਐਂਡ ਵਾਟਰ ਸਕਿਊਰਟੀ ਪਲਾਨ’ ਲਾਗੂ ਕਰਨ ਦੀ ਅਪੀਲ ਕੀਤੀ ਗਈ ਹੈ। ਇਸ ਯੋਜਨਾ ਤਹਿਤ, ਹੜ੍ਹ ਰੋਕੂ ਡੈਮਾਂ ਅਤੇ ਛੋਟੇ ਰਿਟੈਂਸ਼ਨ ਰਿਜ਼ਰਵਾਇਰਾਂ ਦਾ ਨਿਰਮਾਣ ਕੀਤਾ ਜਾਵੇ। ਵੈੱਟਲੈਂਡਜ਼ (ਨਮੀ ਵਾਲੀਆਂ ਥਾਵਾਂ) ਨੂੰ ਕੁਦਰਤੀ ਬਫ਼ਰ ਵਜੋਂ ਦੁਬਾਰਾ ਸੁਰਜੀਤ ਕੀਤਾ ਜਾਵੇ ਤਾਂ ਜੋ ਉਹ ਵਾਧੂ ਪਾਣੀ ਨੂੰ ਸੋਖ ਸਕਣ।

ਦੱਸਦੇ ਚੱਲੀਏ ਕਿ ਪੰਜਾਬ ਵਿੱਚ ਹੜ੍ਹਾਂ ਦਾ ਮੁੱਦਾ ਹੁਣ ਸਿਰਫ਼ ਸਿਆਸੀ ਬਹਿਸ ਦਾ ਵਿਸ਼ਾ ਨਹੀਂ ਰਿਹਾ, ਸਗੋਂ ਇਹ ਲੱਖਾਂ ਲੋਕਾਂ ਦੀ ਜ਼ਿੰਦਗੀ ਅਤੇ ਮੌਤ ਦਾ ਸਵਾਲ ਹੈ। ਜੇ ਸਮਾਂ ਰਹਿੰਦੇ ਪੰਜਾਬ ਦੇ ਜਲ ਪ੍ਰਬੰਧਨ ਵਿੱਚ ਸੁਧਾਰ ਨਾ ਕੀਤੇ ਗਏ ਤਾਂ, ਆਉਣ ਵਾਲੇ ਕੁੱਝ ਸਾਲਾਂ ਵਿੱਚ ਇਹ ਕੁਦਰਤੀ ਆਫ਼ਤ ਇੱਕ ਅਜਿਹੀ ਭਿਆਨਕ ਤਬਾਹੀ ਦਾ ਰੂਪ ਧਾਰ ਲਵੇਗੀ, ਜਿਸ ਨੂੰ ਰੋਕਣਾ ਮੁਸ਼ਕਲ ਹੋ ਜਾਵੇਗਾ।÷ ਸਰਕਾਰ ਨੇ ਜੇਕਰ ਅਗਲੇ 1-2 ਮਹੀਨਿਆਂ ਵਿੱਚ ਡੈਮਾਂ ਦੀ ਸਫ਼ਾਈ ਅਤੇ ਬੰਨ੍ਹਾਂ ਦੀ ਮਜ਼ਬੂਤੀ ਵੱਲ ਧਿਆਨ ਨਾ ਦਿੱਤਾ, ਤਾਂ ਪੰਜਾਬ ਇੱਕ ਅਜਿਹੀ ਤਬਾਹੀ ਵੱਲ ਵਧੇਗਾ, ਜਿਸ ਦਾ ਹਰਜਾਨਾ ਆਉਣ ਵਾਲੀਆਂ ਨਸਲਾਂ ਨੂੰ ਭੁਗਤਣਾ ਪਵੇਗਾ। ਕੇਂਦਰ ਅਤੇ ਸੂਬਾ ਸਰਕਾਰ ਨੂੰ ਮਿਲ ਕੇ ਇਸ ’ਪ੍ਰੀਡਿਕਟਿਵ ਡਿਜ਼ਾਸਟਰ’ ਨੂੰ ਰੋਕਣ ਲਈ ਜੰਗੀ ਪੱਧਰ ’ਤੇ ਕੰਮ ਕਰਨ ਦੀ ਲੋੜ ਹੈ।

ਵੈਸੇ, ਵੇਖਿਆ ਜਾਵੇ ਤਾਂ ਇਸ ਵੇਲੇ ਡੈਮਾਂ ਵਿੱਚ ਫਿਰ ਤੋਂ ਪਾਣੀ ਦਾ ਪੱਧਰ ਵਧਣਾ ਸ਼ੁਰੂ ਹੋ ਗਿਆ ਹੈ, ਪਰ ਜਿਸ ਤਰੀਕੇ ਦੇ ਨਾਲ ਸਰਕਾਰਾਂ ਦੀ ਚੁੱਪੀ ਹੈ, ਇਸ ਤੋਂ ਤਾਂ ਇਹੋ ਸਪੱਸ਼ਟ ਹੁੰਦਾ ਹੈ ਕਿ ਇਸ ਸਾਲ ਫਿਰ ਤੋਂ ਪੰਜਾਬ ਨੂੰ ਡੋਬਣ ਦੀ ਤਿਆਰੀ ਕੀਤੀ ਜਾ ਰਹੀ ਹੈ। 12-13 ਜੂਨ ਦੀਆਂ ਮੀਡੀਆ ਰਿਪੋਰਟਾਂ ਮੁਤਾਬਿਕ, ਪੰਜਾਬ ਅਤੇ ਆਲੇ-ਦੁਆਲੇ ਦੇ ਗੁਆਂਢੀ ਸੂਬਿਆਂ ਲਈ ਜੀਵਨ ਰੇਖਾ ਮੰਨੇ ਜਾਣ ਵਾਲੇ ਭਾਖੜਾ ਡੈਮ ਦਾ ਪਾਣੀ ਦਾ ਪੱਧਰ ਲਗਾਤਾਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਗੋਬਿੰਦ ਸਾਗਰ ਝੀਲ ਵਿੱਚ ਪਾਣੀ ਦਾ ਪੱਧਰ 1575.80 ਫੁੱਟ ਦਰਜ ਕੀਤਾ ਗਿਆ, ਜੋ ਕਿ ਪਿਛਲੇ ਸਾਲ ਦੇ ਮੁਕਾਬਲੇ ਕਰੀਬ 20 ਫੁੱਟ ਜ਼ਿਆਦਾ ਹੈ। ਹਾਲਾਂਕਿ ਪਾਣੀ ਦੇ ਪੱਧਰ ਵਿੱਚ ਹੋਏ ਇਸ ਵਾਧੇ ਦੇ ਬਾਵਜੂਦ ਫਿਲਹਾਲ ਘਬਰਾਉਣ ਦੀ ਕੋਈ ਲੋੜ ਨਹੀਂ ਹੈ, ਪਰ ਮਾਨਸੂਨ ਦੀ ਆਮਦ ਤੋਂ ਪਹਿਲਾਂ ਪ੍ਰਸ਼ਾਸਨ ਪੂਰੀ ਤਰ੍ਹਾਂ ਅਲਰਟ ਹੋ ਗਿਆ ਹੈ। 13 ਜੂਨ ਦੀ ਇੱਕ ਰਿਪੋਰਟ ਦੱਸਦੀ ਹੈ ਕਿ, ਡੈਮ ਵਿੱਚ ਪਾਣੀ ਦੇ ਪੱਧਰ ਨੂੰ ਕੰਟਰੋਲ ਰੱਖਣ ਲਈ ਨੰਗਲ ਡੈਮ ਤੋਂ ਲਗਾਤਾਰ ਨਿਯਮਿਤ ਰੂਪ ਵਿੱਚ ਪਾਣੀ ਛੱਡਿਆ ਜਾ ਰਿਹਾ ਹੈ। ਪ੍ਰਾਪਤ ਅੰਕੜਿਆਂ ਅਨੁਸਾਰ, ਨੰਗਲ ਹਾਈਡਲ ਨਹਿਰ ਵਿੱਚ 12,350 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਸ਼੍ਰੀ ਅਨੰਦਪੁਰ ਸਾਹਿਬ ਹਾਈਡਲ ਨਹਿਰ ਵਿੱਚ 10,150 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਸਤਲੁਜ ਦਰਿਆ ਵਿੱਚ 650 ਕਿਊਸਿਕ ਪਾਣੀ ਛੱਡੇ ਜਾਣ ਦੀ ਸੂਚਨਾ ਹੈ। ਦੂਜੇ ਪਾਸੇ ਪ੍ਰਸ਼ਾਸਨ ਮੁਤਾਬਕ ਇਹ ਆਮ ਜਲ ਪ੍ਰਬੰਧਨ ਪ੍ਰਕਿਰਿਆ ਦਾ ਇੱਕ ਹਿੱਸਾ ਹੈ, ਤਾਂ ਜੋ ਮਾਨਸੂਨ ਦੇ ਦਿਨਾਂ ਦੌਰਾਨ ਪਹਾੜਾਂ ਤੋਂ ਆਉਣ ਵਾਲੇ ਵਾਧੂ ਪਾਣੀ ਨੂੰ ਸੰਭਾਲਣ ਲਈ ਡੈਮ ਵਿੱਚ ਲੋੜੀਂਦੀ ਸਟੋਰੇਜ ਸਮਰੱਥਾ ਬਣੀ ਰਹੇ। ਰਾਹਤ ਦੀ ਗੱਲ ਇਹ ਹੈ ਕਿ ਫਿਲਹਾਲ ਭਾਖੜਾ ਡੈਮ ਕਾਰਨ ਹੜ੍ਹ ਵਰਗੀ ਕੋਈ ਸਥਿਤੀ ਨਹੀਂ ਬਣੀ ਹੈ। ਹਾਲਾਂਕਿ, ਜੇਕਰ ਹਿਮਾਚਲ ਪ੍ਰਦੇਸ਼ ਦੇ ਪਹਾੜੀ ਖੇਤਰਾਂ ਵਿੱਚ ਮਾਨਸੂਨ ਦੀ ਬਾਰਸ਼ ਤੇਜ਼ ਹੁੰਦੀ ਹੈ, ਤਾਂ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਵਧ ਸਕਦਾ ਹੈ।

ਦੱਸਣਾ ਬਣਦਾ ਹੈ ਕਿ ਹਾਲ ਹੀ ਵਿੱਚ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐਮਬੀ) ਨੇ ਵੀ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨੂੰ ਮਾਨਸੂਨ ਤੋਂ ਪਹਿਲਾਂ ਵੱਧ ਪਾਣੀ ਕੱਢਣ ਦੀ ਸਲਾਹ ਦਿੱਤੀ ਹੈ। ਬੀਬੀਐਮਬੀ ਖੁਦ ਮੰਨ ਚੁੱਕਾ ਹੈ ਕਿ ਦੋਵਾਂ ਡੈਮਾਂ ਵਿੱਚ ਪਾਣੀ ਦਾ ਪੱਧਰ ਆਮ ਨਾਲੋਂ ਵੱਧ ਹੈ ਅਤੇ ਮਾਨਸੂਨ ਤੇ ਹਿਮਾਲਿਆਈ ਖੇਤਰਾਂ ਵਿੱਚ ਬਰਫ਼ ਪਿਘਲਣ ਨਾਲ ਇਹ ਹੋਰ ਤੇਜ਼ੀ ਨਾਲ ਵੱਧ ਸਕਦਾ ਹੈ। ਸਾਲ 2023 ਅਤੇ 2025 ਵਿੱਚ ਤਬਾਹਕੁਨ ਹੜ੍ਹਾਂ ਦਾ ਦਰਦ ਪੰਜਾਬ ਨੇ ਝੱਲਿਆ ਹੈ, ਪਰ ਕੀ ਇਸ ਵਾਰ ਹਾਕਮ ਧਿਰ ਇਸ ਤੋਂ ਸਬਕ ਲਵੇਗੀ ?

# ਨੌਜਵਾਨਾਂ ਦੀ ਸ਼ਖਸੀਅਤ ਚੁਣੌਤੀਆਂ ਨਾਲ ਨਿਖਰਦੀ ਹੈ

ਸਮੇਂ ਦੀ ਰਫ਼ਤਾਰ ਬੜੀ ਤੇਜ਼ ਹੈ। ਇਹ ਬਿਨਾਂ ਰੁਕਿਆਂ, ਕਿਸੇ ਦਾ ਇੰਤਜ਼ਾਰ ਕੀਤਿਆਂ ਨਿਰੰਤਰ ਆਪਣੀ ਚਾਲ ਚੱਲਦਾ ਰਹਿੰਦਾ ਹੈ। ਜੋ ਹਿੰਮਤ ਕਰਦਾ ਹੈ, ਸਮੇਂ ਦਾ ਹਾਣੀ ਬਣ ਇਸ ਦੇ ਕਦਮ ਨਾਲ ਕਦਮ ਮਿਲਾ ਚੱਲਦਾ ਹੈ, ਉਹੀ ਕਾਮਯਾਬ ਹੁੰਦਾ ਹੈ ਤੇ ਜੋ ਪਿੱਛੇ ਰਹਿ ਜਾਂਦਾ ਹੈ, ਉਹ ਕਿਸਮਤ ਨੂੰ ਦੋਸ਼ ਦਿੰਦਾ ਹੈ। ਜ਼ਿੰਦਗੀ ਵੀ ਇਸੇ ਰਫ਼ਤਾਰ ਨਾਲ ਨਿਰੰਤਰ ਚੱਲਦੀ ਰਹਿੰਦੀ ਹੈ। ਚੰਗੇ-ਮਾੜੇ ਸਮਿਆਂ ਤੇ ਹਾਲਾਤ ਨਾਲ ਜੂਝਦਾ ਮਨੁੱਖ ਆਪਣੇ ਪਰਿਵਾਰ ਦਾ ਢਿੱਡ ਭਰਦਾ ਹੈ ਪਰ ਕਈ ਵਾਰ ਹਾਲਾਤ ਇਹੋ ਜਿਹੇ ਬਣ ਜਾਂਦੇ ਹਨ ਕਿ ਦਿਮਾਗ਼ ਸੋਚਾਂ ਦੀ ਤਾਣੀ ’ਚ ਉਲਝ ਕੇ ਰਹਿ ਜਾਂਦਾ ਹੈ। ਉਸ ਨੂੰ ਕੁਝ ਸਮਝ ਨਹੀਂ ਆਉਂਦਾ ਕਿ ਉਹ ਕੀ ਕਰੇ। ਡਰ ਤੇ ਆਤਮ-ਵਿਸ਼ਵਾਸ ਦੇ ਦੋਰਾਹੇ ’ਤੇ ਖੜ੍ਹਿਆ ਮਨੁੱਖ ਮਨ ਹੀ ਮਨ ਕਈ ਸੋਚਾਂ ਸੋਚਦਾ ਹੈ ਤੇ ਆਪਣੇ ਸਵਾਲਾਂ ਦੇ ਜਵਾਬ ਆਪ ਹੀ ਦਿੰਦਾ ਹੈ।

**ਆਤਮ-ਵਿਸ਼ਵਾਸ ਨਾਲ ਕਰੋ ਚੁਣੌਤੀਆਂ ਦਾ ਸਾਹਮਣਾ**

ਸਮੇਂ ਦੀ ਤੇਜ਼ ਚਾਲ ਦੇ ਨਾਲ-ਨਾਲ ਸਾਡੀ ਜ਼ਿੰਦਗੀ ’ਚ ਕਈ ਚੁਣੌਤੀਆਂ ਸਾਡੇ ਸਾਹਮਣੇ ਆਉਂਦੀਆਂ ਹਨ, ਜੋ ਇਕ ਤਰ੍ਹਾਂ ਨਾਲ ਜ਼ਿੰਦਗੀ ਜਾਂ ਸਮੇਂ ਵੱਲੋਂ ਸਾਡਾ ਇਮਤਿਹਾਨ ਲਿਆ ਜਾਂਦਾ ਹੈ। ਕਈ ਹਿੰਮਤੀ ਇਨ੍ਹਾਂ ਦਾ ਡਟ ਕੇ ਸਾਹਮਣਾ ਕਰਦੇ ਹਨ ਤੇ ਕਈ ਹਾਲਾਤਾਂ ਨਾਲ ਲੜਦੇ ਜ਼ਿੰਦਗੀ ਦੀ ਜੰਗ ਹਾਰ ਜਾਂਦੇ ਹਨ ਪਰ ਜੇ ਧਿਆਨ ਨਾਲ ਸਮਝਿਆ ਜਾਵੇ ਤਾਂ ਇਹ ਚੁਣੌਤੀਆਂ ਅਸਲ ’ਚ ਕਿਸਮਤ ਵੱਲੋਂ ਦਿੱਤਾ ਗਿਆ ਮੌਕਾ ਹੀ ਹੁੰਦਾ ਹੈ, ਜਿਸ ਨੂੰ ਚੁਣੌਤੀ ਜਾਂ ਮੌਕਾ ਸਮਝਣਾ ਸਾਡੇ ਨਜ਼ਰੀਏ



’ਤੇ ਨਿਰਭਰ ਕਰਦਾ ਹੈ। ਇਨ੍ਹਾਂ ’ਚ ਕੁਝ ਵੀ ਅਜਿਹਾ ਨਹੀਂ ਹੁੰਦਾ ਜੋ ਸਾਡੇ ਲਈ ਅਸੰਭਵ ਹੋਵੇ ਜਾਂ ਨਾ ਕਰ ਸਕੀਏ। ਲੋੜ ਹੁੰਦੀ ਹੈ ਸਿਰਫ਼ ਆਤਮ-ਵਿਸ਼ਵਾਸ ਦੀ ਤੇ ਬੁਲੰਦ ਹੌਸਲੇ ਦੀ, ਜਿਸ ਸਦਕਾ ਅਸੀਂ ਹਰ ਚੁਣੌਤੀ ਦਾ ਸਾਹਮਣਾ ਕਰ ਸਫਲਤਾ ਹਾਸਿਲ ਕਰ ਸਕਦੇ ਹਾਂ ਤੇ ਨਾਲ ਹੀ ਉਨ੍ਹਾਂ ਲੋਕਾਂ ਨੂੰ ਜਵਾਬ ਦੇ ਸਕਦੇ ਹਾਂ, ਜਿਨ੍ਹਾਂ ਨੂੰ ਸਾਡੀ ਕਾਬਲੀਅਤ ’ਤੇ ਸ਼ੱਕ ਹੁੰਦਾ ਹੈ।

**ਬਿਹਤਰ ਭਵਿੱਖ ਲਈ ਰਹੋ ਸੁਚੇਤ ਤੇ ਵਰਤੋ ਸਮਝਦਾਰੀ**

**ਨਿਰਾਸ਼ ਹੋ ਕੇ ਨਾ ਦਿਉ ਕਿਸਮਤ ਨੂੰ ਦੋਸ਼**

ਬਾਬਾ ਨਜ਼ਮੀ ਆਖਦੇ ਹਨ ‘ਬੇਹਿੰਮਤੇ ਹੁੰਦੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ, ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ।’ ਬਾਬਾ ਨਜ਼ਮੀ ਨੇ ਆਖਿਆ ਹੈ ਕਿ ਕਿਸਮਤ ਨੂੰ ਦੋਸ਼ ਉਹੀ ਦਿੰਦੇ ਹਨ, ਜੋ ਹਿੰਮਤ ਨਹੀਂ ਕਰਦੇ। ਜੋ ਹਿੰਮਤ ਕਰਦੇ ਹਨ, ਉਹ ਤਾਂ ਹਰ ਹੀਲੇ ਜਿੱਤ ਹਾਸਿਲ ਕਰਦੇ ਹਨ। ਬੰਦ ਘਰਾਂ ਦੇ ਜੰਗਾਲ ਪਏ ਜਿੰਦਿਆਂ ’ਚ ਵੀ ਜਦੋਂ ਕਿਤੇ ਬਨਸਪਤੀ ਪੁੰਗਰਦੀ ਹੈ ਤਾਂ ਉਹ ਵੀ ਉਮੀਦ ਦੀ ਇਕ ਕਿਰਨ ਹੁੰਦੀ ਹੈ, ਇਕ ਨਵੀਂ ਸ਼ੁਰੂਆਤ ਦਾ ਸੰਦੇਸ਼ ਜੋ ਮਨੁੱਖ ਨੂੰ ਆਸ਼ਾਵਾਦੀ ਹੋਣ ਦਾ ਸੁਨੇਹਾ ਦਿੰਦਾ ਹੈ।

ਇਸ ਲਈ ਕਦੇ ਵੀ ਜ਼ਿੰਦਗੀ ਵਿਚ ਨਿਰਾਸ਼ ਹੋ ਕੇ ਕਿਸਮਤ ਨੂੰ ਦੋਸ਼ ਨਾ ਦੇਵੋ। ਕੁਦਰਤ ਦੀ ਝੋਲੀ ’ਚ ਬਹੁਤ ਕੁਝ ਅਜਿਹਾ ਹੈ, ਜਿਸ ਨਾਲ ਅਸੀਂ ਆਪਣੀ ਜ਼ਿੰਦਗੀ ਮੁੜ ਨਵੇਂ ਸਿਰੇ ਤੋਂ ਸ਼ੁਰੂ ਕਰ ਸਕਦੇ ਹਾਂ। ਲੋੜ ਹੈ ਉਨ੍ਹਾਂ ਮੌਕਿਆਂ ਨੂੰ ਪਛਾਣਨ ਦੀ, ਜੋ ਬਾਕੀਆਂ ਦੀ ਨਜ਼ਰ ’ਚ ਚੁਣੌਤੀ ਹੋਵੇ ਤੇ ਤੁਹਾਡੇ ਲਈ ਬਸ ਉਹ ਮੌਕਾ, ਜਿਸ ਦੀ ਤੁਹਾਨੂੰ ਭਾਲ ਹੋਵੇ।

**ਚੁਣੌਤੀਆਂ ਨਾਲ ਨਿਖਰਦੀ ਹੈ ਸ਼ਖ਼ਸੀਅਤ**

ਔਖਾ ਸਮਾਂ ਅਸਲ ’ਚ ਸਾਡੀ ਤਾਕਤ ਤੇ ਕਾਬਲੀਅਤ ਦੀ ਪਰਖ ਕਰਵਾਉਂਦਾ ਹੈ, ਜਿਸ ਤਰ੍ਹਾਂ ਆਵੇ ’ਚ ਅੱਗ ਦੇ ਸੇਕ ਨਾਲ ਮਿੱਟੀ ਤੋਂ ਬਣੀ ਇੱਟ ਪੱਕ ਕੇ ਮਜ਼ਬੂਤ ਹੋ ਨਿਕਲਦੀ ਹੈ, ਜਿਸ ਤਰ੍ਹਾ ਲੋਹੇ ਨੂੰ ਅਹਿਰਨ ’ਤੇ ਰੱਖ ਹਥੌੜਾ ਮਾਰ ਕੇ ਘੜਿਆ ਜਾਂਦਾ ਹੈ, ਠੀਕ ਉਸੇ ਤਰ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ ਮਨੁੱਖ ਦੀ ਵੀ ਸ਼ਖ਼ਸੀਅਤ ਨਿਖਰਦੀ ਹੈ। ਜੇ ਅਸੀਂ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਦੇ ਹਾਂ ਤਾਂ ਸਫਲਤਾ ਮਿਲੇ ਜਾਂ ਨਾ ਪਰ ਤਜਰਬਾ ਜ਼ਰੂਰ ਹਾਸਿਲ ਹੁੰਦਾ ਹੈ। ਜੋ ਮਨੁੱਖ ਕਿਸੇ ਚੁਣੌਤੀ ਜਾਂ ਮੌਕੇ ਨੂੰ ਹਥਿਆਉਂਦਾ ਹੀ ਨਹੀਂ, ਉਸ ਦੇ ਪੱਲੇ ਸਿਰਫ਼ ਪਛਤਾਵਾ ਹੀ ਪੈਂਦਾ ਹੈ। ਅਜਿਹਾ ਸਮਾਂ ਨਾ ਆਵੇ ਕਿ ਸਾਨੂੰ ਪਛਤਾਉਣਾ ਪਵੇ, ਇਸ ਲਈ ਬਿਹਤਰ ਹੁੰਦਾ ਹੈ ਕਿ ਚੁਣੌਤੀਆਂ ਨੂੰ ਸਵੀਕਾਰਦਿਆਂ ਮੌਕਿਆਂ ਨੂੰ ਹਥਿਆ ਲਿਆ ਜਾਵੇ ਕਿਉਂਕਿ ਅੱਜ ਦਾ ਗਵਾਇਆ ਮੌਕਾ ਕੱਲ੍ਹ ਦਾ ਪਛਤਾਵਾ ਬਣ ਜਾਂਦਾ ਹੈ।

**ਵਿਜੈ ਗਰਗ**
**ਸੇਵਾ ਮੁਕਤ ਪ੍ਰਿੰਸੀਪਲ, ਮਲੋਟ**

# ਤੀਆਂ ਦਾ ਮਹੀਨਾ ਢੋਲਣਾ...



ਮੇਲੇ, ਤਿਉਹਾਰ ਤੇ ਉਤਸਵ ਜ਼ਿੰਦਗੀ ਵਿੱਚ ਰੰਗ ਭਰਦੇ ਆਏ ਹਨ, ਜ਼ਿੰਦਗੀ ਨੂੰ ਸ਼ਿੰਗਾਰਦੇ ਆਏ ਹਨ, ਜ਼ਿੰਦਗੀ ਜੀਉਣ ਦਾ ਉਤਸ਼ਾਹ ਵਧਾਉਂਦੇ ਆਏ ਹਨ ਤੇ ਜੀਵਨ ਨੂੰ ਜੀਉਣ ਜੋਗਾ ਬਣਾਉਂਦੇ ਆਏ ਹਨ। ਭਾਰਤ ਵਿੱਚ ਵਿਭਿੰਨ ਵੰਨਗੀਆਂ ਅਤੇ ਸੁਭਾਅ ਦੇ ਤਿਉਹਾਰ ਮਨਾਏ ਜਾਂਦੇ ਹਨ, ਜਿਹੜੇ ਸਿੱਧੇ-ਅਸਿੱਧੇ ਰੂਪ ਵਿੱਚ ਮਨੁੱਖ ਦੇ ਸਮੂਹਿਕ ਮਨੋਰੰਜਨ, ਵਿਸ਼ਵਾਸ ਅਤੇ ਵਿਕਾਸ ਦੀ ਭਾਵਨਾ ਨਾਲ ਜਾ ਜੁੜਦੇ ਹਨ। ਇਹ ਤਿਉਹਾਰ ਮਨੁੱਖੀ ਜ਼ਿੰਦਗੀ ਵਿੱਚ ਨਵੀਂ ਸਿਰਜਣਾ, ਉਤਸ਼ਾਹ, ਸ਼ਕਤੀ, ਉੱਦਮ ਅਤੇ ਨਵਾਂ ਉਮਾਹ ਪੈਦਾ ਕਰਨ ਵਿੱਚ ਸਹਾਈ ਹੁੰਦੇ ਹਨ। ਪੰਜਾਬ ਤਿਉਹਾਰਾਂ, ਨਾਚਾਂ, ਗੀਤਾਂ ਆਦਿ ਦੀਆਂ ਖ਼ੁਸ਼ੀਆਂ ਨੂੰ ਮਾਨਣ ਵਾਲਾ ਅਜਿਹਾ ਭੂ-ਭਾਗ ਹੈ, ਜਿੱਥੇ ਆਏ ਦਿਨ ਵਿਭਿੰਨ ਰੰਗ ਬਿਖੇਰਨ ਤੇ ਮਹਿਕਾਂ ਵੰਡਣ ਵਾਲਾ ਕੋਈ ਨਾ ਕੋਈ ਤਿਉਹਾਰ ਮਨਾਇਆ ਜਾਂਦਾ ਰਹਿੰਦਾ ਹੈ। ਇਸ ਰਾਂਗਲੀ ਧਰਤੀ ਉੱਤੇ ਵੱਖ-ਵੱਖ ਮੌਕਿਆਂ ਨਾਲ ਜੁੜੇ ਜਾਂ ਬਦਲ ਰਹੀ ਰੁੱਤ ਦੇ ਸਵਾਗਤ ਜਾਂ ਮੌਸਮ ਨੂੰ ਵਿਦਾ ਕਹਿਣ ਲਈ ਵੀ ਗਿੱਧੇ-ਭੰਗੜੇ ਪਾਏ ਜਾਂਦੇ ਹਨ ਤੇ ਗੀਤ ਗਾਏ ਜਾਂਦੇ ਹਨ। ਸਾਉਣ ਦਾ ਮਹੀਨਾ ਪੰਜਾਬੀ ਲੋਕ ਜੀਵਨ ਵਿੱਚ ਖ਼ੁਸ਼ੀਆਂ-ਖੇੜੇ ਲੈ ਕੇ ਆਉਂਦਾ ਹੈ। ਜੇਠ-ਹਾੜ ਦੀ ਕੜਾਕੇ ਦੀ ਗਰਮੀ ਪਿੱਛੋਂ ਇਸ ਮਹੀਨੇ ਦੌਰਾਨ ਪੈਣ ਵਾਲਾ ਮੀਂਹ ਖ਼ੁਸ਼ੀਆਂ ਦੀ ਫੁਹਾਰ(ਤੇ ਬਹਾਰ ਵੀ) ਲੈ ਕੇ ਆਉਂਦਾ ਹੈ। ਸਾਉਣ ਮਹੀਨੇ ਵਿੱਚ ਮਨਾਇਆ ਜਾਂਦਾ ਤੀਆਂ ਦਾ ਤਿਉਹਾਰ ਇੱਕ ਪ੍ਰਸਿੱਧ ਮੌਸਮੀ ਤਿਉਹਾਰ ਹੈ, ਜਿਸ ਨੂੰ ਮੁਟਿਆਰਾਂ ਰਲ-ਮਿਲ ਮਨਾਉਂਦੀਆਂ ਹਨ। ਇਹ ਤਿਉਹਾਰ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ (ਚਾਂਦਨੀ ਤੀਜ) ਤੋਂ ਸ਼ੁਰੂ ਹੁੰਦਾ ਹੈ ਤੇ ਪੰਦਰਾਂ ਦਿਨ ਚਲਦਾ ਰਹਿੰਦਾ ਹੈ। ਇਸੇ ਲਈ ਇਸ ਨੂੰ ਤੀਜਾਂ ਜਾਂ ਤੀਆਂ ਕਹਿ ਲਿਆ ਜਾਂਦਾ ਹੈ।

ਤੀਆਂ ਮਾਝਾ, ਮਾਲਵਾ ਤੇ ਦੋਆਬੇ ਵਿੱਚ ਮਨਾਇਆ ਜਾਣ ਵਾਲਾ ਹਰਮਨ-ਪਿਆਰਾ ਤਿਉਹਾਰ ਹੈ। ਪਿੰਡਾਂ ਵਿੱਚ ਕਿਸੇ ਨਿਵੇਕਲੀ ਅਤੇ ਖੁੱਲ੍ਹੀ ਥਾਂ 'ਤੇ ਪਿੱਪਲਾਂ, ਬੋਹੜਾਂ ਦੀਆਂ ਸੰਘਣੀਆਂ ਛਾਵਾਂ ਹੇਠ ਜਾਂ ਕਿਸੇ ਨਹਿਰ, ਢਾਬ, ਸੂਏ ਦੇ ਕੰਢੇ 'ਤੇ ਛਾਂ-ਦਾਰ ਰੁੱਖਾਂ ਹੇਠ ਇਕੱਠੀਆਂ ਹੋ ਕੇ ਜੁੜੀਆਂ ਮੁਟਿਆਰਾਂ ਗਿੱਧੇ ਦੇ ਪਿੜ ਵਿੱਚ ਨੱਚ ਨੱਚ ਕੇ ਦੂਹਰੀਆਂ ਹੋ ਜਾਂਦੀਆਂ ਹਨ:

**ਆਉਂਦੀ ਕੁੜੀਏ, ਜਾਂਦੀ ਕੁੜੀਏ**
**ਚੁੱਕ ਲਿਆ ਬਜ਼ਾਰ ਵਿਚੋਂ ਝਾਵੇਂ**
**ਨੀ ਕਾਹਲੀ ਕਾਹਲੀ ਪੈਰ ਪੁੱਟ ਲੈ**
**ਤੀਆਂ ਲੱਗੀਆਂ ਪਿੱਪਲ ਦੀ ਛਾਵੇਂ**
**ਨੀ ਕਾਹਲੀ ਕਾਹਲੀ ਪੈਰ ਪੁੱਟ ਲੈ...**
**ਆਉਂਦੀ ਕੁੜੀਏ, ਜਾਂਦੀ ਕੁੜੀਏ**
**ਤੂੰ ਤੁਰਦੀ ਪਿੱਛੇ ਨੂੰ ਜਾਵੇਂ**
**ਨੀ ਕਾਹਲੀ ਕਾਹਲੀ ਪੈਰ ਪੁੱਟ ਲੈ**
**ਤੀਆਂ ਲੱਗੀਆਂ ਪਿੱਪਲ ਦੀ ਛਾਵੇਂ**
**ਨੀ ਕਾਹਲੀ ਕਾਹਲੀ ਪੈਰ ਪੁੱਟ ਲੈ...**
**ਰਲ ਆਓ ਸਈਓ ਨੀਂ**
**ਸੱਭੇ ਤੀਆਂ ਖੇਡਣ ਜਾਈਏ**
**ਹੁਣ ਆ ਗਿਆ ਸਾਵਣ ਨੀਂ**
**ਪੀਂਘਾਂ ਪਿੱਪਲੀਂ ਜਾ ਕੇ ਪਾਈਏ**
**ਲੈ ਪੈਲਾਂ ਪਾਂਦੇ ਨੀਂ, ਬਾਗ਼ੀਂ ਮੋਰਾਂ ਸ਼ੋਰ ਮਚਾਇਆ**
**ਖਿੜ ਖਿੜ ਫੁੱਲਾਂ ਨੇ ਸਾਨੂੰ, ਮਾਹੀਆ ਯਾਦ ਕਰਾਇਆ।**
**ਮੈਂ ਅੱਥਰੂ ਡੋਲ੍ਹਾਂ ਨੀਂ, ਕੋਈ ਸਾਰ ਨਾ ਲੈਂਦਾ ਮੇਰੀ।**
**ਮੈਂ ਰੋ-ਰੋ ਮਰ ਗਈ ਨੀਂ,**
**ਜਿੰਦੜੀ ਆਣ ਗ਼ਮਾਂ ਨੇ ਘੇਰੀ।**
**ਰਲ ਆਓ ਸਈਓ ਨੀਂ।**

ਤੀਆਂ ਨੂੰ 'ਸਾਵੇ' ਵੀ ਕਹਿ ਲਿਆ ਜਾਂਦਾ ਹੈ। ਸਾਵੇ ਤੋਂ ਭਾਵ ਹੈ -ਹਰੇ-ਭਰੇ ਜਾਂ ਹਰਿਆਲੀ। 'ਸਾਵੇ' ਸ਼ਬਦ ਬੋਲ-ਚਾਲ ਵਿੱਚ ਸਹਿਜ ਤੇ ਸਰਲ ਹੈ। ਪੰਜਾਬ ਵਿੱਚ ਤੀਆਂ ਨੂੰ 'ਹਰਿਆਲੀ ਤੀਜ' ਵੀ ਕਹਿ ਲਿਆ ਜਾਂਦਾ ਹੈ। ਇਹ ਸ਼ਬਦ ਤੀਆਂ ਸ਼ਬਦ ਨਾਲੋਂ ਸੁਖਾਲਾ ਬੋਲਿਆ ਜਾ ਸਕਦਾ ਹੈ ਤੇ ਪਿਆਰਾ ਵੀ ਹੈ। ਹੋ ਸਕਦਾ ਹੈ ਕੁਝ ਹਾਲਤਾਂ ਵਿੱਚ ਲੋਕਾਂ ਨੇ ਇਸ ਸ਼ਬਦ ਨੂੰ ਇਸਦੇ ਇਨ੍ਹਾਂ ਗੁਣਾਂ ਕਾਰਨ ਹੀ ਅਪਨਾ ਲਿਆ ਹੋਵੇ। ਤੀਆਂ ਸ਼ਬਦ ਦਾ ਨਿਕਾਸ 'ਧੀਆਂ' ਤੋਂ ਹੋਇਆ ਮੰਨਿਆ ਜਾਂਦਾ ਹੈ। ਤੀਆਂ ਵਿੱਚ ਕੁੜੀਆਂ, ਨੂੰਹਾਂ, ਧੀਆਂ ਪਹਿਨ ਪੱਚਰ ਕੇ, ਹਾਰ-ਸ਼ਿੰਗਾਰ ਕਰ ਕੇ, ਬੜੇ ਚਾਵਾਂ ਨਾਲ ਇੱਕ ਦੂਜੀ ਨੂੰ ਤੀਆਂ ਦੇ ਪਿੜ ਵਿੱਚ ਪਹੁੰਚਣ ਲਈ ਹਾਕਾਂ ਮਾਰਦੀਆਂ ਹਨ। ਦਿਨ ਢਲੇ ਤੀਆਂ ਦੇ ਪਿੜ ਵਿੱਚ ਕੁੜੀਆਂ ਜੁੜਦੀਆਂ ਹਨ ਤੇ ਖ਼ੁਸ਼ੀਆਂ ਦਾ ਹੜ੍ਹ ਠਾਠਾਂ ਮਾਰਨ ਲੱਗ ਪੈਂਦਾ ਹੈ। ਮਹਿੰਦੀ ਰੰਗੇ ਹੱਥ ਗਿੱਧਾ ਪਾ-ਪਾ ਕੇ, ਨੱਚ-ਨੱਚ ਕੇ ਥੱਕਦੇ ਨਹੀਂ। ਨੱਚਣ ਵਾਲੀਆਂ ਦੀ ਜ਼ਮੀਨ 'ਤੇ ਅੱਡੀ ਨਹੀਂ ਟਿਕਦੀ ਤੇ ਗਾਉਣ ਵਾਲੀਆਂ ਕੋਲ ਗੀਤਾਂ ਦੇ ਭਰਪੂਰ ਤੇ ਅਮੁੱਕ ਭੰਡਾਰ ਹੁੰਦੇ ਹਨ। ਬੋਲੀਆਂ, ਲੋਕ ਗੀਤ, ਮਾਹੀਏ, ਟੱਪੇ, ਢੋਲੇ ਆਦਿ ਗਾਉਂਦੀਆਂ ਕੁੜੀਆਂ ਦੇ ਬੁੱਲ੍ਹ ਨਹੀਂ ਸੁੱਕਦੇ। ਇਨ੍ਹੀਂ ਦਿਨੀਂ ਸਹੁਰੇ ਗਈਆਂ, ਖਾਸ ਕਰ ਕੇ ਨਵ-ਵਿਆਹੀਆਂ ਕੁੜੀਆਂ ਨੂੰ ਪੇਕੇ ਘਰ ਲਿਆਇਆ ਜਾਂਦਾ ਹੈ, ਜਿੱਥੇ ਉਹ ਆਪਣੀਆਂ ਵਿਛੜੀਆਂ ਸਹੇਲੀਆਂ, ਭੈਣਾਂ, ਭਰਜਾਈਆਂ, ਚਾਚੀਆਂ, ਤਾਈਆਂ ਨੂੰ ਮਿਲਦੀਆਂ ਹਨ ਤੇ ਉਨ੍ਹਾਂ ਸਭ ਵਿੱਚ ਸ਼ਾਮਲ ਹੋ ਕੇ ਪਿੰਡ ਦੀਆਂ ਤੀਆਂ ਦਾ ਸ਼ਿੰਗਾਰ ਬਣਦੀਆਂ ਹਨ। ਉਹ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰਦੀਆਂ ਹਨ:

**ਸਾਉਣ ਦਾ ਮਹੀਨਾ, ਤੀਜ ਦੀਆਂ ਤੀਆਂ ਜੀ**
**ਸਹੁਰਿਆਂ ਤੋਂ ਪੇਕਿਆਂ ਨੂੰ, ਆਈਆਂ ਧੀਆਂ ਜੀ**
**ਵਿਆਹੀਆਂ ਵਿਆਹੀਆਂ ਇੱਕ ਪਾਸੇ, ਹੋ ਕੇ ਬਹਿ ਗਈਆਂ**
**ਕੁਆਰੀਆਂ ਕੁਆਰੀਆਂ ਨੱਚਣ, ਡਹਿ ਗਈਆਂ**
**ਮੁੱਦਤਾਂ ਦੇ ਬਾਅਦ ਉਹ ਅੱਜ ਜੁੜੀਆਂ,**
**ਦੁੱਖ ਆਪੋ-ਆਪਣੇ ਸੁਣਾਉਣ ਕੁੜੀਆਂ।**

ਇੱਕ ਲੋਕ ਵਿਸ਼ਵਾਸ ਅਨੁਸਾਰ ਸੱਜ ਵਿਆਹੀ ਕੁੜੀ ਦਾ ਆਪਣੇ ਵਿਆਹ ਤੋਂ ਪਿੱਛੋਂ ਆਉਣ ਵਾਲੇ ਪਹਿਲੇ ਸਾਉਣ ਦੇ ਮਹੀਨੇ ਵਿੱਚ ਆਪਣੀ ਸੱਸ ਦੇ ਮੱਥੇ ਲੱਗਣਾ ਚੰਗਾ ਨਹੀਂ ਹੁੰਦਾ। ਇਸ ਲਈ ਸੱਜ ਵਿਆਹੀ ਕੁੜੀ ਨੂੰ ਤੀਆਂ ਵਿੱਚ ਸ਼ਾਮਲ ਹੋ ਸਕਣ ਦਾ ਮੌਕਾ ਪ੍ਰਦਾਨ ਕਰਨ ਲਈ, ਸਾਉਣ ਮਹੀਨਾ ਚੜ੍ਹਨ ਤੋਂ ਕੁਝ ਦਿਨ ਪਹਿਲਾਂ ਹੀ ਸਹੁਰੇ ਘਰ ਤੋਂ ਪੇਕੇ ਘਰ ਲਿਆਇਆ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਵਿਆਹ ਵਧੇਰੇ ਕਰਕੇ ਜੇਠ-ਹਾੜ ਦੇ ਮਹੀਨਿਆਂ ਵਿੱਚ ਹੁੰਦੇ ਸਨ ।ਹਾੜ ਤੋਂ ਅਗਲਾ ਮਹੀਨਾ ਸਾਉਣ ਮਹੀਨਾ ਹੁੰਦਾ ਹੈ ।ਸਹੁਰਿਆਂ ਦੇ ਘਰ ਪਰਿਵਾਰ ਬਾਰੇ ਦੱਸਣ ਦੀ ਉਤਸੁਕਤਾ ਨਵ-ਵਿਆਹੀ ਦੇ ਮਨ ਵਿੱਚ ਵੀ ਹੁੰਦੀ ਸੀ। ਨਿਸਚੇ ਹੀ ਪੇਕੇ ਘਰ ਛੇਤੀ ਜਾਣ ਦੀ ਉਸਦੀ ਤਾਂਘ ਪ੍ਰਬਲ ਹੋ ਜਾਂਦੀ ਹੋਵੇਗੀ ।ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸੱਜ ਵਿਆਹੀਆਂ ਕੁੜੀਆਂ ਜੇ ਆਪਣੀਆਂ ਸੱਸਾਂ ਦੇ ਸੁਭਾਅ,ਉਨ੍ਹਾਂ ਦੇ ਵਿਵਹਾਰ ਤੇ ਉਨ੍ਹਾਂ ਦੀਆਂ ਵਧੀਕੀਆਂ ਤੋਂ ਤੰਗ ਆ ਜਾਂਦੀਆਂ ਸਨ ਤਾਂ ਉਹ ਆਪਣੇ ਪੇਕਿਆਂ ਤੇ ਸਖੀਆਂ ਨੂੰ ਉਸ ਬਾਰੇ ਦੱਸਣ ਲਈ ਕਾਹਲੀਆਂ ਹੁੰਦੀਆਂ ਰਹੀਆਂ ਹੋਣਗੀਆਂ ।ਪੇਕੇ ਆ ਕੇ ਕੁਝ ਕਹਿਣ-ਸੁਣਨ ਲਈ, ਆਪਣੇ ਮਨ ਦਾ ਬੋਝ ਹਲਕਾ ਕਰਨ ਲਈ ਉਤਾਵਲੀਆਂ ਹੋਈਆਂ ਉਹ ਪੇਕੇ ਘਰ ਆਉਣ ਦੀ ਇੱਛਾ ਰੱਖਦੀਆਂ ਸਨ ।ਉਨ੍ਹਾਂ ਸਮਿਆਂ ਵਿੱਚ ਕਿਉਂਜੋ ਆਵਾਜਾਈ ਦੇ ਸਾਧਨ ਵੀ ਬਹੁਤੇ ਉਪਲਬਧ ਨਹੀਂ ਸਨ ਹੁੰਦੇ,ਇੰਜ ਉਹ ਪੂਰਾ ਮਹੀਨਾ ਪੇਕੇ ਘਰ ਗੁਜ਼ਾਰਦੀਆਂ ਸਨ। ਤੀਆਂ ਵਿੱਚ ਆਪਣੀਆਂ ਸਹੇਲੀਆਂ ਨੂੰ ਮਿਲ ਕੇ, ਇਕੱਠੀਆਂ ਹੋ ਕੇ ਉਨ੍ਹਾਂ ਕੋਲੋਂ ਆਪਣੇ ਮਨ ਦੀ ਖ਼ੁਸ਼ੀ ਸਾਂਭੀ ਨਹੀਂ ਸੀ ਜਾਂਦੀ ।ਇੰਜ, ਉਹ ਆਪਣਾ ਮਾਨਸਿਕ ਸੰਤੁਲਨ ਵੀ ਕਾਇਮ ਕਰ ਲੈਂਦੀਆਂ ਸਨ ਤੇ ਇਕ ਤਰ੍ਹਾਂ ਨਾਲ ਉਨ੍ਹਾਂ ਦਾ ਮਨ ਤਬਦੀਲੀ ਦੇ ਅਹਿਸਾਸ ਨਾਲ ਵੀ ਭਰ ਜਾਂਦਾ ਸੀ ।ਸਾਉਣ ਦਾ ਮਹੀਨਾ ਤੀਆਂ ਨੂੰ ਖ਼ੁਸ਼ਆਮਦੀਦ ਕਹਿੰਦਿਆਂ ਸਭ ਨੂੰ ਤੀਆਂ ਦੇ ਆਉਣ ਦਾ ਸੰਦੇਸ਼ ਦਿੰਦਾ ਹੈ। ਅਜਿਹਾ ਸੰਦੇਸ਼ ਪਾ ਕੇ ਕੋਈ ਨਵ-ਵਿਆਹੀ ਆਪਣੇ ਪਤੀ ਨੂੰ ਕਹਿੰਦੀ ਹੈ:

**ਵੇ ਤੀਆਂ ਦਾ ਮਹੀਨਾ ਢੋਲਣਾ**
**ਪੇਕੀਂ ਘੱਲ ਦੇ ਸਵੇਰ ਵਾਲੀ ਲਾਰੀ**
**ਵੇ ਤੀਆਂ ਦਾ ਮਹੀਨਾ ਢੋਲਣਾ...**

ਤੀਆਂ ਆਰੰਭ ਹੋਣ ਤੋਂ ਪਹਿਲੇ ਦਿਨ, ਦੂਜ ਵਾਲੇ ਦਿਨ ਨੂੰ 'ਮਹਿੰਦੀ ਵਾਲਾ ਦਿਨ' ਆਖਿਆ ਜਾਂਦਾ ਹੈ। ਇਸ ਦਿਨ ਰਾਤ ਸਮੇਂ ਸਾਉਣ ਤੋਂ ਪਹਿਲਾਂ ਮੁਟਿਆਰਾਂ ਆਪਣੇ ਹੱਥਾਂ 'ਤੇ ਬੜੀਆਂ ਰੀਝਾਂ ਨਾਲ ਮਹਿੰਦੀ ਲਾਉਂਦੀਆਂ ਹਨ। ਸ਼ਗਨ ਵਜੋਂ ਲਾਈ ਜਾਣ ਵਾਲੀ ਇਸ ਮਹਿੰਦੀ ਦੀ ਫੱਬਤ ਵਿੱਚ ਉਹ ਆਪਣੀ ਕਲਾਤਮਿਕ ਪ੍ਰਤਿਭਾ ਦਾ ਪ੍ਰਮਾਣ ਪੇਸ਼ ਕਰਦੀਆਂ ਹਨ। ਕਿਸੇ ਬਾਰੀਕ ਤੀਲੀ ਨਾਲ, ਕੋਣ ਨਾਲ ਜਾਂ ਕਿਸੇ ਹੋਰ ਜੁਗਤ ਰਾਹੀਂ ਉਹ ਲਾਈ ਜਾਣ ਵਾਲੀ ਮਹਿੰਦੀ ਨਾਲ ਵੰਨ-ਸੁਵੰਨੇ ਡਿਜ਼ਾਈਨ ਬਣਾਉਂਦੀਆਂ ਹਨ ਤੇ ਵਿੱਚ ਫੁੱਲ-ਪੱਤੀਆਂ ਦੇ ਆਕਾਰ ਬਣਾਉਂਦੀਆਂ ਹਨ। ਅਗਲੀ ਸਵੇਰ ਹਥੇਲੀਆਂ ਤੇ ਬਾਹਵਾਂ 'ਤੇ ਖਿੜੇ ਮਹਿੰਦੀ ਰੰਗੇ ਫੁੱਲ ਪੱਤਿਆਂ ਨੂੰ ਵੇਖ ਕੇ ਉਹ ਫੁੱਲੀਆਂ ਨਹੀਂ ਸਮਾਉਂਦੀਆਂ।

ਮਹਿੰਦੀ ਲਾਉਣ ਵਾਂਗ ਨਵੇਂ ਕੱਪੜੇ ਪਹਿਨਣਾ ਤੇ ਰੰਗ-ਬਰੰਗੀਆਂ ਚੂੜੀਆਂ ਚੜ੍ਹਾਉਣੀਆਂ ਵੀ ਤੀਆਂ ਦੇ ਤਿਉਹਾਰ ਦੀ ਮਹੱਤਵਪੂਰਨ ਰਸਮ ਹੈ। ਚੂੜੀਆਂ ਵੇਚਣ ਵਾਲਾ ਜਦੋਂ ਵੰਗਾਂ ਚੜ੍ਹਾਉਣ ਦਾ ਹੋਕਾ ਦਿੰਦਾ ਹੈ ਤਾਂ ਮੁਟਿਆਰਾਂ ਝੱਟ-ਪਟ ਉਸ ਨੂੰ ਬੁਲਾ ਲੈਂਦੀਆਂ ਹਨ। ਵੰਗਾਂ ਚੜ੍ਹਾਉਣ ਦੀ ਇਸ ਰੀਝ ਨੂੰ ਕੁੜੀਆਂ ਲੋਕ ਗੀਤਾਂ ਰਾਹੀਂ ਪ੍ਰਗਟ ਕਰਦੀਆਂ ਹਨ:

**ਆ ਵਣਜਾਰਿਆ ਬਹਿ ਵਣਜਾਰਿਆ,**
**ਵੰਗਾਂ ਦੇਈਂ ਚੜ੍ਹਾ**
**ਲਾਲ ਸੁਹਾਗ ਮੇਰੇ ਦੀਆਂ ਵੰਗਾਂ, ਹਰੀਆਂ ਨਾਲ ਮਿਲਾ**
**ਗਿੱਧੇ ਵਿੱਚ ਮੈਂ ਨੱਚਦੀ,**
**ਮੈਨੂੰ ਸੋਹਣੀਆਂ ਵੰਗਾਂ ਦਾ ਚਾਅ।**
**ਗਿੱਧੇ ਵਿੱਚ ਮੈਂ ਨੱਚਦੀ।**

ਤੀਆਂ ਵਾਲੇ ਦਿਨ ਬਾਅਦ ਦੁਪਹਿਰ ਸੱਜੀਆਂ ਸੰਵਰੀਆਂ ਕੁੜੀਆਂ, ਹਾਰ-ਸ਼ਿੰਗਾਰ ਕਰ ਕੇ, ਨਵੇਂ ਨਕੋਰ ਕੱਪੜੇ ਪਹਿਨ ਕੇ ਪੀਂਘਾਂ ਪਾਉਣ ਲਈ ਰੱਸੇ-ਲੱਜਾਂ ਚੁੱਕ, ਖਾਣ-ਪੀਣ ਲਈ ਕੁਝ ਸਮਗਰੀ ਲੈ ਕੇ ਤੀਆਂ ਦੇ ਪਿੜ ਵੱਲ ਵਹੀਰਾਂ ਘੱਤਦੀਆਂ ਹਨ। ਖੀਰਾਂ-ਪੂੜੇ ਆਦਿ ਆਪਣੇ ਨਾਲ ਲੈ ਕੇ ਹਰ ਉਮਰ ਦੀਆਂ ਔਰਤਾਂ ਪਿੰਡੋਂ ਬਾਹਰ ਉੱਚੇ, ਲੰਮੇ, ਸੰਘਣੇ ਦਰੱਖਤਾਂ ਥੱਲੇ ਇਕੱਠੀਆਂ ਹੋ ਜਾਂਦੀਆਂ ਹਨ। ਹੱਸਦੀਆਂ-ਖੇਡਦੀਆਂ ਉਹ ਮੇਲੇ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ। ਪੀਂਘਾਂ ਝੂਟਦੀਆਂ ਹਨ ਤਾਂ ਅਸਮਾਨ ਨਾਲ ਗੱਲਾਂ ਕਰਦੀਆਂ ਜਾਪਦੀਆਂ ਹਨ। ਪੀਂਘਾਂ ਝੂਟਦੀਆਂ ਕੁੜੀਆਂ ਜਦੋਂ ਰੁੱਖ ਦੀ ਟੀਸੀ ਦੀ ਟਹਿਣੀ ਦਾ ਸਿਖ਼ਰਲਾ ਪੱਤਾ ਆਪਣੇ ਦੰਦਾਂ ਨਾਲ ਤੋੜ ਲਿਆਉਂਦੀਆਂ ਹਨ ਤਾਂ ਇਹ ਮਨਮੋਹਕ ਤੇ ਰਮਣੀਕ ਦ੍ਰਿਸ਼ ਹਰ ਵੇਖਣ ਵਾਲੇ ਦਾ ਧਿਆਨ ਆਪਣੇ ਵੱਲ ਖਿੱਚ ਲੈਂਦਾ ਹੈ।

ਤੀਆਂ ਵਾਲੇ ਸਥਾਨ ਤੋਂ ਕੁਝ ਹੀ ਦੂਰੀ 'ਤੇ ਪਿੰਡਾਂ ਦੇ ਗੱਭਰੂ ਕਬੱਡੀ ਖੇਡਣ, ਕੁਸ਼ਤੀਆਂ ਲੜਨ (ਘੋਲ ਘੁਲਣ) ਤੇ ਹੋਰ ਖੇਡਾਂ ਖੇਡਣ ਲਈ ਇਕੱਠੇ ਹੋ ਜਾਂਦੇ ਸਨ ।ਦਰਸ਼ਕਾਂ ਦੀ ਵੀ ਭੀੜ ਜੁੜ ਜਾਂਦੀ ਸੀ। ਸ਼ੁਗਲ-ਮੇਲਾ ਵੀ ਚੱਲਦਾ ਰਹਿੰਦਾ ਸੀ। ਰੌਣਕਾਂ ਲੱਗਦੀਆਂ ਰਹਿੰਦੀਆਂ ਸਨ। ਗੱਭਰੂਆਂ ਦੇ ਇਕੱਠਿਆਂ ਹੋ ਕੇ ਖੇਡਣ-ਮੱਲਣ ਪਿੱਛੇ ਇਕ ਹੋਰ ਮਨੋਰਥ ਵੀ ਹੁੰਦਾ ਸੀ। ਕਹਿੰਦੇ ਹਨ ਕੁਝ ਥਾਈਂ ਜ਼ੋਰਾਵਰ ਲੋਕਾਂ ਵੱਲੋਂ ਤੀਆਂ ਵਿੱਚੋਂ ਧੀਆਂ-ਭੈਣਾਂ ਨੂੰ ਉਧਾਲ ਲਏ ਜਾਣ ਦੀਆਂ ਘਟਨਾਵਾਂ ਵਾਪਰਨ ਪਿੱਛੋਂ ਪਿੰਡਾਂ ਦੇ ਨੌਜਵਾਨ ਚੌਕਸ ਹੋ ਗਏ ਸਨ ਤੇ ਤੀਆਂ ਵਿੱਚ ਸ਼ਾਮਲ ਧੀਆਂ-ਭੈਣਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਉਹ ਆਪਣੇ ਸਿਰ ਲੈ ਲੈਂਦੇ ਸਨ ,ਇਸੇ ਲਈ ਉਹ ਤੀਆਂ ਵਾਲੇ ਸਥਾਨ ਦੇ ਕੋਲ ਇਕੱਠੇ ਹੋ ਕੇ ਖੇਡਦੇ-ਕੁੱਦਦੇ ਰਹਿੰਦੇ ਸਨ। ਮੁੱਖ ਮਕਸਦ ਉਨ੍ਹਾਂ ਦਾ ਧੀਆਂ-ਭੈਣਾਂ ਨੂੰ ਸੁਰੱਖਿਆ ਪ੍ਰਦਾਨ ਕਰਨੀ ਹੁੰਦਾ ਸੀ।

ਖ਼ੂਬ ਭਖ਼ੇ ਹੋਏ ਗਿੱਧੇ ਦੀਆਂ ਬੋਲੀਆਂ ਦੀ ਆਵਾਜ਼, ਅੱਡੀਆਂ ਦੀ ਧਮਕ, ਵੰਗਾਂ ਦੀ ਛਣ-ਛਣ ਤੇ ਗਿੱਧੇ ਦੀ ਥਪ-ਥਪ ਕੋਹਾਂ ਤੀਕਰ ਸੁਣਾਈ ਦਿੰਦੀ ਹੁੰਦੀ ਸੀ।। ਬੋਲੀਆਂ ਵਿੱਚ ਵੀਰ ਪਿਆਰ ਤੋਂ ਲੈ ਕੇ, ਮਾਂ-ਬਾਪ, ਮਾਹੀ, ਸੱਸ, ਸਹੁਰੇ, ਸੰਯੋਗ, ਵਿਯੋਗ, ਨਨਾਣ, ਭਰਜਾਈ, ਦਿਉਰ, ਜੇਠ,ਦਰਾਣੀ, ਜਠਾਣੀ ਅਤੇ ਛੜਿਆਂ ਦਾ ਜ਼ਿਕਰ ਹੁੰਦਾ ਸੀ। ਆਮ ਹਾਲਾਤ ਵਿੱਚ ਪੁਰਸ਼ਾਂ ਨੂੰ ਇਸ ਸਮਾਰੋਹ ਵਿੱਚ ਸ਼ਾਮਲ ਨਹੀਂ ਸੀ ਕੀਤਾ ਜਾਂਦਾ ਪਰ ਚੋਰੀ-ਛੁਪੇ ਝਾਤ ਮਾਰਨ ਨੂੰ ਪੁਰਸ਼ਾਂ ਦਾ ਮਨ ਕਰ ਹੀ ਆਉਂਦਾ ਸੀ। ਇਸੇ ਕਰ ਕੇ ਕੋਈ ਮੁਟਿਆਰ ਆਪਣੇ ਸ਼ਰਮਾਕਲ ਪਤੀ ਬਾਰੇ ਕਹਿੰਦੀ ਸੁਣੀ ਜਾਂਦੀ ਸੀ:

**ਹੋਰਨਾਂ ਦੇ ਮਾਹੀਏ ਤੀਆਂ ਵੇਖਣ, ਮੇਰਾ ਚੁਗੇ ਕਪਾਹ**
**ਵੇ ਤੂੰ ਕੀ ਰਾਹ ਨੀਂ' ਜਾਣਦਾ, ਤੀਆਂ ਵੇਖਣ ਆ।**
**ਵੇ ਤੂੰ ਕੀ...**

ਗਿੱਧੇ ਦੇ ਪਿੜ ਤੋਂ ਹਟਵੀਆਂ ਢੁੱਕਵੀਆਂ ਥਾਵਾਂ 'ਤੇ ਚੂੜੀਆਂ, ਪਰਾਂਦੀਆਂ, ਮਹਿੰਦੀ,ਗੁਬਾਰਿਆਂ,ਪਕੌੜੇ, ਜਲੇਬੀਆਂ ਤੇ ਹੋਰ ਮਠਿਆਈਆਂ, ਖਿਡਾਉਣਿਆਂ ਤੇ ਹਾਰ-ਸ਼ਿੰਗਾਰ ਦੇ ਸਾਜੋ-ਸਾਮਾਨ ਵੇਚਣ ਵਾਲੇ ਵੀ ਪਹੁੰਚੇ ਹੁੰਦੇ ਹਨ। ਤੀਆਂ ਦੇ ਦਿਨੀਂ ਕੁੜੀਆਂ ਸਹੁਰੇ-ਪੇਕੇ ਘਰ ਦੇ ਨਿੱਕੇ-ਵੱਡੇ ਬੰਧਨਾਂ ਤੇ ਜ਼ਿੰਮੇਵਾਰੀਆਂ ਤੋਂ ਆਜ਼ਾਦ ਮਹਿਸੂਸ ਕਰਦੀਆਂ ਹਨ। ਨਾ ਸੱਸ ਦੀ ਡਾਂਟ-ਡਪਟ ਦਾ ਡਰ, ਨਾ ਸਹੁਰੇ ਕੋਲੋਂ ਘੁੰਡ ਕੱਢਣ ਦੀ ਚਿੰਤਾ। ਨਾ ਕਿਸੇ ਦੀ ਚੰਗੀ ਮਾੜੀ ਸੁਣਨ ਦਾ ਡਰ। ਕੁੜੀਆਂ ਚਾਹੁੰਦੀਆਂ ਹਨ ਕਿ ਤੀਆਂ ਦੇ ਦਿਨ ਮੁੱਕਣ ਹੀ ਨਾ ਪਰ ਤੀਆਂ ਦੇ ਦਿਨ ਝੱਟ ਲੰਘ ਜਾਂਦੇ ਹਨ। ਉਹ ਤੀਆਂ ਲਾਉਣ ਵਾਲੇ ਤੋਂ ਸਦਕੇ ਜਾਣਾ ਚਾਹੁੰਦੀਆਂ ਹਨ:

**ਤੇਰਾ ਹੋਏ ਸੁਰਗਾਂ ਵਿੱਚ ਵਾਸਾ,**
**ਵੇ ਤੀਆਂ ਨੂੰ ਲਵਾਉਣ ਵਾਲਿਆ...**

ਦੁੱਖ-ਸੁੱਖ, ਖ਼ੁਸ਼ੀ-ਗ਼ਮੀ ਜ਼ਿੰਦਗੀ ਦੀ ਤਸਵੀਰ ਦੇ ਦੋ ਪਾਸੇ ਹਨ। ਇੱਕ ਉਦਾਸ ਚਿੱਤ ਕੁੜੀ ਨੂੰ ਤੀਆਂ ਦੇ ਇਹ ਰੰਗ-ਤਮਾਸ਼ੇ ਇਸ ਕਰ ਕੇ ਚੰਗੇ ਨਹੀਂ ਲੱਗਦੇ ਕਿਉਂ ਜੋ ਉਹ ਆਪਣੇ ਸਹੁਰੇ ਘਰ ਵਿੱਚ ਬੀਮਾਰ ਪਏ ਪਤੀ ਨੂੰ ਛੱਡ ਕੇ ਆਈ ਹੈ:

**ਯਾਰ ਬੀਮਾਰ ਪਿਆ**
**ਮੇਰਾ ਚਿੱਤ ਨਾ ਤੀਆਂ ਦੇ ਵਿੱਚ ਲੱਗਦਾ।**
**ਕਿਹੜੇ ਹੌਸਲੇ ਗਿੱਧੇ ਦੇ ਵਿੱਚ ਜਾਵਾਂ**
**ਯਾਰ ਬੀਮਾਰ ਪਿਆ।**

ਅਜਿਹੀ ਕੁੜੀ ਨੂੰ ਸਾਉਣ ਮਹੀਨੇ ਦੀਆਂ ਬਦਲੋਟੀਆਂ ਵੀ ਕੋਈ ਉਦਾਸ ਗੀਤ ਗਾਉਂਦੀਆਂ ਪ੍ਰਤੀਤ ਹੁੰਦੀਆਂ ਹਨ।

ਤੀਆਂ ਵਾਲੀ ਸ਼ਾਮ ਜਿਉਂ-ਜਿਉਂ ਹਨੇਰੇ ਵਿੱਚ ਬਦਲਣ ਲੱਗਦੀ ਹੈ, ਮੇਲਾ ਖਿੰਡਣ ਲੱਗਦਾ ਹੈ। ਨੱਚਦੀਆਂ-ਗਾਉਂਦੀਆਂ ਕੁੜੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ:

ਸੱਚ ਦੇ ਬਚਨ ਵਿੱਚ ਧਾਈਆਂ,
**ਮਾਪਿਓ ਥੋਡੇ ਰਾਜ ਅੰਦਰ**
**ਤੀਆਂ ਖੇਡ ਕੇ ਘਰਾਂ ਨੂੰ ਆਈਆਂ।**

ਇੰਜ, ਤੀਆਂ ਦੇ ਇਹ ਪੰਦਰਾਂ ਦਿਨ ਹੱਸਦਿਆਂ, ਖੇਡਦਿਆਂ, ਨੱਚਦਿਆਂ ਖ਼ੁਸ਼ੀ ਮਨਾਉਂਦਿਆਂ, ਪੀਂਘਾਂ ਝੂਟਦਿਆਂ ਤੇ ਗੀਤ ਗਾਉਂਦਿਆਂ ਬੜੀ ਛੇਤੀ ਬੀਤ ਜਾਂਦੇ ਹਨ। ਕੁੜੀਆਂ ਲਈ ਇਹ ਦਿਨ ਕਈ ਹੁਸੀਨ ਯਾਦਾਂ ਛੱਡ ਜਾਂਦੇ ਹਨ। ਉਹ ਭਾਦੋਂ ਨੂੰ ਕੋਸਦੀਆਂ ਹਨ, ਕਿਉਂ ਜੋ ਭਾਦੋਂ ਵਿੱਚ ਉਨ੍ਹਾਂ ਨੂੰ ਮੁੜ ਸਹੁਰੀਂ ਜਾਣਾ ਪੈਂਦਾ ਹੈ:

**ਤੀਆਂ ਸਾਉਣ ਦੀਆਂ, ਭਾਦੋਂ ਦੇ ਮੁਕਲਾਵੇ।**

ਤੀਆਂ ਦੇ ਆਖਰੀ ਦਿਨ ਪਾਣੀ ਨਾਲ ਭਰੀ ਇੱਕ ਗੜਵੀ ਵਿੱਚ ਦੁੱਬ ਪਾ ਕੇ ਕੁੜੀਆਂ ਗੀਤ ਗਾਉਂਦੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ, ਇਸ ਪਾਣੀ ਤੇ ਦੁੱਬ ਦਾ ਛਿੱਟਾ ਉਹ ਘਰਾਂ ਦੀ ਦਹਿਲੀਜ਼ 'ਤੇ ਦਿੰਦੀਆਂ ਹਨ। ਇੰਜ, ਤੀਆਂ ਦਾ ਇਹ ਤਿਉਹਾਰ ਅਗਲੇ ਸਾਲ ਤਕ ਲਈ ਵਿਛੜ ਜਾਂਦਾ ਹੈ:

**ਤੀਆਂ ਤੀਜ ਦੀਆਂ, ਵਰ੍ਹੇ ਦਿਨਾਂ ਨੂੰ ਫੇਰ**

ਤੀਆਂ ਦਾ ਇਹ ਤਿਉਹਾਰ ਸਰਬ ਸਾਂਝਾ ਅਤੇ ਧਰਮ ਨਿਰਪੱਖ ਸਾਦ ਮੁਰਾਦਾ ਪੇਂਡੂ ਤਿਉਹਾਰ ਹੈ, ਜੋ ਪੰਜਾਬੀ ਲੋਕ ਸੱਭਿਆਚਾਰ ਦਾ ਮਹੱਤਵਪੂਰਨ ਅੰਗ ਹੈ। ਅਜੋਕੇ ਕਾਹਲ ਭਰੇ, ਰੁਝੇਵਿਆਂ ਵਾਲੇ ਤੇ ਬਦਲ ਗਈ ਜੀਵਨ ਸ਼ੈਲੀ ਵਾਲੇ ਵਿਕਾਸਸ਼ੀਲ ਸਮਾਜ ਵਿੱਚ ਪੁਰਾਣੇ ਸੱਭਿਆਚਾਰ ਦੇ ਅਜਿਹੇ ਰੰਗ ਫਿੱਕੇ ਪੈਂਦੇ ਜਾ ਰਹੇ ਹਨ। ਹੋਰ ਮੇਲਿਆਂ-ਤਿਉਹਾਰਾਂ ਵਾਂਗ ਤੀਆਂ ਦੀ ਪਹਿਲਾਂ ਵਾਲੀ ਰੌਣਕ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ। ਹੁਣ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਵਿੱਚ ਸ਼ਾਮਲ ਕੀਤੀ ਜਾਂਦੀ ਪੰਜਾਬੀ ਲੋਕ ਨਾਚ ਗਿੱਧੇ ਜਾਂ ਕਿਸੇ ਹੋਰ ਲੋਕ ਨਾਚ ਦੀ ਆਈਟਮ ਵਿੱਚ ਕਦੇ ਕਦੇ ਤੀਆਂ ਦੇ ਨਾਚ ਦੀ ਇਕ -ਅੱਧ ਝਲਕੀ ਵਿਖਾਈ ਜਾ ਰਹੀ ਹੋ ਸਕਦੀ ਹੈ। ਸਕੂਲਾਂ, ਕਾਲਜਾਂ ਵੱਲੋਂ ਵੀ ਤੀਆਂ ਦੇ ਮੇਲੇ ਦਾ ਪ੍ਰਬੰਧ ਕਰ ਲਿਆ ਜਾਂਦਾ ਹੈ,ਜਿਨ੍ਹਾਂ ਵਿੱਚ ਕਈ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਤੇ ਜੇਤੂਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ। ਕਿਧਰੇ-ਕਿਧਰੇ ਕਾਰਜਸ਼ੀਲ ਸੱਭਿਆਚਾਰਕ ਕਲੱਬਾਂ ਵੱਲੋਂ ,ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਂ ਉੱਦਮੀ ਤੇ ਸਵੈ-ਸੇਵੀ ਇਸਤਰੀ-ਸੰਗਠਨਾਂ ਵੱਲੋਂ ਵੀ ਸਾਉਣ ਮਹੀਨੇ ਵਿੱਚ ਕਦੇ/ਕਿਧਰੇ ਤੀਆਂ ਦੇ ਮੇਲੇ ਦਾ ਆਯੋਜਨ ਕਰ ਲਿਆ ਜਾਂਦਾ ਹੈ ।ਵਧੇਰੇ ਸਥਿਤੀਆਂ ਵਿੱਚ ਅਜਿਹਾ ਕੁਝ ਵੀ ਸਭ ਰਸਮੀ ਹੋ ਕੇ ਰਹਿ ਜਾਂਦਾ ਹੈ। ਇਹ ਪਰਿਵਰਤਨਸ਼ੀਲ ਵਰਤਾਰੇ ਵਿੱਚ ਅਜਿਹਾ ਵਾਪਰਨਾ ਹੀ ਹੁੰਦਾ ਹੈ। ਵਿਰਸੇ ਤੋਂ ਟੁੱਟਣਾ, ਦੂਰ ਹੁੰਦੇ ਚਲੇ ਜਾਣਾ ਤੇ ਵਿਰਸੇ ਨੂੰ ਵਿਸਾਰ ਦੇਣਾ ਦੁਖਦਾਈ ਜ਼ਰੂਰ ਹੁੰਦਾ ਹੈ। ਸੱਭਿਆਚਾਰਕ ਵਰਤਾਰਿਆਂ ਨੂੰ ਤੇ ਉਨ੍ਹਾਂ ਦੇ ਨਮੂਨਿਆਂ ਨੂੰ ਸਾਂਭ ਕੇ ਰੱਖਣਾ ਮਨੁੱਖ ਦਾ ਫ਼ਰਜ਼ ਬਣਦਾ ਹੈ। ਇਸ ਦਿਸ਼ਾ ਵੱਲ ਕੇਵਲ ਨਿੱਜੀ ਹੀ ਨਹੀਂ, ਸਮੂਹਿਕ ਪੱਧਰ 'ਤੇ ਵੀ ਸੁਹਿਰਦ ਯਤਨ ਕੀਤੇ ਜਾਣੇ ਚਾਹੀਦੇ ਹਨ। ਅਜਿਹੇ ਯਤਨਾਂ ਨੂੰ ਪੰਜਾਬੀ ਦੇ ਵਿਸਰ ਰਹੇ ਵਰਤਾਰਿਆਂ ਦੀ ਸਾਂਭ-ਸੰਭਾਲ ਕਰਨ ਲਈ ਪੁੱਟੇ ਗਏ ਇਕ ਕਦਮ ਵਜੋਂ ਲਿਆ ਜਾ ਸਕੇਗਾ।




ਸੁਰਿੰਦਰ ਕੌਰ ਪੰਜਾਬੀ ਸੰਗੀਤ ਇੰਡਸਟਰੀ ਦੀ ਮਹਾਂਨਾਇਕ ਸੀ/ਹੈ ਉਸ ਨੂੰ ਪੰਜਾਬ ਦੀ ਕੋਇਲ ਦੇ ਖ਼ ?ਤਾਬ ਨਾਲ ਵੀ ਨਿਵਾਜਿਆ ਗਿਆ। ਉਸ ਦੀ ਸਾਦਗੀ ਤੇ ਸਰਲਤਾ ਚ ਉਸ ਦੀ ਉਸ ਦੀ ਸ਼ਖ਼ਸੀਅਤ ਝਲਕਦੀ ਹੈ। ਸੰਗੀਤ ਦੀਆਂ ਮੁਧਰ ਧੁੰਨਾਂ ਤੇ ਗਾਉਣ ਵਾਲੀ ਸੁਰਿੰਦਰ ਕੌਰ ਨੇ ਆਪਣੀ ਗਾਇਕੀ ਨੂੰ ਲੋਕ ਗਾਇਕੀ ਦਾ ਰੰਗ ਚਾੜ੍ਹਿਆ ।ਉਸ ਦਾ ਗਾਇਆ ਹਰ ਇਕ ਗੀਤ ਲੋਕ ਦਿਲਾਂ ਦੀ ਤਰਜਮਾਨੀ ਕਰਦਾ ਹੋਇਆ ਲੋਕ ਗੀਤ ਬਣ ਗਿਆ ਜਿਵੇਂ ਕਿ:- ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏਂ, ਚੰਨ ਵੇ ਕੇ ਸ਼ੌਕਣ ਮੇਲੇ ਦੀ, ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ ਅਤੇ ਇਹਨਾਂ ਅੱਖੀਆ 'ਚ ਪਾਵਾਂ ਕਿਵੇਂ ਕਜਲਾ ਵੇ ਵਰਗੇ ਹੋ ਗੀਤ ।ਸੁਰ ਤਾਲ, ਸਹਿਜਤਾ ਦੀ ਧਾਰਨੀ, ਦੇਸੀ ਸੰਗੀਤ ਦੀ ਮਹਿਕ ਫੈਲਾਉਣ ਵਾਲੀ, ਮਿੱਠੀ ਆਵਾਜ਼ ਦੀ ਮਲਿਕਾ ਅਤੇ ਗਾਇਕੀ ਦੇ ਇਸ ਵਗਦੇ ਦਰਿਆ ਸੁਰਿੰਦਰ ਕੌਰ ਦਾ ਜਨਮ ਬ੍ਰਿਟਿਸ਼ ਭਾਰਤ ਵਿੱਚ ਪੰਜਾਬ ਦੀ ਰਾਜਧਾਨੀ ਲਾਹੌਰ ਵਿੱਚ ਇੱਕ ਪੰਜਾਬੀ ਸਿੱਖ ਪਰਿਵਾਰ ਵਿਚ ਪਿਤਾ ਬਿਸ਼ਨ ਦਾਸ ਦੇ ਘਰ ਅਤੇ ਮਾਤਾ ਮਾਇਆ ਦੇਵੀ ਦੀ ਕੁੱਖੋਂ 25 ਨਵੰਬਰ 1929 ਨੂੰ ਹੋਇਆ ।ਪੰਜਾਬੀ ਸੰਗੀਤ ਦੀ ਪ੍ਰਮੁੱਖ ਸ਼ਖਸੀਅਤ ਰੇਨੂੰ ਰਾਜਨ ਦੀ ਗਾਇਕੀ ਤੋਂ ਪ੍ਰਭਾਵਿਤ ਵਾਲੀ ਸੁਰਿੰਦਰ ਕੌਰ ਨੂੰ ਗਾਇਕੀ ਦਾ ਸ਼ੌਂਕ ਬਚਪਨ ਵਿਚ ਘਰ ਵਿਚੋਂ ਹੀ ਲੱਗਿਆ। ਸੰਗੀਤ ਵਿਚ ਰੁਚੀ ਨੂੰ ਵੇਖਦੇ ਉਸ ਦੇ ਇਸ ਸ਼ੌਕ ਨੂੰ ਪੂਰਾ ਕਰਨ ਲਈ ਉਸਦੇ ਵੱਡੇ ਭਰਾਵਾਂ ਨੇ ਸਾਥ ਦਿੱਤਾ ਤੇ ਬਾਕਾਇਦਾ ਸੰਗੀਤ ਦੀ ਤਾਲੀਮ ਦਿਵਾਉਣ ਲਈ ਪਟਿਆਲਾ ਦੇ ਸੰਗੀਤਕ ਘਰਾਣੇ ਦੇ ਲਾਹੌਰ ਰਹਿੰਦੇ ਮਾਸਟਰ ਇਨਾਇਤ ਹੁਸੈਨ ਕੋਲੋਂ ਕਲਾਸੀਕਲ ਸੰਗੀਤ ਦੀਆਂ ਬਾਰੀਕੀਆਂ ਸਿੱਖਣ ਲਈ ਭੇਜਿਆ। ਉਸ ਨੇ ਵੱਡੀ ਭੈਣ ਪ੍ਰਕਾਸ਼ ਕੌਰ ਨਾਲ ਮਿਲਕੇ 1943 ਵਿਚ ਲਾਹੌਰ ਰੇਡੀਓ 'ਤੋਂ ਲਾਈਵ ਪ੍ਰਦਰਸ਼ਨ ਆਪਣੇ ਪੇਸ਼ੇਵਰ ਸ਼ੁਰੂਆਤ ਪਹਿਲਾ ਗੀਤ ''ਮਾਵਾਂ ਤੇ ਧੀਆਂ ਰਲ ਬੈਠੀਆਂ ਨੀਂ ਮਾਏ"ਰਿਕਾਰਡ ਕੀਤਾ। ਉਸ ਤੋਂ ਬਾਅਦ ਉਹ ਆਪਣੇ ਸਮੇਂ ਦੀ ਹੀ ਨਹੀਂ ਬਲਕਿ ਸੱਭਿਆਚਾਰਕ ਭਵਿੱਖ ਦੇ ਸੁਨਹਿਰੇ ਸਮਿਆਂ ਦੀ ਸਦੀਵੀਂ ਸਾਫ਼ ਸੁਥਰੀ ਗਾਇਕਾ ਬਣੀ। ਭਾਰਤ ਦੀ ਵੰਡ ਤੋਂ ਬਾਅਦ ਸੁਰਿੰਦਰ ਕੌਰ ਆਪਣੇ ਮਾਤਾ ਪਿਤਾ ਨਾਲ ਗਾਜ਼ੀਆਬਾਦ, ਉੱਤਰ ਪ੍ਰਦੇਸ਼, ਦਿੱਲੀ ਚਲੀ ਗਈ। ਇੱਥੇ ਹੀ ਇਸ ਦਾ ਵਿਆਹ ਦਿੱਲੀ ਯੂਨੀਵਰਸਿਟੀ ਵਿੱਚ ਨੌਕਰੀ ਕਰਦੇ ਪੰਜਾਬੀ ਸਾਹਿਤ ਦੇ ਲੈਕਚਰਾਰ ਪ੍ਰੋਫੈਸਰ ਜੋਗਿੰਦਰ ਸਿੰਘ ਸੋਢੀ ਨਾਲ 1948 ਨੂੰ ਹੋਇਆ। ਉਸ ਨੇ ਉਸਦੀ ਅੰਦਰਲੀ ਕਲਾ ਨੂੰ ਪਛਾਣਿਆਂ ਤੇ ਉਸ ਨੇ ਉਸਦੀ ਹਰ ਪੱਖੋ ਮਦਦ ਕਰਕੇ ਇੱਕ ਚੰਗੇ ਪਤੀ ਹੋਣ ਦੇ ਫਰਜ਼ ਨਿਭਾਇਆ। ਆਪਣੇ ਪਤੀ ਦੇ ਮਿਲੇ ਭਰਵੇਂ ਸਹਿਯੋਗ ਸਦਕੇ ਉਸਨੇ ਮੁੰਬਈ ਵਿਖੇ ਹਿੰਦੀ ਫਿਲਮ ਜਗਤ ਵਿਚ ਇਕ ਪਲੇਅਬੈਕ ਸਿੰਗਰ ਵਜੋਂ ਆਪਣਾ ਕੈਰੀਅਰ ਸ਼ੁਰੂ ਕੀਤਾ। ਗੁਲਾਮ ਹੈਦਰ ਸੰਗੀਤ ਨਿਰਦੇਸ਼ਕ ਦੁਆਰਾ ਹਿੰਦੀ ''ਸ਼ਹੀਦ÷ ਵਿੱਚ ਤਿੰਨ ਗੀਤ ਗਾਏ ਜਿਸ ਵਿਚ ਬਦਨਾਮ ਨਾ ਹੋ ਜਾਏ ਮੁਹੱਬਤ ਕਾ ਫਸਾਨਾ, ਆਨਾ ਹੈ ਤੋ ਆ ਜਾਓ ਅਤੇ ਤਕਦੀਰ ਦੀ ਆਂਧੀ ਹਮ ਕਹਾਂ ਔਰ ਤੁਮ ਕਹਾਂ ਸ਼ਾਮਲ ਸਨ। ਗੀਤਾਂ ਦੀ ਮਿਲੀ ਪ੍ਰਸਿੱਧਤਾ ਤੋਂ ਬਾਅਦ ਉਸ ਨੇ ਹੋਰ ਵੀ ਹਿੰਦੀ ਫ਼ ?ਲਮਾਂ ਵਿਚ ਗੀਤ ਗਾਏ ਜਿਵੇਂ ਕਿ:-ਪਿਆਰ ਕੀ ਜੀਤ ,ਲਾਲ ਦੁਪੱਟਾ, ਨਦੀਆ ਕੇ ਪਾਰ, ਸ਼ਿੰਗਾਰ, ਕਨੀਜ਼, ਸਾਵਰੀਆ, ਰੂਪਰੇਖਾ ਦਾਦਾ, ਰਾਜਰਾਣੀ, ਸਬਕ, ਸ਼ਾਦੀ ਕੀ ਰਾਤ, ਖ਼ਾਮੋਸ਼ ਸਿਪਾਹੀ,ਬਾਵਰੇ ਨੈਣ ਅਤੇ ਆਂਧੀਆ ਵਰਗੀਆਂ ਫਿਲਮਾਂ। ਹਿੰਦੀ ਫ਼ਿਲਮਾਂ ਤੋਂ ਇਲਾਵਾ ਉਸ ਨੇ ਪੰਜਾਬੀ ਫ਼ਿਲਮਾਂ ਮਦਾਰੀ', 'ਮੁਟਿਆਰ', 'ਬਾਲੋ' ਅਤੇ 'ਸਤਲੁਜ ਦੇ ਕੰਢੇ ਵਿਚ ਵੀ ਆਪਣੇ ਗੀਤ ਗਾਏ। ਸੰਗੀਤ ਦੀਆਂ ਖੁੱਲ੍ਹੀਆਂ ਫਿਜਾਵਾਂ ਵਿਚ ਗਾਉਣ ਵਾਲੀ ਸੁਰਿੰਦਰ ਕੌਰ ਨੂੰ ਸਟੂਡੀਓ ਦੀ ਕੈਦ ਦੇ ਪਰਦਿਆਂ ਪਿੱਛੇ ਗਾਉਣਾ ਮਨ ਨੂੰ ਨਾ ਭਾਇਆ ਤੇ ਉਹ ਛੇਤੀ ਹੀ 1952 ਵਿਚ ਵਾਪਸ ਦਿੱਲੀ ਚਲੀ ਗਈ। ਇੱਥੇ ਇਸ ਨੇ ਆਪਣੀ ਵੱਡੀ ਭੈਣ ਪ੍ਰਕਾਸ਼ ਕੌਰ ਨਾਲ ਮਿਲ ਕੇ ਪੰਜਾਬੀ ਲੋਕ ਸੰਗੀਤ ਨੂੰ ਗਾਉਣਾ ਸ਼ੁਰੂ ਕੀਤਾ ਅਤੇ ਦੋਵਾਂ ਭੈਣਾਂ ਨੇ ਪੂਰੀ ਦੁਨੀਆਂ ਵਿਚ ਪੰਜਾਬੀਅਤ ਨੂੰ ਮੁੜ ਸੁਰਜੀਤ ਕੀਤਾ। ਐੱਚ.ਐੱਮ.ਵੀ. ਕੰਪਨੀ ਨੇ ਇਨ੍ਹਾਂ ਦੇ ਕਈ ਐੱਲ.ਪੀ. ਰਿਕਾਰਡ ਰਿਲੀਜ਼ ਕੀਤੇ। ਇਸ ਜੋੜੀ ਨੇ ਰਲ ਕੇ ਧਾਰਮਿਕ ਗੀਤ ਵੀ ਗਾਏ। ਪੰਜਾਬੀ ਗਾਇਕੀ ਨੂੰ ਪੌਣਾਂ ਦੇ ਪੱਤਿਆਂ ਵਾਂਗੂੰ ਪਿਆਰ ਕਰਨ ਵਾਲੀ ਸੁਰਿੰਦਰ ਕੌਰ ਨੇ ਮਿਲੇ ਬੇਹੱਦ ਪਿਆਰ ਅਤੇ ਸਤਿਕਾਰ ਸਦਕਾ ਉਸ ਨੇ ਆਪਣਾ ਜੀਵਨ ਪੰਜਾਬੀ ਗਾਇਕੀ ਅਤੇ ਸੱਭਿਆਚਾਰ ਨੂੰ ਅਰਪਿਤ ਕਰਨ ਲਈ ਪੱਕਾ ਮਨ ਬਣਾਇਆ ।ਉਸਨੇ ਆਪਣੀ

ਭੈਣ ਤੋਂ ਅਲੱਗ ਹੋ ਕੇ ਪੰਜਾਬ ਦੇ ਰਵਾਇਤੀ ਗੀਤਾਂ ਨੂੰ ਘਰਾਂ ਵਿਚੋਂ ਕੱਢ ਕੇ ਗਾਇਕੀ ਦੇ ਸਫ਼ਰ ਦੌਰਾਨ ਅਨੇਕਾਂ ਹੀ ਹਿੱਟ ਗੀਤ ਗਾਏ। ਜਿਵੇਂ ਕਿ:-ਡਾਚੀ ਵਾਲਿਆ ਮੋੜ ਮੁਹਾਰ ਵੇ, ਚੰਨਾਂ ਕਿੱਥਾਂ ਗੁਜ਼ਾਰੀ ਆਈ ਰਾਤ ਵੇ, ਨੀ ਇਕ ਮੇਰੀ ਅੱਖ ਕਾਸ਼ਨੀ, ਲੱਠੇ ਦੀ ਚਾਦਰ ਅਤੇ ਕਿਨ੍ਹਾਂ ਜੰਮੀਆਂ ਕਿਨ੍ਹਾਂ ਨੇ ਲੈ ਜਾਣੀਆਂ ਆਦਿ। ਗਾਇਕੀ ਵਿਚ ਆਪਣੀ ਕਲਾ ਦਾ ਮੀਲ ਪੱਥਰ ਸਥਾਪਤ ਕਰਨ ਵਾਲੀ ਸੁਰਿੰਦਰ ਕੌਰ ਨੇ ਪੰਜਾਬ ਦੇ ਕਈ ਪ੍ਰਸਿੱਧ ਗਾਇਕਾਂ ਨਾਲ ਦੋਗਾਣੇ ਵੀ ਰਿਕਾਰਡ ਕਰਵਾਏ ਜਿਨ੍ਹਾਂ ਵਿਚ ਹਰਚਰਨ ਗਰੇਵਾਲ, ਆਸਾ ਸਿੰਘ ਮਸਤਾਨਾ, ਮੁਹੰਮਦ ਸਦੀਕ, ਕਰਨੈਲ ਗਿੱਲ, ਰਮੇਸ਼ ਰੰਗੀਲਾ, ਸਾਬਰ ਹੁਸੈਨ ਸਾਬਰ,ਰੰਗੀਲਾ ਜੱਟ, ਜਗਜੀਤ ਜੀਰਵੀ ਅਤੇ ਦੀਦਾਰ ਸੰਧੂ ਵਰਗਿਆਂ ਦੇ ਨਾਂ ਸ਼ਾਮਲ ਹਨ ਹਰਚਰਨ ਗਰੇਵਾਲ ਨਾਲ ਉਸ ਨੇ ਸਭ ਤੋਂ ਵੱਧ ਦੋਗਾਣੇ ਰਿਕਾਰਡ ਕਰਵਾਏ ਅਤੇ ਆਸਾ ਸਿੰਘ ਮਸਤਾਨਾ ਨਾਲ ਸਟੇਜਾਂ ਸਾਂਝੀਆਂ ਕੀਤੀਆਂ। ਜਿਨ੍ਹਾਂ ਨੂੰ ਪੰਜਾਬ ਦੇ ਲੋਕਾਂ ਵਲੋਂ ਬੇਹੱਦ ਪਿਆਰ ਦੇ ਕੇ ਪਸੰਦ ਕੀਤਾ ਤੇ ਮਾਣਿਆ ਗਿਆ। 1975 ਵਿਚ ਪਤੀ ਦੀ ਮੌਤ ਹੋ ਜਾਣ ਕਾਰਨ ਸੁਰਿੰਦਰ ਕੌਰ ਨੂੰ ਗਹਿਰਾ ਸਦਮਾ ਲੱਗਿਆ ਘਰ ਦੀ ਜ਼ਿੰਮੇਵਾਰੀ ਦਾ ਭਾਰ ਉਸ ਦੇ ਇੱਕਲੀ ਦੇ ਮੋਢਿਆ 'ਤੇ ਆਣ ਪਾਇਆ। ਇਸ ਦੌਰਾਨ ਉਸ ਦਾ ਝੁਕਾਅ ਉਦਾਸ ਗੀਤ, ਗਜ਼ਲ ਗਾਉਣ ਵੱਲ ਹੋਇਆ ਉਨ੍ਹਾਂ 'ਚ ਪ੍ਰਮੁੱਖ ਸਨ:- ਵਿਛੜੇ ਚਿਰਾ ਤੋਂ ਉਹ ਮੈਨੂੰ ,ਮਹਿਰਮ ਦਿਲਾਂ ਦੇ ਮਾਹੀ, ਇਨ੍ਹਾਂ ਅੱਖੀਆਂ 'ਚ ਪਾਵਾਂ ਕਿਵੇਂ ਕੱਜਲਾ ।ਸੁਰਿੰਦਰ ਕੌਰ ਨੇ ਪਤੀ ਦੇ ਜਾਣ ਦੀ ਪੀੜਾ ਨੂੰ ਬਿਆਨ ਕਰਨ ਲਈ ਗਾਉਣ ਦੇ ਨਾਲ ਗੀਤ ਖੁਦ ਲਿਖਿਆ ਜਿਸਦੇ ਬੋਲ ਸਨ ''ਨੀਂ ਮੈਂ ਜਾਣਾ ਰੱਬ ਦੇ ਕੋਲ, ਦਿਲ ਮੇਰੇ ਨੂੰ ਚੈਨ ਨਾ ਆਵੇ ਫਿਰਨੀ ਆਂ ਡਾਂਵਾ ਡੋਲ। 12-13 ਸਾਲ ਦੀ ਉਮਰ ਤੋਂ ਲੈ ਕੇ ਉਮਰ ਦੇ ਅਖ਼ੀਰੀ ਸਾਹਵਾਂ ਤੱਕ ਗਾਉਣ ਵਾਲੀ ਸੁਰਿੰਦਰ ਕੌਰ ਨੇ ਮਾਂ-ਬੋਲੀ ਪੰਜਾਬੀ ਰੱਜ ਸੇਵਾ ਕੀਤੀ। ਕੁੱਲ ਦੁਨੀਆ ਵਿਚ ਵੱਸਦੇ ਪੰਜਾਬੀਆਂ ਨੇ ਦਿਲ ਖੋਲ੍ਹ ਕੇ ਤਾਰੀਫ਼ ਕਰਦਿਆਂ ਉਸ ਨੂੰ ਮਣਾਂ ਮੂਹੀ ਪਿਆਰ ਨਾਲ ਨਿਵਾਜਿਆ । ਦਹਾਕਿਆਂ ਬੱਧੀ ਸਦਾ ਬਹਾਰ ਯਾਦਗਾਰੀ ਗੀਤ ਰਿਕਾਰਡ ਕਰਵਾਉਣ ਵਾਲੀ ਪੰਜਾਬੀ ਗਾਇਕਾ ਸੁਰਿੰਦਰ ਕੌਰ ਨੇ ਸਾਫ਼ ਸੁਥਰੀ ਗਾਇਕੀ ਦੇ ਚਾਨਣ ਮੁਨਾਰਾ ਲਈ ਬਾਬਾ ਬੁਲ੍ਹੇ ਸ਼ਾਹ ਦੀਆਂ ਕਾਫੀਆਂ ਤੋਂ ਇਲਾਵਾ ਬਾਬੂ ਸਿੰਘ ਮਾਨ,ਦੇਵ ਥਰੀਕਿਆਂ ਵਾਲਾ, ਗੁਰਦੇਵ ਸਿੰਘ ਮਾਨ, ਚਤਰ ਸਿੰਘ ਪਰਵਾਨਾ,ਨੰਦ ਲਾਲ ਨੂਰਪੁਰੀ,ਦੀਦਾਰ ਸੰਧੂ, ਇੰਦਰਜੀਤ ਹਸਨਪੁਰੀ, ਜੱਗਾ ਗਿੱਲ, ਸਾਧੂ ਸਿੰਘ, ਮਿਰਜਾ ਸੰਗੋਵਾਲੀਆ, ਹਰਭਜਨ ਸਿੰਘ ਚਮਕ,ਅਮ੍ਰਿਤਾ ਪ੍ਰੀਤਮ, ਹਾਸ਼ਮ, ਮੋਹਨ ਸਿੰਘ ਬੰਸੀਆਂ ਵਾਲਾ,ਅਤੇ ਸ਼ਿਵ ਕੁਮਾਰ ਬਟਾਲਵੀ ਦੇ ਗੀਤਾਂ ਨੂੰ ਪ੍ਰਮੁੱਖਤਾ ਦਿੱਤੀ। ਮਿੱਟੀ ਦੇ ਮੋਹ ਦੀ ਮਾਰੀ ਸੁਰਿੰਦਰ ਕੌਰ ਜ਼ਿੰਦਗੀ ਦੇ ਅਗਲੇ ਹਿੱਸੇ ਵੱਲ, ਆਪਣੀ ਮਿੱਟੀ ਦੇ ਨੇੜੇ ਜਾਣਾ ਚਾਹੁੰਦੀ ਸੀ ਤੇ ਉਹ ਆਪਣੀ ਦਿਲੀ ਇੱਛਾ ਅਨੁਸਾਰ ਚੰਡੀਗੜ੍ਹ ਦੇ ਨੇੜੇ ਜ਼ੀਰਕਪੁਰ ਇਕ ਘਰ ਉਸਾਰਨਾ ਚਾਹੁੰਦੀ ਸੀ ਅਤੇ ਉਹ ਸਾਲ 2004 ਵਿਚ ਦਿੱਲੀ ਛੱਡ ਚੰਡੀਗੜ੍ਹ ਨਜ਼ਦੀਕ ਪੰਚਕੂਲਾ ਆਪਣੀ ਵੱਡੀ ਧੀ ਡੌਲੀ ਗੁਲੇਰੀਆ ਕੋਲ ਆ ਕੇ ਰਹਿਣ ਲੱਗੀ 22 ਦਸੰਬਰ 2005 ਨੂੰ ਉਸ ਨੂੰ ਦਿਲ ਦਾ ਦੌਰਾ ਪੈ ਗਿਆ ਅਤੇ ਉਸ ਨੂੰ ਪੰਚਕੁਲਾ ਦੇ ਜਨਰਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਬੀਮਾਰੀ ਤੋਂ ਸਿਹਤਯਾਬ ਹੋਣ ਤੋਂ ਬਾਅਦ ਸੁਰਿੰਦਰ ਕੌਰ ਨੂੰ ਗਾਇਕੀ ਦੇ ਖੇਤਰ ਵਿਚ ਪੰਜਾਬੀ ਸੱਭਿਆਚਾਰ ਨੂੰ ਦਿੱਤੀ ਵੱਡੀ ਦੇਣ ਅਤੇ ਵਿਲੱਖਣ ਪ੍ਰਾਪਤੀਆਂ ਸਦਕੇ ਤਤਕਾਲੀ ਰਾਸ਼ਟਰਪਤੀ ਡਾਕਟਰ ਏ. ਪੀ. ਜੇ. ਅਬਦੁਲ ਕਲਾਮ ਵੱਲੋਂ ਸਾਲ 2006 ਵਿਚ ਪਦਮ ਸ਼੍ਰੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ।ਐਵਾਰਡ ਪ੍ਰਾਪਤ ਕਰਨ ਲਈ ਦਿੱਲੀ ਗਈ ਸਮਾਗਮ ਚ ਪਹੁੰਚਦਿਆਂ ਸੁਰਿੰਦਰ ਕੌਰ ਦੇ ਮਨ ਨੂੰ ਬੜਾ ਧੱਕਾ ਜਿਹਾ ਲੱਗਿਆ ਉਸ ਨੇ ਅਫ਼ਸੋਸ ਜ਼ਾਹਿਰ ਕਰਦਿਆਂ ਸੋਚਿਆ ਕਿ ਲੰਮੇ ਅਰਸੇ ਤੱਕ ਮਾਂ ਬੋਲੀ ਦੀ ਸੇਵਾ ਕਰਦਿਆਂ ਪੰਜਾਬੀ ਸੰਗੀਤ ਵਿਚ ਉਸ ਦੇ ਬੇਮਿਸਾਲ ਯੋਗਦਾਨ ਪਾਉਣ ਦੇ ਬਾਵਜੂਦ ਜ਼ਿੰਦਗੀ ਦੇ ਅਖ਼ੀਰ ਵਿਚ ਉਸਨੂੰ ਸਨਮਾਨ ਕੀਤਾ ਗਿਆ ।ਪੁਰਸਕਾਰ ਮਿਲਣ ਦੀ ਨਾਮਜ਼ਦਗੀ ਵੀ ਹਰਿਆਣਾ ਤੋਂ ਆਈ ਹੈ, ਨਾ ਕਿ ਪੰਜਾਬ, ਭਾਰਤ ਤੋਂ ਜਿਸ ਲਈ ਉਸਨੇ ਪੰਜ ਦਹਾਕਿਆਂ ਤੋਂ ਅਣਥੱਕ ਮਿਹਨਤ ਕੀਤੀ ।ਸਧਾਰਨ ਲੋਕ ਸਾਜ਼ ਹੱਥ ਵਿਚ ਘੁੰਗਰੂ ਫ਼ੜ ਕੇ ਤਾਲ ਦੇਣ ਦਾ ਵਿਲੱਖਣ ਅੰਦਾਜ਼ ਤੇ ਮਨਮੋਹਕ ਉੱਚੀ ਹੇਕ ਨਾਲ ਸਰੋਤਿਆਂ ਮਨਾਂ ਨੂੰ ਕੀਲਣ ਵਾਲੀ ਪੰਜਾਬ ਦੀ 'ਕੋਇਲ ਸੁਰਿੰਦਰ ਕੌਰ ਨੇ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਤੋਂ ਇਲਾਵਾ ਵਿਦੇਸ਼ਾਂ ਜਿਵੇਂ ਕੈਨੇਡਾ, ਅਮਰੀਕਾ, ਇੰਗਲੈਂਡ, ਅਫਰੀਕਾ ਵਰਗੇ ਦੁਨੀਆਂ ਭਰ ਦੇ ਦੇਸ਼ਾਂ ਵਿਚ ਆਪਣੀ ਸੁਰੀਲੀ ਗਾਇਕੀ ਦਾ ਲੋਹਾ ਮਨਵਾਇਆ ।ਸੁਰੀਲੀ ਗਾਇਕੀ ਦੇ ਮੁਰੀਦਾਂ ਨੇ ਉਸ ਦੀ ਕਲਾ ਦੀ ਕਦਰ ਕਰਦਿਆਂ ਉਸ ਨੂੰ ਉੱਚੀ ਉਪਾਧੀ ਨਾਲ ਨਿਵਾਜਿਆ। ਸੰਨ 1984 ਵਿਚ ਸੰਗੀਤ ਨਾਟਕ ਅਕਾਦਮੀ ਵੱਲੋਂ ਸੁਰਿੰਦਰ ਕੌਰ ਨੂੰ 'ਮਿਲੇਨੀਅਮ ਪੰਜਾਬੀ ਗਾਇਕਾ ਪੁਰਸਕਾਰ ਅਤੇ 2002 ਵਿਚ ਸ਼੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਡਾਕਟਰੇਟ ਦੀ ਡਿਗਰੀ ਦੇ ਨਾਲ ਸਨਮਾਨਿਤ ਕੀਤਾ ਗਿਆ। ਪੰਜਾਬੀ ਸੱਭਿਆਚਾਰ ਦੇ ਖੇਤਰ ਵਿਚ ਗਾਇਕੀ ਰਾਹੀਂ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦਾ ਮਾਣ ਵਧਾਉਣ ਵਾਲੀ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨੂੰ ਇਕ ਲੰਬੀ ਬਿਮਾਰੀ ਕਾਰਨ ਯੂਨਾਈਟਿਡ ਸਟੇਟ ਵਿਚ ਇਲਾਜ ਕਰਾਉਣ ਲਈ ਭੇਜਿਆ ਗਿਆ ਜਿੱਥੇ ਉਸ ਨੇ ਅਮਰੀਕਾ ਦੇ ਨਿਊਜਰਸੀ ਹਸਪਤਾਲ ਵਿਚ 14 ਜੂਨ 2006 ਨੂੰ 77 ਸਾਲ ਦੀ ਉਮਰ ਵਿੱਚ ਆਖ਼ਰੀ ਸਾਹ ਲਏ । ਉੱਥੇ ਹੀ ਉਨ੍ਹਾਂ ਦੀਆਂ ਅੰਤਿਮ ਰਸਮਾਂ ਕੀਤੀਆਂ ਗਈਆਂ। ਪੰਜਾਬੀ ਸੱਭਿਆਚਾਰ ਦੀ ਤਰਜਮਾਨੀ ਕਰਨ ਵਾਲੀ ਸੁਰਿੰਦਰ ਕੌਰ ਨੂੰ ਮਾਣ-ਸਤਿਕਾਰ, ਸ਼ੁਹਰਤ ਜੋਂ ਪ੍ਰਾਪਤ ਹੋਇਆ ਉਹ ਬੇਮਿਸਾਲ ਹੈ ਉਸ ਦਾ ਕੋਈ ਸਾਨੀ ਨਹੀਂ। ਪੰਜਾਬ ਦੀ ਹੀ ਨਹੀਂ, ਸਗੋਂ ਸੰਸਾਰ ਪੱਧਰ 'ਤੇ ਪ੍ਰਸਿੱਧੀ ਹਾਸਲ ਕਰਨ ਵਾਲੀ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨੂੰ ਉਨ੍ਹਾਂ ਦੀ ਗਾਇਕੀ ਲਈ ਹਮੇਸ਼ਾਂ ਯਾਦ ਕੀਤਾ ਜਾਂਵੇਗਾ। ਗਾਇਕੀ ਨੂੰ ਮੱਕਾ ਅਤੇ ਕਾਂਬਾ ਮੰਨਣ ਵਾਲੀ ਸੁਰਿੰਦਰ ਕੌਰ ਦੀ ਸੁਰੀਲੀ ਤੇ ਮਨਮੋਹਕ ਆਵਾਜ਼ ਸੱਭਿਆਚਾਰ ਦੇ ਖੇਤਰ ਵਿਚ ਉਭਰਨ ਵਾਲੇ ਨਵੇਂ ਕਲਾਕਾਰਾਂ ਨੂੰ ਸਹੀ ਲੋਕ ਗਾਇਕੀ ਦੀ ਪਰੰਪਰਾ ਦੇ ਅਭਿਆਸ ਲਈ ਪ੍ਰੇਰਿਤ ਕਰਦੀ ਰਹੇਗੀ।

ਸਰੂਪ ਸਿੰਘ, ਚੌਧਰੀ ਮਾਜਰਾ (ਨਾਭਾ)
99886-27880

# ਪੰਜਾਬੀ ਨੌਜਵਾਨੀ ਦਾ ਪਰਵਾਸ

ਪਰਵਾਸ ਸ਼ਬਦ ਪਰ ਅਤੇ ਵਾਸ ਦੋ ਸ਼ਬਦਾਂ ਦਾ ਸੁਮੇਲ ਹੈ।ਪਰ ਤੋਂ ਭਾਵ ਦੂਸਰਾ ਜਾਂ ਪਰਾਇਆ ਹੁੰਦਾ ਹੈ, ਵਾਸ ਕਿਸੇ ਥਾਂ ਦੇ ਰਹਿਣ ਜਾਂ ਵੱਸਣ ਨੂੰ ਕਹਿੰਦੇ ਹਨ।ਇਸ ਤਰ੍ਹਾਂ ਸ਼ਬਦ ਪਰਵਾਸ ਕਿਸੇ ਦੂਜੀ ਥਾਂ ਤੇ ਜਾ ਕਿ ਵੱਸਣ ਨੂੰ ਅਤੇ ਰਹਿਣ ਵਾਲੇ ਲੋਕਾਂ ਨੂੰ ਪਰਵਾਸੀ ਕਹਿੰਦੇ ਹਨ। ਉਹ ਵਿਅਕਤੀ ਜੋ ਅਪਣਾ ਵਤਨ ਤਿਆਗ ਕਿ ਅਣਮਿੱਥੇ ਸਮੇਂ ਲਈ ਵਿਦੇਸ਼ ਚਲਾ ਜਾਦਾ ਹੈ।

ਪੰਜਾਬੀ ਨੇ ਵੀਹਵੀਂ ਸਦੀ ਦੇ ਆਰੰਭ ਵਿੱਚ ਰੁਜ਼ਗਾਰ ਤੇ ਆਰਥਿਕ ਪੱਖੋਂ ਵਧੇਰੇ ਕਾਮਯਾਬ ਹੋਣ ਲਈ ਪਰਵਾਸ ਧਾਰਨ ਕਰਦਿਆਂ ਯੂਰਪੀ ਤੇ ਅਮਰੀਕੀ ਮਹਾਦੀਪਾਂ ਵਿੱਚ ਪਰਵਾਸ ਕੀਤਾ। ਵਰਤਮਾਨ ਸਮੇਂ ਪੰਜਾਬੀਆਂ ਦੀ ਵੱਖ-ਵੱਖ ਮੰਤਵਾਂ ਅਧੀਨ ਪਰਵਾਸ ਧਾਰਨ ਕਰਨ ਦੀ ਰੁਚੀ ਨਿਰੰਤਰ ਜਾਰੀ ਹੈ। ਖਾਸਕਾਰ ਨੌਜਵਾਨ ਪੀੜ੍ਹੀ ਦਾ ਉੱਚ ਸਿੱਖਿਆਂ ਪ੍ਰਾਪਤੀ ਲਈ ਪਰਵਾਸ ਇੱਕ ਰਿਵਾਜ ਜਿਹਾ ਹੀ ਹੋ ਚੱਕਾ ਹੈ।

ਅਸਲ ਵਿੱਚ ਉਹਨਾਂ ਦਾ ਮੁੱਖ ਉਦੇਸ਼ ਸਿਰਫ਼ ਪੜ੍ਹਨਾ ਨਹੀਂ, ਬਲਕਿ ਪੱਛਮੀ ਦੇਸ਼ਾਂ ਵਿੱਚ ਪੱਕੇ ਤੌਰ ਤੇ ਰਹਿਣਾ ਹੈ। ਅੱਜ ਪੰਜਾਬ ਦੇ ਪਿੰਡਾਂ ਦੇ ਪਿੰਡ ਨੌਜਵਾਨੀ ਪੀੜ੍ਹੀ ਤੋਂ ਖਾਲੀ ਹੋ ਗਏ ਜਾਪਦੇ ਹਨ। ਕਿਉਂਕਿ ਸੈਕੰਡਰੀ ਸਿੱਖਿਆਂ ਪ੍ਰਾਪਤੀ ਤੋਂ (ਆਈਲਿਟਸ ਦੇ ਪੇਪਰ) ਬਾਅਦ ਵਿਦੇਸ਼ਾਂ ਦੇ ਕਾਲਜਾਂ ਵਿੱਚ ਪੜ੍ਹਨ ਦੀ ਇਜਾਜਤ ਮਿਲ ਜਾਦੀ ਹੈ।ਬੇਸ਼ੱਕ ਜਦੋਂ ਵੀ ਕੋਈ ਨੌਜਵਾਨ ਪਰਵਾਸ ਕਰਦਾ ਹੈ। ਬਹੁਤ ਹੀ ਆਸ਼ਾਵਾਦੀ ਸੋਚ ਮੁਤਾਬਿਕ ਹੀ ਉਜਵੱਲ ਭੱਵਿਖ ਦੀ ਕਲਪਨਾ ਕਰਦਾ ਹੈ ਅਤੇ ਪ੍ਰਾਪਤੀਆਂ ਵੀ ਕਰ ਰਿਹਾ ਹੈ। ਜਿਹੜੇ ਪਰਿਵਾਰ ਆਰਥਿਕ ਪੱਖ ਤੋਂ ਕੁਝ ਸਾਲ ਪਹਿਲਾ ਕਮਜੋਰ ਸਨ, ਉਨ੍ਹਾਂ ਦੇ ਬੱਚੇ ਵਿਦੇਸ਼ਾ ਵਿੱਚ ਭਾਵੇਂ ਪੜ੍ਹਾਈ ਦੇ ਤੌਰ ਤੇ ਗਏ ਸਨ, ਆਰਥਿਕਤਾ ਪੱਖੋਂ ਹੈਰਾਨੀਜਨਕ ਬਦਲਾਅ ਆਇਆ ਹੈ। ਜਿਸ ਕਾਰਨ ਨੌਜਵਾਨ ਵਰਗ ਦਾ ਵਿਦੇਸ਼ਾ ਨੂੰ ਜਾਣ ਦਾ ਰੁਝਾਨ ਵੱਧ ਚੁੱਕਾ ਹੈ।

ਜਿਸ ਤਰ੍ਹਾਂ ਇੱਕ ਫ਼ਸਲ ਦੇ ਬੀਜ ਉੱਗਣ ਸਮੇਂ ਖੇਤ ਵਿੱਚ ਨਦੀਨ ਆਪਣੇ ਆਪ ਉੱਗ ਆਉਂਦਾ ਹੈ। ਉਸੇ ਤਰ੍ਹਾਂ ਜਿੱਥੇ ਪਰਵਾਸ ਪੰਜਾਬੀ ਲੋਕਾਂ ਲਈ ਵਰਦਾਨ ਸਾਬਿਤ ਹੋਇਆ ਹੈ ਤਾਂ ਵਰਦਾਨ ਬਦਲੇ ਕੁਝ ਸਾਰਪ ਵੀ ਝੱਲਣਾ ਪਿਆ ਹੈ। ਪਰਵਾਸ ਸਿਰਫ਼ ਸ਼ੌਕ ਹੀ ਨਹੀਂ ਬਲਕਿ ਮਜਬੂਰੀ ਵੀ ਹੈ। ਜਿਹੜੀ ਨੌਜਵਾਨੀ ਪਰਵਾਸ ਕਰ ਰਹੀ ਹੈ, ਇੱਕ ਚਿੰਤਕ ਪੀੜ੍ਹੀ ਹੈ। ਕਿਉਂਕਿ ਸਾਡੇ ਦੇਸ਼ ਵਿੱਚ ਖਾਸ਼ਕਰ ਪੰਜਾਬ ਵਿੱਚ ਰੁਜਗਾਰ ਦੇ ਸਹੀ ਮੌਕੇ ਨਹੀਂ ਪ੍ਰਾਪਤ ਨਹੀਂ ਹੁੰਦੇ। ਇਸ ਦੇ ਉਲਟ ਪੱਛਮੀ ਦੇਸ਼ਾਂ ਵਿੱਚ ਉੱਚੇ ਦਰਜੇ ਦੀ ਵਿੱਦਿਆਂ ਦੇ ਨਾਲ-ਨਾਲ ਰੁਜ਼ਗਾਰ ਦੇ ਅਵਸਰ ਵੀ ਪ੍ਰਾਪਤ ਹੋ ਜਾਦੇ ਹਨ, ਬੇਸ਼ੁੱਕ ਪੜ੍ਹਾਈ ਦੇ ਨਾਲ-ਨਾਲ ਕੰਮ ਕਰਨਾ ਬਹੁਤ ਕਠਿਨ ਹੁੰਦਾ ਹੈ। ਪਰ ਜਦ ਕੀਤੀ ਕਮਾਈ ਦੀ ਗੁਣਾਂ ੫੦ ਨਾਲ ਹੁੰਦੀ ਹੈ, ਸਾਰੇ ਦੁੱਖ ਭੁੱਲ ਜਾਦੇ ਹਨ।ਵਿਦੇਸ਼ਾਂ ਵਿੱਚ ਰਹਿਣ ਵਾਲੇ ਲੋਕਾਂ ਤੋਂ ਉਹਨਾਂ ਦੀ ਆਮਦਨ ਦਾ ਕੁਝ ਹਿੱਸਾ ਟੈਕਸ ਦੇ ਰੂਪ ਵਿੱਚ ਲਿਆ ਜਾਦਾ ਹੈ। ਪਰ ਇਸ ਬਦਲੇ ਉਨ੍ਹਾਂ ਨੂੰ ਸੁੱਖ ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਸਭ ਤੋਂ ਅਹਿਮ ਗੱਲ ਵਿਦੇਸ਼ਾਂ ਵਿੱਚ ਰਹਿ ਰਹੇ ਲੋਕਾਂ ਨੂੰ ਆਪਣੇ ਭੱਵਿਖ ਦੀ ਚਿੰਤਾ ਦੂਰ ਹੋ ਜਾਦੀ ਹੈ। ਕਿਉਂਕਿ ਸਾਡੀਆਂ ਮੁੱਢਲੀਆਂ ਲੋੜਾਂ ਵਿੱਚੋਂ ਅਹਿਮ ਲੋੜ ਸਿੱਖਿਆਂ ਤੇ ਸਿਹਤ ਦੀ ਹੈ। ਜੋ ਉਥੋਂ ਦੀਆਂ ਸਰਕਾਰਾਂ ਮੁਫਤ ਪ੍ਰਦਾਨ ਕਰਦੀ ਹੈ। ਜੇਕਰ ਸਾਡੇ ਮੁਲਕ ਵੱਲ ਨਜ਼ਰ ਮਾਰੀ ਜਾਵੇ ਤਾਂ ਸਾਡੇ ਸਿੱਖਿਆਂ ਤੇ ਸਿਹਤ ਮੰਤਰੀ ਵੀ ਅਨਪੜ੍ਹ ਜਾਂ ਬਹੁਤ ਘੱਟ ਪੜ੍ਹੇ ਹੁੰਦੇ ਹਨ, ਉਨ੍ਹਾਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ ? ਕੁਲ ਮਿਲਾ ਕਿ ਕਿਹਾ ਜਾ ਸਕਦਾ ਹੈ, ਭਾਵੇਂ ਵਿਦੇਸ਼ਾ ਵਿੱਚ ਰਹਿ ਕਿ ਬਹੁਤ ਸਖ਼ਤ ਮਿਹਨਤ ਕਰਨੀ ਪੈਂਦੀ ਹੈ।ਫਿਰ ਵੀ ਉਸ ਦੇ ਬਦਲੇ ਉਹ ਸਾਰੀਆਂ ਸੁੱਖ ਸਹੂਲਤਾਂ ਮਿਲਦੀਆਂ ਹਨ, ਜਿੰਨ੍ਹਾਂ ਦਾ ਅਸਲੀ ਹੱਕਦਾਰ ਹਰ ਇੱਕ ਨਾਗਰਿਕ ਹੁੰਦਾ ਹੈ।ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਬਹੁਤ ਘੱਟ ਹੋਣ ਕਾਰਨ ਦੇਸ਼ ਤਰੱਕੀ ਦੇ ਰਸਤੇ ਵੱਲ ਨੂੰ ਵੱਧਦਾ ਚਲਾ ਜਾਦਾ ਹੈ।ਇਨ੍ਹਾਂ ਕਾਰਕਾਂ ਕਰਕੇ ਅਜੋਕੀ ਨੋਜਵਾਨੀ ਪੀੜ੍ਹੀ ਵਿਦੇਸ਼ਾਂ ਵੱਲ ਖਿੱਚੀ ਚੱਲੀ ਜਾ ਰਹੀ ਹੈ।

ਜੇਕਰ ਇਸ ਸਿੱਕੇ ਦੇ ਦੂਜੇ ਪਹਿਲੂ ਨੂੰ ਦੇਖਿਆ ਜਾਵੇ ਤਾਂ ਪਰਵਾਸ ਦੇ ਨਕਾਰਤਮਕ ਕਾਰਕ ਵੀ ਸਾਹਮਣੇ ਆ▲ਂਦੇ ਹਨ। ਜਿੰਨ੍ਹਾਂ ਵਿੱਚੋਂ ਸਭ ਤੋਂ ਅਹਿਮ ਗੱਲ ਨੋਜਵਾਨੀ ਨੂੰ ਆਪਣੀ ਜਨਮ-ਭੂਮੀ ਤੇ ਜਨਮ-ਦਤਿਆਂ ਤੋਂ ਦੂਰ ਹੋਣਾ ਪੈਂਦਾ ਹੈ। ਦੂਸਰਾ ਜਦੋਂ ਤੋਂ ਵਿਦੇਸ਼ਾਂ ਵਿੱਚ ਪੜਾਈ ਕਰਨ ਦਾ ਰੁਝਾਨ ਸ਼ੁਰੂ ਹੋਇਆਂ ਹੈ ਤਾਂ ਪੰਜਾਬ ਦੀ ਆਰਥਿਕਤਾ ਨੂੰ ਵੀ ਬਹੁਤ ਵੱਡਾ ਧੱਕਾ ਲੱਗਿਆਂ ਹੈ, ਕਿਉਂਕਿ ਪੰਜਾਬ ਦੀ ਸਾਰੀ ਕਮਾਈ ਤਾਂ ਵਿਦੇਸ਼ਾਂ ਵਿੱਚ ਫ਼ੀਸਾਂ ਰਾਹੀ ਜਾ ਰਹੀ ਹੈ। ਜੋ ਪੰਜਾਬ ਦੀ ਕੰਗਾਲੀ ਦਾ ਪ੍ਰਮੁੱਖ ਕਾਰਨ ਵੀ ਹੈ।

ਵੈਸੇ ਤਾਂ ਕੋਈ ਕੰਮ ਛੋਟਾ ਵੱਡਾ ਨਹੀਂ ਹੁੰਦਾ, ਹੱਥੀ ਕਿਰਤ ਸਭ ਤੋਂ ਵੱਡੀ ਹੈ। ਪਰ ਵਿਦੇਸ਼ੀ ਰੁਝਾਨ ਕਾਰਨ ਹੁਸ਼ਿਆਰ ਬੱਚੇ ਵਿਦੇਸ਼ਾਂ ਨੂੰ ਜਾ ਚੁੱਕੇ ਹਨ। ਉਥੇ ਹੋਟਲਾਂ, ਪੈਟਰੋਲ ਪੰਪਾਂ, ਟੈਕਸੀ ਚਲਾਉਣ (ਲੇਬਰ) ਆਦਿ ਕੰਮ ਕਰ ਰਹੇ ਹਨ। ਜਿਸ ਕਾਰਨ ਪੰਜਾਬ ਵਿੱਚ ਪੰਜਾਬੀਆਂ ਵਿੱਚ ਉੱਚੀਆਂ ਅਫ਼ਸਰੀ ਅਸਾਮੀਆਂ ਉੱਪਰ ਫਾਡੀ ਰਹਿਣ ਦਾ ਖ਼ਦਸ਼ਾਂ ਜਿਤਾਇਆਂ ਜਾ ਸਕਦਾ ਹੈ। ਭਾਵੇਂ ਸਾਰੇ ਪਰਵਾਸੀ ਇਹ ਕਹਿੰਦੇ ਹਨ ਕਿ ਵਿਦੇਸ਼ਾਂ ਵਿੱਚ ਕੰਮ ਕਰਨਾ ਸੌਖਾ ਨਹੀਂ,ਪਰ ਜੋ ਵੀ ਇੱਕ ਵਾਰ ਚੱਲਿਆ ਜਾਦਾ ਹੈ, ਉਹ ਵਾਪਸ ਮੁੜ ਨਹੀਂ ਆਉਂਦਾ! ਜਿਸ ਨਾਲ ਉਹ ਪੰਜਾਬੀ ਸੱਭਿਆਚਾਰ ਨਾਲ ਟੁੱਟ ਜਾਦਾ ਹੈ,ਕਿਉਂਕਿ ਪੰਜਾਬੀ ਅਸੀਂ ਭਾਵਨਾਵਾਂ ਤੇ ਜਜ਼ਬਾਤਾਂ ਦੀ ਕਦਰ ਕਰਦੇ ਹਾਂ। ਪਰਵਾਸੀ ਮੁੱਨਖ ਜਿਆਦਾਤਾਰ ਪਦਾਰਥਵਾਦੀ ਹੋ ਜਾਂਦਾ ਹੈ।

ਅੰਤ ਇਹੀ ਕਿਹਾ ਜਾ ਸਕਦਾ ਹੈ, ਕਿ ਪਰਵਾਸ ਕੋਈ ਨਵੀਨ ਸ਼ੈਲੀ ਨਹੀਂ ਹੈ। ਜਿਸ ਨੇ ਪੰਜਾਬੀਆਂ ਦੀ ਆਰਥਿਕਤਾ ਨੂੰ ਕਾਫ਼ੀ ਮਜ਼ਬੂਤ ਕੀਤਾ ਹੋਵੇ। ਪਰ ਆਪਣੇ ਪੰਜਾਬ, ਪੰਜਾਬੀਅਤ ਨਾਲ ਪਿਆਰ ਤੋੜਨਾ ਕੋਈ ਪੜ੍ਹੇ-ਲਿਖੇ,ਆਮੀਰਾਂ ਦੀ ਵੀ ਨਿਸ਼ਾਨੀ ਨਹੀਂ।ਕਾਸ਼! ਇਹ ਨਾ ਹੋਵੇ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਰਾਜ ਸਿਰਫ਼ ਪੰਜਾਬੀਅਤ ਦਾ ਅਜਾਇਬ ਘਰ ਬਣਕਿ ਰਹਿ ਜਾਵੇ।

ਲੇਖਕ: ਅਸਿਸ.ਪ੍ਰੋ. ਗੁਰਵੀਰ ਸਿੰਘ ਸਰੌਦ
ਸੰਪਰਕ: 9417971451

# ਪਸ਼ੂ ਪੰਛੀਆਂ ਦਾ ਪਿੰਡ



ਸੁਖਮੰਦਰ ਸਿੰਘ ਬਰਾੜ-ਭਗਤਾ ਭਾਈ ਕਾ
604-751-1113

ਜਿਉਂ ਜਿਉਂ ਕੜ੍ਹੀ ਖਾਣਿਆਂ ਦੇ ਠੋਹਲੂ ਦੇ ਵਿਆਹ ਦੇ ਦਿਨ ਨੇੜੇ ਆਉਂਦੇ ਜਾਂਦੇ ਸਨ ਤਿਉਂ ਤਿਉਂ ਠੋਹਲੂ ਪਹਿਲਾਂ ਨਾਲੋਂ ਸੱਥ 'ਚ ਕੁਝ ਵੱਧ ਆਉਣ ਲੱਗ ਪਿਆ। ਇੱਕ ਦਿਨ ਸੱਥ 'ਚ ਆਏ ਠੋਹਲੂ ਨੂੰ ਨਾਥੇ ਅਮਲੀ ਨੇ ਸੱਥ 'ਚ ਆਉਂਦਿਆਂ ਹੀ ਪੁੱਛ ਲਿਆ,

"ਅੱਜ ਕੱਲ੍ਹ ਕਿਮੇਂ ਤੜਕੇ ਈ ਸੱਥ ਆ ਕੇ ਡੇਰਾ ਲਾ ਲੈਨੈਂ ਓਏ ਜਿਵੇਂ ਛੀਐਡੀ ਕਰਦਾ ਹੁੰਨੈ ਕਿਛੇ ਦੀ ?"

ਬੁੱਘਰ ਦਖਾਣ ਕਹਿੰਦਾ, "ਆਉਂਦੇ ਮਹੀਨੇ ਵਿਆਹ ਅਗਲੇ ਦਾ।"

ਬੁੱਘਰ ਦਖਾਣ ਤੋਂ ਵਿਆਹ ਵਾਲੀ ਗੱਲ ਸੁਣ ਕੇ ਨਾਥਾ ਅਮਲੀ ਬੁੱਘਰ ਨੂੰ ਹਾਬੜ ਕੇ ਪਿਆ, "ਕਿੱਥੇ ਬੁੜ੍ਹੀ ਦਾ ਮਰਨਾਂ ਕਿੱਥੇ ਹਲ ਓਕੜੂ ! ਜੇ ਵਿਆਹ ਧਰਿਆ ਵਿਆ ਤਾਂ ਸੱਥ ਕਿਹੜਾ ਲੁੱਧਿਆਣੇ ਆਲੇ ਬੱਸ ਅੱਡੇ ਦੇ ਸਾਹਮਣੇ ਆਲੇ ਚਬਾਰੇ ਐ ਬਈ ਗਾਉਣ ਆਲੇ ਰਹਿੰਦੇ ਐ ਏਥੇ ਬਈ ਇਹਨੇ 'ਖਾੜਾ ਕਰਨਾ ਕੋਈ। ਗੱਲ ਕੋਈ ਹੋਰ ਐ।"

ਬਾਬਾ ਮੁਕੰਦ ਸਿਉਂ ਕਹਿੰਦਾ, "ਕਿਉਂ ਯਾਰ ਜੁਆਕ ਨੂੰ ਕਮਲਾ ਕਰਨਾ ਲਿਆ। ਹੋਰ ਵੀ ਨੌਤੀ ਸੌ ਸੱਥ 'ਚ ਆ ਕੇ ਬਹਿੰਦਾ ਈ ਐ, ਜੇ ਘੜੀ ਠੋਹਲੂ ਆ ਕੇ ਬਹਿ ਗਿਆ ਤਾਂ ਐਡੀ ਕਿਹੜੀ ਆਫਤ ਆ ਗੀ ਬਈ ਪੰਡਤ ਨੇ ਖੀਰ ਨ੍ਹੀ ਖਾਣੀ। ਐਮੇਂ ਨਾ ਸੱਥ 'ਚ ਨਮੇਂ ਆਏ ਨੂੰ ਇਉਂ ਚਿੰਬੜ ਜਿਆ ਕਰੋ ਜਿਮੇਂ ਪਿੰਡ 'ਚ ਵੜੇ ਬਗਾਨੇ ਪਿੰਡ ਦੇ ਕੁੱਤੇ ਨੂੰ ਪਿੰਡ ਆਲੇ ਕੁੱਤੇ ਚਿੰਬਰ ਜਾਂਦੇ ਐ। ਐਮੇਂ ਨਾ ਓਏ ਮੁੰਡਿਆਂ ਡਰ ਜੀਂ ਇਨ੍ਹਾਂ ਤੋਂ। ਤੇਰਾ ਵਿਆਹ ਕੁ ਤੈਥੋਂ ਵੱਡੇ ਦਾ ?"

ਸੀਤੇ ਮਰਾਸੀ ਨੇ ਬਾਬੇ ਮੁਕੰਦ ਸਿਉਂ ਪੁੱਛਿਆ, "ਭਲਾਂ ਕੀਹਦਾ ਮੁੰਡਾ ਬਾਬਾ ਇਹੇ, ਤੈਨੂੰ ਪਤੈ ?"

ਬਾਬਾ ਕਹਿੰਦਾ, "ਮੌੜਾਂ ਦਾ ਮੁੰਡਾ ਇਹੇ, ਗਰਜਾ ਸਿਉਂ ਦਾ ਪੋਤਾ ਮੇਜਰ ਮੌੜ ਦਾ ਮੁੰਡਾ, ਹੋਰ ਕੀਹਦਾ ਹੋਣੈ ?"

ਸੀਤਾ ਮਰਾਸੀ ਫੇਰ ਹੋਇਆ ਬਾਬੇ ਵੱਲ ਨੂੰ, "ਇਉਂ ਕਿਉਂ ਫਿਰ ਪੁੱਛਿਆ ਤੂੰ ਬਈ ਤੇਰਾ ਵਿਆਹ ਕੁ ਤੈਥੋਂ ਵੱਡੇ ਦਾ। ਇਹਦੇ ਤਾਂ ਕੋਈ ਹੋਰ ਭਰਾ ਈ ਹੈਨ੍ਹੀ। ਏਦੂੰ ਵੱਡਾ ਤਾਂ ਕਰਨੈਲ ਐ, ਉਹ ਇਹਦਾ ਚਾਚਾ ਲੱਗਦਾ। ਉਹਦੇ ਸਗੋਂ ਦੋ ਵਿਆਹ। ਹੋਰ ਕੌਣ ਐਂ ਏਦੂੰ ਵੱਡਾ ?"

ਬਾਬਾ ਕਹਿੰਦਾ, "ਇਹ ਪੁੱਛਣ ਨਾਲ ਕਿਹੜਾ ਇਹਦੀ ਮੰਗ ਛੁੱਟ ਜੂ। ਤੈਨੂੰ ਵੀ ਮੀਰ ਵੱਡੇ ਉੱਡਣੇ ਖੰਭ ਲੱਗ ਗੇ ਲੱਗਦੇ ਐ। ਜਾਂ ਭਾਈ ਰਾਤ ਦੀ ਨੀਂਦ ਦਾ ਅੰਘਾਇਆ ਹੋਮੇਂਗਾ ਜਿਹੜੀਆਂ ਉੱਘ ਦੀਆਂ ਪਤਾਲ ਮਾਰੀ ਜਾਨੈਂ।"

ਸੱਥ ਕੋਲ ਸਾਇਕਲ ਲਈ ਖੜ੍ਹਾ ਖੇਤ ਵਾਲਿਆਂ ਦਾ ਮਿੱਠੂ ਵੀ ਠੋਹਲੂ ਨੂੰ ਟਿੱਚਰ 'ਚ ਬੋਲਿਆ, "ਆਹ 'ਲਾਕੇ 'ਚ ਪਾਣੀ ਦੇ ਹੜ੍ਹ ਆਏ ਕਰਕੇ ਵਿਆਹ ਵੀ ਲੇਟ ਹੋ ਗਿਆ ਹੋਣਾ ਇਹਦਾ, ਤਾਹੀਉਂ ਹੁਣ ਇਹ ਸੱਥ 'ਚ ਆ ਜਾਂਦਾ। ਵੇਹਲਾ ਹੁਣ ਕਿੱਧਰ ਜਾਵੇ।"

ਨਾਥਾ ਅਮਲੀ ਮਿਠੂ ਦੀ ਗੱਲ ਸੁਣ ਕੇ ਪੰਜ ਪੌਣ 'ਤੇ ਹੋ ਕੇ ਬੋਲਿਆ, "ਹੂੰ ! ਐਥੇ ਰੱਖ ਬਾਈ ਬੱਗਿਆ, ਹੁਣ ਪਤਾ ਲੱਗਿਆ ਠੋਹਲੂ ਦੀ ਸ਼ਤਾਨੀ ਦਾ, ਚਾਹ 'ਚ ਦੁੱਧ ਸੀਗਾ ਬੱਕਰੀ ਬਗਾਨੀ ਦਾ। ਪਿੰਡ 'ਚ ਹੜ੍ਹ ਆਏ ਕਰਕੇ ਈ ਠੋਹਲੂ ਸਿਉਂ ਦੇ ਵਿਆਹ ਨੂੰ ਗ੍ਰਹਿਣ ਲੱਗ ਗਿਆ। ਫੇਰ ਤਾਂ ਬਾਬਾ ਵਿਆਹ ਵੀ ਗਾਹਾਂ ਕਰ 'ਤਾ ਹੋਣਾ ਕੁ ਨਹੀਂ ?"

ਬਾਬਾ ਕਹਿੰਦਾ, "ਜੇ ਵਿਆਹ ਪਛੇਤਾ ਹੋ ਗਿਆ ਤਾਂ ਖੇਤ ਬੰਨੇ ਦਾ ਕੰਮ ਕਰੇ ਜਿਮੇਂ ਪਹਿਲਾਂ ਕਰਦਾ ਸੀ। ਇਹ ਤਾਂ ਕਦੇ ਵੇਹਲਾ ਵੇਖਿਆ ਈ ਨ੍ਹੀ।"

ਨਾਥਾ ਅਮਲੀ ਕਹਿੰਦਾ, "ਕੰਮ ਕਿਮੇਂ ਕਰੇ, ਸਹੇ ਦੀ ਲੱਤ ਨਾਲ ਬੰਨ੍ਹਿਆਂ ਵਿਆ ਅਗਲਾ।"

ਸੀਤਾ ਮਰਾਸੀ ਕਹਿੰਦਾ, "ਸਹਾ ਕਿਹੜਾ ਹਾਥੀ ਐ ਬਈ ਖਿੱਚਿਆ ਨ੍ਹੀ ਜਾਣਾ, ਭੋਰਾ ਕੁ ਤਾਂ ਜਾਨਵਰ ਐ ਸਹਾ। ਚੱਕ ਕੇ ਕੱਛ 'ਚ ਲੈ ਲੇ ਜਿਮੇਂ ਕੈਲਾ ਫੌਜੀ ਚੌਥੇ ਕੁ ਦਿਨ ਵੇਹੜੇ 'ਚੋਂ ਕੁੱਕੜ ਲਈ ਆਉਂਦਾ ਹੁੰਦਾ ਕੱਛ 'ਚ ਲੈ ਕੇ।"

ਬਾਬਾ ਮੁਕੰਦ ਸਿਉਂ ਹੱਸ ਕੇ ਕਹਿੰਦਾ, "ਸਹਾ ਨ੍ਹੀ ਹੁੰਦਾ ਓਏ, ਸਾਹਾ ਹੁੰਦਾ। ਜਦੋਂ ਵਿਆਹ ਦੇ ਦਿਨ ਬੱਝ ਜਾਣ ਓਹਨੂੰ ਸਾਹਾ ਕਹਿੰਦੇ ਹੁੰਦੇ ਐ। ਨਾਲੇ ਆਹ ਜਿਹੜੇ ਹੜ੍ਹ ਜੇ ਆਏ ਐ ਪਿੰਡਾਂ 'ਚ, ਇੰਨ੍ਹਾਂ ਕਰਕੇ ਹੀ ਵਿਆਹ ਗਾਹਾਂ ਪਾ ਤਾ ਹੋਣਾ।"

ਨਾਥਾ ਅਮਲੀ ਕਹਿੰਦਾ, "ਤਾਹੀਂ ਇਹ ਸੱਥ 'ਚ ਆਉਣ ਲੱਗਿਆ, ਵਿਆਹ ਦੀ ਤਰੀਕ ਗਾਹਾਂ ਪਾ ਤੀ ਹੋਣੀ ਐ ਤੇ ਠੋਹਲੂ ਨੂੰ ਸਹੇ ਦੀ ਲੱਤ ਨਾਲੋਂ ਖੋਹਲ 'ਤਾ ਹੋਣਾ। ਨਾਲੇ ਇੰਨ੍ਹਾਂ ਹੜ੍ਹਾਂ ਨੇ ਤਾਂ ਪਸ਼ੂ ਬਹੁਤ ਮਾਰ 'ਤੇ ਯਾਰ ਕੁੱਕੜ ਕੱਕੜ ਕਿਥੋਂ ਬਚੇ ਹੋਣਗੇ। ਪਿੰਡਾਂ 'ਚ ਲੋਕਾਂ ਦੇ ਘਰ ਢਹਿ ਗੇ। ਬਹੁਤ ਨਸ਼ਕਾਨ ਹੋ ਗਿਆ।"

ਪ੍ਰੀਤੂ ਕਾ ਜੱਗਾ ਕਹਿੰਦਾ, "ਆਪਣੇ ਆਹ ਵੇਹੜੇ ਆਲਿਆਂ ਦਾ ਤਾਂ ਕੋਈਓ ਈਂ ਘਰ ਬਚਿਆ ਹੋਣਾ। ਵਚਾਰੇ ਗਰੀਬਾਂ ਦੇ ਕੱਚੇ ਘਰ ਸੀ, ਥੋੜ੍ਹੇ ਜੇ ਪਾਣੀ ਨਾਲ ਈ ਦਾੜ-ਦਾੜ ਡਿੱਗ ਪੇ।"

ਬਾਬਾ ਕਹਿੰਦਾ, "ਚੱਲੋ ਰੱਬ ਦਾ ਐਨਾ ਸ਼ੁਕਰ ਐ ਬਈ ਜਾਨੀ ਨਸ਼ਕਾਨ ਤੋਂ ਬਚ ਗੇ। ਘਰ ਘੁਰ ਤਾਂ ਅਗਲਾ ਫੇਰ ਵੀ ਖੜ੍ਹ ਕਰ ਲਊ। ਬੰਦੇ ਦਾ ਨਸ਼ਕਾਨ ਹੋਇਆ ਨ੍ਹੀ ਪੂਰਾ ਹੁੰਦਾ।"

ਸੀਤਾ ਮਰਾਸੀ ਕਹਿੰਦਾ, "ਘਰਾਂ ਦਾ ਨਸ਼ਕਾਨ ਤਾਂ ਬਾਬਾ ਗੌਰਮਿੰਟ ਈ ਦੇਊਗੀ ਕੁ ਨਹੀਂ ? ਕੱਲ੍ਹ ਪਰਸੋਂ ਜਿਲ੍ਹੇ ਦੇ ਵੱਡੇ ਅਸਫਰ ਨਸ਼ਕਾਨ ਲਿਖ ਕੇ ਲੈ ਤਾਂ ਗਏ ਐ। ਫੇਰ ਵੇਖੋ ਕੀ ਬਣਦਾ।"

ਜੱਗਾ ਕਹਿੰਦਾ, "ਚਾਰਾਂ ਪੰਜਾਂ ਘਰਾਂ 'ਚੋਂ ਈ ਮਾਹਲੇ ਨੰਬਰਦਾਰ ਨਾਲ ਲੜ ਕੇ ਮੁੜ ਗੇ ਜਿਹੜੇ ਲਿਖਣ ਆਏ ਸੀ। ਹੋਰ ਤਾਂ ਕਿਸੇ ਨੂੰ ਪੁੱਛਿਆ ਈ ਨ੍ਹੀ। ਮੈਨੂੰ ਤਾਂ ਲੱਗਦਾ ਕਿਸੇ ਨੂੰ ਕੁਸ ਦੇਣਾ ਈਂ ਨ੍ਹੀ। ਆਪ ਈ ਖਾ ਜਾਣਗੇ ਸਭ ਕੁਸ ਪਤੰਦਰ।"

ਬਾਬਾ ਕਹਿੰਦਾ, "ਕਿਉਂ ! ਨੰਬਰਦਾਰ ਨਾਲ ਕਾਹਤੋਂ ਲੜ ਕੇ ਮੁੜ ਗੇ ?"

ਨਾਥਾ ਅਮਲੀ ਕਹਿੰਦਾ, "ਮੈਂ ਦੱਸਦਾਂ ਬਾਬਾ ਕੀ ਗੱਲ ਹੋਈ ਐ। ਕਸੂਰ ਤਾਂ ਨੰਬਰਦਾਰ ਦਾ ਮਨ੍ਹੀ। ਇਹ ਤਾਂ ਜਿਹੜੇ ਅਸਫਰ ਪੈਂਸੇ ਪੂੰਸੇ ਦੇਣ ਆਏ ਸੀ ਘਰਾਂ ਆਲਿਆਂ ਨੂੰ, ਉਹ ਨੰਬਰਦਾਰ ਦੀ ਗੱਲ ਨੂੰ ਸਮਝੇ ਈ ਨ੍ਹੀ। ਜਦੋਂ ਨੰਬਰਦਾਰ ਨੇ ਘਰਾਂ ਆਲਿਆਂ ਦੇ ਨਾਉਂ ਦੱਸੇ ਤਾਂ ਉਹ ਸਮਝਗੇ ਬਈ ਨੰਬਰਦਾਰ ਕਿਤੇ ਸਾਨੂੰ ਮਖੌਲ ਕਰਦਾ।"

ਰਤਨ ਸਿਉਂ ਸੂਬੇਦਾਰ ਕਹਿੰਦਾ, "ਪੈਸੇ ਦੇਣ ਨ੍ਹੀ ਸੀ ਆਏ ਉਹੋ, ਉਹ ਤਾਂ ਨੁਕਸਾਨੇ ਗਏ ਘਰਾਂ ਦੇ ਸਰਵੇ ਕਰਨ ਆਏ ਸੀ ਬਈ ਕੀਹਦੇ ਘਰ ਦਾ ਕਿੰਨਾਂ ਨੁਕਸਾਨ ਹੋਇਆ। ਪੈਸੇ ਤਾਂ ਓਦੂੰ ਬਾਅਦ 'ਚ ਆਉਣੇ ਐਂ।"

ਸੀਤਾ ਮਰਾਸੀ ਕਹਿੰਦਾ, "ਫੇਰ ਪੰਜਾਂ ਚਾਰਾਂ ਘਰਾਂ ਦੀ ਪੁੱਛ ਪੜਤਾਲ ਕਰਕੇ ਕਿਉਂ ਮੁੜ ਗੇ। ਓਧਰ ਪਾਲੇ ਖੰਡੇ ਕੇ ਘਰਾਂ ਦਾ ਤਾਂ ਏਧਰ ਨਾਲੋਂ ਵੀ ਵੱਧ ਨਸ਼ਕਾਨ ਹੋਇਆ ਵਿਆ।"

ਨਾਥਾ ਅਮਲੀ ਫੇਰ ਚੜ੍ਹ ਗਿਆ ਗੀਲ੍ਹ 'ਤੇ ਗੱਲ ਸੁਣਾਉਣ ਨੂੰ,

"ਮੈਂ ਦੱਸਦਾਂ ਬਾਬਾ, ਮੈਂ ਉਨ੍ਹਾਂ ਦੇ ਨਾਲ ਸੀ ਜਦੋਂ ਨੰਬਰਦਾਰ ਵੇਹੜੇ ਆਲਿਆਂ ਦੇ ਘਰ ਵਖਾਉਂਦਾ ਸੀ। ਉਹ ਅਸਫਰ ਨੰਬਰਦਾਰ ਨੂੰ ਕਹਿੰਦੇ 'ਜਿਹੜੇ ਜਿਹੜੇ ਵੀ ਘਰ ਹੜ੍ਹਾਂ ਨਾਲ ਨਸ਼ਕਾਨੇ ਗਏ ਐ, ਉਹੀ ਦਖਾ ਸਾਨੂੰ। ਨੰਬਰਦਾਰ ਨੇ ਸਭ ਤੋਂ ਪਹਿਲਾਂ ਤੋਤੇ ਰਾਠ ਦਾ ਘਰ ਵਖਾਇਆ। ਉਨ੍ਹਾਂ ਅਸਫਰਾਂ ਨੇ ਘਰ ਵੇਖ ਕੇ ਸਾਰਾ ਕੁਸ ਲਿਖ ਲਿਆ ਬਈ ਕਿੰਨੇ ਕਮਰੇ ਐ ਕਿਹੜੀ ਕੰਧ ਜਾਂ ਕਿਹੜੇ ਕਮਰੇ ਦੀ ਛੱਤ ਡਿੱਗੀ ਹੋਈ ਐ। ਉਨ੍ਹਾਂ ਨੇ ਸਭ ਕੁਸ ਲਿਖ ਕੇ ਨੰਬਰਦਾਰ ਨੂੰ ਪੁੱਛਿਆ 'ਕੀਹਦਾ ਘਰ ਐ ਇਹੇ' ? ਨੰਬਰਦਾਰ ਕਹਿੰਦਾ 'ਤੋਤੇ ਦਾ'। ਤੋਤੇ ਦਾ ਨਾਂ ਲਿਖ ਕੇ ਉਹ ਗਾਹਾਂ ਆਲੇ ਘਰੇ ਹੋ ਗੇ। ਅਗਲੇ ਘਰ ਦਾ ਨਸ਼ਕਾਨ ਲਿਖ ਕੇ ਨੰਬਰਦਾਰ ਨੂੰ ਕਹਿੰਦੇ 'ਇਹ ਘਰ ਕੀਹਦਾ' ? ਨੰਬਰਦਾਰ ਕਹਿੰਦਾ, 'ਇਹ ਬਿੱਲੇ ਦਾ ਘਰ ਐ'। ਉਨ੍ਹਾਂ ਨੇ ਬਿੱਲੇ ਦਾ ਨਾਂ ਲਿਖ ਲਿਆ। ਫੇਰ ਨੰਬਰਦਾਰ ਉਨ੍ਹਾਂ ਸੁਰਜਨ ਬੁੜ੍ਹੇ ਦੇ ਘਰੇ ਲੈ ਗਿਆ। ਉਹਦੇ ਘਰ ਦਾ ਨਸ਼ਕਾਨ ਦਖਾਇਆ। ਆਪ ਤਾਂ ਸੁਰਜਨ ਵੇਖ ਲਾ ਮਰ ਗਿਆ ਉਨ੍ਹਾਂ ਅਸਫਰਾਂ ਨੇ ਘਰ ਦਾ ਨਸ਼ਕਾਨ ਲਿਖ ਕੇ ਨੰਬਰਦਾਰ ਨੂੰ ਘਰ ਦੇ ਮਾਲਕ ਦਾ ਨਾਂ ਪੁੱਛਿਆ। ਨੰਬਰਦਾਰ ਕਹਿੰਦਾ, 'ਇਹ ਘੋਗੜ ਦਾ ਘਰ ਐ ਜੀ'। ਉਨ੍ਹਾਂ ਅਸਫਰਾਂ 'ਚੋਂ ਇੱਕ ਛੋਟਾ ਅਸਫਰ ਦੂਜੇ ਦੇ ਕੰਨ 'ਚ ਘੁਸਰ ਘੁਸਰ ਜੀ ਕਰਕੇ ਕਹਿੰਦਾ 'ਇਹ ਕੀ ਕਰੀ ਜਾਂਦਾ ਯਾਰ ਨੰਬਰਦਾਰ' ? ਫੇਰ ਨੰਬਰਦਾਰ ਓਦੂੰ ਅਗਲੇ ਘਰੇ ਲੈ ਗਿਆ ਉਨ੍ਹਾਂ ਨੂੰ। ਓਸ ਘਰ ਦਾ ਨਸ਼ਕਾਨ ਲਿਖ ਕੇ ਵੱਡੇ ਅਸਫਰ ਨੇ ਨੰਬਰਦਾਰ ਨੂੰ ਪੁੱਛਿਆ 'ਇਹ ਘਰ ਆਲੇ ਦਾ ਨਾਂ ਲਖਾਓ ਨੰਬਰਦਾਰਾ'। ਨੰਬਰਦਾਰ ਕਹਿੰਦਾ 'ਏਸ ਘਰੇ ਚਾਰ ਭਰਾ 'ਕੱਠੇ ਰਹਿੰਦੇ ਐ ਜੀ, ਘਰੋਂ ਪੁੱਛ ਲੈਨੇ ਐ ਬਈ ਕੀਹਦਾ ਨਾਂ ਲਖਾਉਣੈ' ? ਨੰਬਰਦਾਰ ਘਰ ਦੀਆਂ ਬੁੜ੍ਹੀਆਂ ਨੂੰ 'ਵਾਜ ਮਾਰ ਕੇ ਕਹਿੰਦਾ 'ਓ ਭਾਈ ਬੀਬੀਓ ! ਕੀਹਦਾ ਨਾ ਲਖਾਉਣੈ ਦੱਸੋ' ? ਘਰ ਦੀ ਵੱਡੀ ਨੂੰਹ ਕਹਿੰਦੀ, 'ਬਾਪੂ ਜੀ ਦਾ ਨਾਂ ਲਖਾ ਦਿਓ ਬਾਬਾ ਜੀ'। ਨੰਬਰਦਾਰ ਕਹਿੰਦਾ 'ਸ਼ੇਰ ਦਾ ਘਰ ਲਿਖ ਲੋ ਜੀ'। ਜਦੋਂ ਬਾਬਾ ਉਨ੍ਹਾਂ ਅਸਫਰਾਂ ਨੂੰ ਨੰਬਰਦਾਰ ਸੁੱਖੇ ਲੜਾਕੇ ਕੇ ਘਰੇ ਲੈ ਗਿਆ, ਓੱਥੇ ਜਾ ਕੇ ਕਹਾਣੀ ਬਿਗੜਗੀ।"

ਰਤਨ ਸਿਉਂ ਸੂਬੇਦਾਰ ਕਹਿੰਦਾ, "ਸੁੱਖੇ ਕੇ ਤਾਂ ਫਿਰ ਨਾਂ ਲਖਾਉਣ ਪਿੱਛੇ ਈ ਆਪਸ ਵਿੱਚ ਲੜ ਪੇ ਹੋਣਗੇ ਬਹੁਤੇ ਭਰਾ ਹੋਣ ਕਰਕੇ ਕੁ ਨਹੀਂ ?"

ਨਾਥਾ ਅਮਲੀ ਕਹਿੰਦਾ, "ਉਹ ਤਾਂ ਨ੍ਹੀ ਆਪਸ ਵਿੱਚ ਲੜੇ, ਇਹ ਤਾਂ ਜਿਹੜਾ ਉਨ੍ਹਾਂ 'ਚੋਂ ਵੱਡਾ ਅਸਫਰ ਸੀ, ਉਹਨੇ ਘਮਾਈ ਫਿਰ ਨੰਬਰਦਾਰ ਦੀ ਚਕਰੀ। ਸੁੱਖੇ ਕੇ ਘਰ ਦਾ ਨਸ਼ਕਾਨ ਲਿਖ ਕੇ ਜਦੋਂ ਉਨ੍ਹਾਂ ਨੇ ਨੰਬਰਦਾਰ ਨੂੰ ਘਰ ਆਲੇ ਦਾ ਨਾਂ ਪੁੱਛਿਆ ਬਈ ਇਹ ਕੀਹਦਾ ਘਰ ਐ ਤਾਂ ਨੰਬਰਦਾਰ ਕਹਿੰਦਾ 'ਦੋ ਘਰ ਐ ਜੀ ਅਸਲ ਮੇਂ ਇਹੇ। ਆਹ ਘਰ ਤਾਂ ਚਿੜੀ ਦਾ ਜਿੱਥੇ ਆਪਾਂ ਖੜ੍ਹੇ ਆਂ। ਔਹ ਸਾਹਮਣੇ ਆਲਾ ਇਹਦੇ ਭਰਾ ਦਾ ਡੱਡੂ ਦਾ'। ਜਦੋਂ ਨੰਬਰਦਾਰ ਨੇ ਚਿੜੀ ਤੇ ਡੱਡੂ ਦਾ ਨਾਂ ਲਿਆ ਤਾਂ ਉਹ ਅਸਫਰ ਨੰਬਰਦਾਰ ਦੇ ਇਉਂ ਗਲ ਪੈ ਗਿਆ ਜਿਮੇਂ ਨੇਰ੍ਹੀਆਂ 'ਚ ਪੋਹਲ਼ੀ ਉੱਡ ਕੇ ਲੱਤਾਂ 'ਚ ਆ ਵੱਜੀ ਹੋਵੇ। ਨੰਬਰਦਾਰ ਨੂੰ ਕਹਿੰਦਾ 'ਤੂੰ ਨੰਬਰਦਾਰ ਐਂ ਕੁ ਨੌ ਤਰੀਕ ਐਂ। ਕਿਸੇ ਬੰਦੇ ਦਾ ਨਾਂ ਵੀ ਲਖਾ ਦੇ ? ਕਦੇ ਸ਼ੇਰ ਲਖਾ 'ਤਾ ਕਦੇ ਚਮਗਿੱਦੜ ਲਖਾ 'ਤਾ'। ਇਹ ਗੱਲ ਕਹਿ ਕੇ ਉਹ ਡੰਡੀ ਲੱਗੇ ਬਈ ਏਸ ਪਿੰਡ 'ਚ ਤਾਂ ਡੰਗਰ ਜਾਨਵਰ ਈ ਰਹਿੰਦੇ ਐ ਬੰਦਾ ਤਾਂ ਕੋਈ ਰਹਿੰਦਾ ਨ੍ਹੀ ?"

ਰਤਨ ਸਿਉਂ ਸੂਬੇਦਾਰ ਕਹਿੰਦਾ, "ਗਰੀਬ ਗੁਰਬਿਆਂ ਦੇ ਤਾਂ ਇਹੋ ਜੇ ਈ ਨਾਂਅ ਹੁੰਦੇ ਐ। ਜਿਹੜੇ ਨਾਂ ਸੀ ਨੰਬਰਦਾਰ ਨੇ ਦੱਸ 'ਤੇ। ਉਹ ਅਫਸਰ ਮਖੌਲ ਸਮਝ ਗਿਆ ਹੋਣਾ। ਉਨ੍ਹਾਂ ਨੇ ਸਰਕਾਰ ਤੋਂ ਡਰਦਿਆਂ ਨੇ ਆਵਦਾ ਕੰਮ ਕਰਨਾ ਈ ਬੰਦ ਕਰ 'ਤਾ ਹੋਣਾ ਬਈ ਸਰਕਾਰ ਸਮਝੂਗੀ ਬਈ ਆਹ 'ਤਾਂ ਪਸ਼ੂ ਪੰਛੀਆਂ ਦੇ ਈ ਨਾਂ ਲਖਾਕੇ ਪੈਸੇ ਬਟੋਰਨ ਨੂੰ ਫਿਰਦੇ ਐ।"

ਸੀਤਾ ਮਰਾਸੀ ਕਹਿੰਦਾ, "ਹਜੇ ਤਾਂ ਬਾਜ ਤੇ ਛਿੰਦਰ ਕੇ ਮੋਰ ਕੇ ਘਰੇ ਨ੍ਹੀ ਗਏ, ਜੇ ਉਨ੍ਹਾਂ ਦੇ ਘਰੇ ਜਾ ਵੜਦੇ ਤਾਂ ਖਾਣੀ ਅਸਫਰ ਨੇ ਨੰਬਰਦਾਰ ਨੂੰ ਓੱਥੇ ਈ ਲਫੇੜਿਆਂ ਨਾਲ ਈ ਕੁੱਟਿਆ ਧਰਨਾ ਸੀ।"

ਨਾਥਾ ਅਮਲੀ ਕਹਿੰਦਾ, "ਹੋਰ ਸੁਣ ਲੋ, ਭਾਨੇ ਖੰਡੇ ਕਾ ਕੀੜੂ ਆਵਦੇ ਘਰ ਦੀ ਕੰਧ ਉੱਤੋਂ ਦੀ ਸਿਰ ਜਾ ਕੱਢ ਕੇ ਨੰਬਰਦਾਰ ਨੂੰ ਵਾਜ ਮਾਰ ਕੇ ਕਹਿੰਦਾ, 'ਬਾਬਾ ਨੰਬਰਦਾਰਾ ! ਮੇਰੇ ਤਾਂ ਦੋ ਈ ਸਬ੍ਹਾਤਾਂ ਸੀ ਦੋਨਾਂ ਦੀਆਂ ਛੱਤਾਂ ਡਿੱਗ ਪੀਆਂ, ਇਹ ਵੀ ਜਰੂਰ ਲਖਾ ਦੇ ਬਾਬਾ ਬਣਕੇ। ਉਹ ਲਿਖਣ ਆਇਆ 'ਚੋਂ ਇੱਕ ਨੇ ਨੰਬਰਦਾਰ ਨੂੰ ਕਹਿੰਦਾ, ਚੱਲ ਨੰਬਰਦਾਰਾ ਇਹਦਾ ਲਿਖ ਲੀਏ ਘਰ ਕੀ ਨਾਂ ਇਹਦਾ, ਜਦੋਂ ਬਾਬਾ ਨੰਬਰਦਾਰ ਉਹਦਾ ਨਾਂ ਦੱਸਿਆ ਕਿ ਕੀੜੂ ਐ ਇਹਦਾ ਨਾਂ, ਨਾਂ ਸੁਣ ਉਹ ਅਸਫਰ ਨੇ ਨੇ ਨੰਬਰਦਾਰ ਦੀ ਕੱਤਣੀ ਬਣਾ ਗੱਲਾਂ ਕਹਿ ਕਹਿ ਕੇ। ਇਉਂ ਹੋਈ ਬਾਬਾ ਗੱਲ।"

ਬਾਬਾ ਮੁਕੰਦ ਸਿਉਂ ਕਹਿੰਦਾ, "ਗੱਲ ਤਾਂ ਨੰਬਰਦਾਰ ਦੀ ਕੁੱਟ ਖਾਣ ਆਲੀਓ ਈ ਸੀ। ਉਨ੍ਹਾਂ ਨੂੰ ਅਸਲੀ ਨਾਂਅ ਦੱਸਦਾ। ਅਸਫਰ ਸਮਝਗੇ ਹੋਣਗੇ ਬਈ ਨੰਬਰਦਾਰ ਸਾਨੂੰ ਮਖੌਲ ਕਰਦਾ।"

ਪ੍ਰਤਾਪਾ ਭਾਊ ਕਹਿੰਦਾ, "ਜੇ ਨੰਬਰਦਾਰ ਨਾਮਾਂ ਦੇ ਨਾਲ ਸਿੰਘ ਸੁੰਘ ਲਾ ਕੇ ਨਾਂਅ ਲੈ ਦਿੰਦਾ ਤਾਂ ਖਣੀ ਸਾਰੇ ਪਿੰਡ ਦਾ ਈ ਭਲਾ ਹੋ ਜਾਂਦਾ। ਇੱਕ ਤਾਂ ਪਾਣੀ ਨੇ ਨਸ਼ਕਾਨ ਕਰ 'ਤਾ ਪਿੰਡ ਦਾ, ਦੂਜੀ ਨੰਬਰਦਾਰ ਨੇ ਕਸਰ ਕੱਢ 'ਤੀ।

ਨਾਥਾ ਅਮਲੀ ਭਾਊ ਦੀ ਗੱਲ ਸੁਣ ਕੇ ਕਹਿੰਦਾ, "ਤੋਤੇ ਰਾਠ, ਸ਼ੇਰ ਤੇ ਘੋਗੜ ਦੇ ਨਾਂਅ ਨਾਲ ਤਾਂ ਸਿੰਘ ਲਾਇਆ ਚੰਗਾ ਲੱਗਣਾ ਸੀ, ਚਿੜੀ ਤੇ ਕੱਟੀ ਨੂੰ ਤਾਂ ਚਿੜੀ ਕੌਰ ਤੇ ਕੱਟੀ ਕੌਰ ਈ ਕਹਿਣਾ ਪੈਣਾ ਸੀ, ਉਨ੍ਹਾਂ ਨੂੰ ਤਾਂ ਨ੍ਹੀ ਸੀ ਸਿੰਘ ਕਹਿ ਸਕਣਾ।

ਮੁਖਤਿਆਰਾ ਮੈਂਬਰ ਕਹਿੰਦਾ, "ਜਦੋਂ ਨਾਂ ਈ ਇਹੇ ਐ ਉਨ੍ਹਾਂ ਦੇ ਕੱਤਕਾਂ 'ਚ ਫਿਰ ਨੰਬਰਦਾਰ ਕੀ ਕਰਦਾ ਇਹਦੇ 'ਚ ?"

ਏਨੇ ਚਿਰ ਨੂੰ ਬੱਗੜ ਚੌਂਕੀਦਾਰ ਸੱਥ 'ਚ ਆ ਕੇ ਬਾਬੇ ਮੁਕੰਦ ਸਿਉਂ ਕਹਿੰਦਾ, "ਬਾਬਾ ਜੀ ! ਬੋਹੜ ਆਲੀ ਧਰਮਸਾਲਾ 'ਚ ਸਤੀਲਦਾਰ ਫੇਰ ਆਇਆ ਦੋਬਾਰਾ ਘਰਾਂ ਦਾ ਨਸ਼ਕਾਨ ਲਿਖਣ, ਸੋਨੂੰ ਸਾਰਿਆਂ ਨੂੰ ਸੱਦਿਆ ਓੱਥੇ।"

ਨਾਥਾ ਅਮਲੀ ਚੌਂਕੀਦਾਰ ਨੂੰ ਮੁਸ਼ਕਣੀਆਂ ਹੱਸ ਕੇ ਕਹਿੰਦਾ, "ਸਾਰਿਆਂ ਤੋਂ ਕੀ ਗੱਡਾ ਧਕਾਉਣਾ, 'ਕੱਲਾ ਮਾਹਲਾ ਨੰਬਰਦਾਰ ਈ ਬਹੁਤ ਐ, ਓਹਨੂੰ ਲੈ ਜਾ।"

ਬਾਬਾ ਮੁਕੰਦ ਸਿਉਂ ਕਹਿੰਦਾ, "ਰਹਿਣ ਦਿਓ ਯਾਰ ਓਹਨੂੰ। ਮਸਾਂ ਦਬਾਰੇ ਆਏ ਅਸਫਰ। ਚੱਲੋ ਆ ਜੋ ਉੱਠੋ ਆਪਾਂ ਚੱਲਦੇ ਆਂ ਸਾਰੇ।"

ਬਾਬੇ ਮੁਕੰਦ ਸਿਉਂ ਦਾ ਕਿਹਾ ਸੁਣ ਕੇ ਸਾਰੇ ਸੱਥ ਵਾਲੇ ਤਹਿਸੀਲਦਾਰ ਨੂੰ ਮਿਲਣ ਬੋਹੜ ਵਾਲੀ ਧਰਮਸ਼ਾਲਾ ਨੂੰ ਇਉਂ ਚੱਲ ਪਏ ਜਿਮੇਂ ਉਨ੍ਹਾਂ ਨੇ ਵੀ ਸਰਕਾਰੀ ਮੁਆਵਜ਼ਾ ਲੈਣਾ ਹੋਵੇ।

# ਮੋਬਾਇਲ ਗੇਮਾਂ ਵਿੱਚ ਗੁਆਚ ਰਿਹਾ ਬਚਪਨ

ਬਚਪਨ ਦਾ ਸੁਖਦ ਅਹਿਸਾਸ ਹੁੰਦੀ ਹੈ 'ਖੇਡ', ਉਹ ਖੇਡ ਜੋ ਬਚਪਨ ਵਿੱਚ ਬੱਚੇ ਨੂੰ ਸੱਭ ਤੋਂ ਜਿਆਦਾ ਪਸੰਦ ਹੋਵੇ। ਜਿਸ ਨੂੰ ਖੇਡ ਕੇ ਮਨ ਨੂੰ ਸਕੂਨ ਮਿਲੇ। ਖ਼ਾਸ ਤੌਰ ਤੇ ਜੇਕਰ ਖੇਡ, ਖੇਡਦਿਆਂ ਬੱਚੇ ਦੇ ਮਾਨਸਿਕ ਅਤੇ ਸਰੀਰਿਕ ਵਿਕਾਸ ਵਿੱਚ ਵਾਧਾ ਹੁੰਦਾ ਹੋਵੇ ਤਾਂ ਉਹ ਖੇਡ ਮੁਬਾਰਕ ਮੰਨੀ ਜਾਂਦੀ ਹੈ। ਖੇਡਾਂ ਦੋ ਪ੍ਰਕਾਰ ਦੀਆਂ ਮੰਨੀਆਂ ਗਈਆਂ ਹਨ ਇੱਕ ਤਾਂ ਘਰ ਬਹਿ ਕੇ ਖੇਡਣ ਵਾਲੀਆਂ ਖੇਡਾਂ ਅਤੇ ਦੂਜਾ ਘਰੋਂ ਬਾਹਰ ਨਿਕਲ ਕੇ ਖੇਡੀਆਂ ਜਾਣ ਵਾਲੀਆਂ। ਕੁੱਝ ਖੇਡਾਂ ਕਿਤੇ ਵੀ ਕਿਸੇ ਸਮੇਂ ਵੀ ਖੇਡੀਆਂ ਜਾ ਸਕਦੀਆਂ ਸਨ, ਜਿਨ੍ਹਾਂ ਵਿੱਚੋਂ ਅੰਤਾਕਸ਼ਰੀ ਸੱਭ ਤੋਂ ਮਕਬੂਲ ਖੇਡ ਰਹੀ ਹੈ। ਇਸੇ ਤਰ੍ਹਾਂ ਘਰ ਵਿੱਚ ਆਪਣੇ ਛੋਟੇ-ਵੱਡੇ ਭੈਣ ਭਰਾਵਾਂ ਨਾਲ ਰਲ ਮਿਲ ਕੇ ਕੈਰਮਬੋਰਡ, ਸ਼ਤਰੰਜ, ਲੂਡੋ, ਲੁੱਕਣਮੀਚੀ, ਦਿਮਾਗੀ ਕਸਰਤ ਰਹੀ ਸੱਭ ਤੋਂ ਅਹਿਮ ਬੁਝਾਰਤਾਂ ਪਾਉਣੀਆਂ ਅਤੇ ਬੁਝਣੀਆਂ, ਬਲਾਕ ਬਣਾਉਣੇ, ਅੱਖਰਾਂ ਦੀ ਪਹਿਚਾਣ ਕਰਨੀ, ਰੱਸੀ ਟੱਪਣਾ, ਬਾਰਾਂ ਟਹਿਣੀ, ਕਲੀ-ਜੋਟਾ, ਪੀਂਘ ਝੂਟਣਾ ਵਰਗੀਆਂ ਅਨੇਕਾਂ ਖੇਡਾਂ ਬੱਚੇ ਘਰਾਂ ਵਿੱਚ ਖੇਡ ਸਕਦੇ ਸਨ ਅਤੇ ਬਾਹਰ ਜਾ ਕੇ ਸਕੂਲ ਦੇ ਖੇਡ ਮੈਦਾਨ ਵਿੱਚ ਜਾਂ ਆਪਸੀ ਨੇੜੇ ਦੇ ਗਲੀ ਮੁਹੱਲਿਆਂ ਵਿੱਚ ਰਲ ਮਿਲ ਕੇ ਬੱਚੇ-ਬੱਚੀਆਂ ਨੇ ਸਟਾਪੂ, ਬਾਂਦਰ ਕਿੱਲਾ, ਛੂਹਣ-ਛਪਾਈ, ਗੀਟੀਆਂ, ਬਰੰਟੇ, ਖੋ-ਖੋ, ਚਿੜੀ-ਛਿੱਕਾ (ਬੈਡਮਿੰਟਨ), ਕੋਟਲਾ ਛਪਾਕੀ, ਲਾਟੂ ਦਾ ਮੁਕਾਬਲਾ, ਅੱਡੀ-ਛੜੱਪਾ, ਪਿੱਠੂ ਗਰਮ ਆਦਿ ਅਣਗਿਣਤ ਖੇਡਾਂ ਖੇਡਣੀਆਂ।

ਅਜੋਕੇ ਦੌਰ ਵਿੱਚ ਤੀਸਰੇ ਤਰ੍ਹਾਂ ਦੀਆਂ ਖੇਡਾਂ ਨੇ ਵੀ ਨਿਰੰਤਰ ਅਤੇ ਤੇਜ਼ੀ ਨਾਲ ਵਿਕਾਸ ਕੀਤਾ ਹੈ। ਭਾਵੇਂ ਕਿ ਬੀਤੇ ਸਮੇਂ ਵਿੱਚ ਇਲੈਕਟ੍ਰੋਨਿਕ ਖੇਡਾਂ ਦੇ ਰੂਪ ਵਿੱਚ ਵੀਡੀਉ ਗੇਮਜ਼ ਨੇ ਆਪਣੀ ਥਾਂ ਬਣਾਈ ਸੀ, ਪਰ ਫਿਰ ਵੀ ਉਹ ਹਰ ਬੱਚੇ ਦੀ ਪਹੁੰਚ ਵਿੱਚ ਨਾ ਹੋਣ ਦੇ ਨਾਲ ਮਹਿੰਗੀ ਹੋਣ ਕਾਰਣ ਆਪਣੀ ਥਾਂ ਜਮਾਉਣ ਵਿੱਚ ਜਿਆਦਾ ਪ੍ਰਾਪਤੀ ਨਹੀਂ ਕਰ ਸਕੀ। ਪਰ ਮੋਬਾਇਲ ਅਤੇ ਮੋਬਾਇਲ ਤੋਂ ਬਾਅਦ ਸਮਾਰਟ ਫੋਨਾਂ ਵਿੱਚ ਚੱਲਣ ਵਾਲੀਆਂ ਗੇਮਾਂ ਨੇ ਬੱਚਿਆਂ ਦੇ ਬਚਪਨ ਤੋਂ ਲੈ ਕੇ ਵੱਡਿਆਂ ਦੇ ਕੀਮਤੀ ਸਮੇਂ ਨੂੰ ਵੀ ਆਪਣੀ ਪਕੜ ਵਿੱਚ ਕਰ ਲਿਆ ਹੈ।

ਬਿਨ੍ਹਾਂ ਸ਼ੱਕ ਅਜਿਹੀਆਂ ਖੇਡਾਂ ਨੇ ਬੱਚਿਆਂ ਦਾ ਬਚਪਨ ਤਾਂ ਖੋਹਿਆ ਹੀ ਹੈ, ਪਰ ਉਸਦੇ ਨਾਲ ਕਈ ਬਿਮਾਰੀਆਂ ਨੂੰ ਵੀ ਜਨਮ ਦਿੱਤਾ ਹੈ। ਮੋਬਾਇਲ ਫੋਨ ਦੀ ਪਕੜ ਵਿੱਚ ਆਇਆ ਬਚਪਨ ਕੇਵਲ ਵਿੱਦਿਆ ਤੋਂ ਹੀ ਦੂਰ ਨਹੀਂ ਹੋ ਰਿਹਾ ਸਗੋਂ ਅੱਖਾਂ ਦੀ ਬਿਮਾਰੀਆਂ ਤੋਂ ਵੀ ਪੀੜ੍ਹਿਤ ਹੋ ਰਿਹਾ ਹੈ, ਉਸਦੇ ਨਾਲ ਪਰਵਾਰਕ ਸਾਂਝ ਤੋਂ ਵੀ ਟੁੱਟ ਰਿਹਾ ਹੈ। ਨੈਤਿਕਤਾ, ਮਿਲਣਸਾਰਤਾ, ਆਪਸੀ ਸਾਂਝ ਤੋਂ ਦੂਰ ਹੋ ਕੇ ਇੱਕਲੇਪਣ ਅਤੇ ਚਿੜਚੜੇਪਣ ਦਾ ਸ਼ਿਕਾਰ ਵੀ ਹੋ ਰਿਹਾ ਹੈ। ਇੱਕ ਨਹੀਂ ਬਲਕਿ ਹੁਣ ਹਜ਼ਾਰਾਂ ਹੀ ਗੇਮਾਂ ਅੱਖ ਚਪਕਦੇ ਹੀ ਫੋਨ ਵਿੱਚ ਡਾਊਨਲੋਡ ਹੋ ਜਾਂਦੀਆਂ ਹਨ ਅਤੇ ਮਿੰਟਾਂ ਸਕਿੰਟਾਂ ਵਿੱਚ ਹੀ ਗੇਮਾਂ ਰਾਹੀਂ ਮੋਬਾਇਲ ਦੀ ਤਿੱਖੀ ਰੋਸ਼ਨੀ ਬੱਚਿਆਂ ਦੀਆਂ ਅੱਖਾਂ ਅਤੇ ਦਿਮਾਗ ਤੇ ਕਾਬੂ ਪੈ ਲੈਂਦੀ ਹੈ। ਪਿਛਲੇ ਸਮੇਂ ਮੋਬਾਇਲ ਖੇਡਾਂ ਰਾਹੀਂ ਮਿਲਣ ਵਾਲੇ ਚੈਲੰਜਾਂ ਕਾਰਣ ਕਈ ਕੀਮਤੀ ਜਾਨਾਂ ਭੰਗ ਦੇ ਭਾੜੇ ਗਈਆਂ ਸਨ। ਕਈ ਵਾਰ ਤਾਂ ਮਾਪੇ ਵੀ ਬੱਚਿਆਂ ਨੂੰ ਆਹਰੇ ਲਗਾਉਣ ਲਈ ਆਪ ਮੋਬਾਇਲ ਉਹਨਾਂ ਦੇ ਹੱਥੀਂ ਫੜ੍ਹਾ ਦਿੰਦੇ ਹਨ।

ਮੌਜੂਦਾ ਸਮੇਂ ਵਿੱਚ ਮੋਬਾਇਲ ਗੇਮਾਂ ਵਿੱਚ 'ਪਬਜੀ ਅਤੇ ਫੋਰਟਨਾਈਟ' ਸੱਭ ਤੋਂ ਪਸੰਦੀਦਾ ਗੇਮਾਂ ਬਣ ਚੁੱਕੀਆਂ ਹਨ। ਇਹਨਾਂ ਦੋਹਾਂ ਗੇਮਾਂ ਨੇ ਬੱਚਿਆਂ ਅਤੇ ਵੱਡਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਗੇਮਿੰਗ ਐਨਾਲਾਇਟਿਕਿਸ ਫਰਮ ਦੀ ਖਬਰ ਦੇ ਅਨੁਸਾਰ ਵਿਸ਼ਵ ਭਰ ਵਿੱਚ ਮੋਬਾਇਲ ਗੇਮਾਂ ਤੋਂ 138 ਅਰਬ ਡਾਲਰ (ਲਗਭਗ 9700 ਅਰਬ ਰੁਪਏ) ਤੋਂ ਜਿਆਦਾ ਕਮਾਈ ਕੀਤੀ ਜਾ ਚੁੱਕੀ ਹੈ।

ਇਸ ਖਬਰ ਅਨੁਸਾਰ ਦੁਨੀਆ ਭਰ ਵਿੱਚ ਮੋਬਾਇਲ ਵੀਡੀਓ ਗੇਮਰਜ਼ ਦੀ ਗਿਣਤੀ 2.3 ਅਰਬ ਹੀ ਜਿਸ ਵਿੱਚੋ ਦੇਸ਼ ਵਿੱਚ ਮੋਬਾਇਲ ਗੇਮਾਂ ਖੇਡਣ ਵਾਲਿਆਂ ਦੀ ਗਿਣਤੀ 22 ਕਰੋੜ ਦੇ ਕਰੀਬ ਬਣਦੀ ਹੈ ਅਤੇ 68 ਫੀਸਦੀ ਬੱਚੇ ਮੋਬਾਇਲ ਤੇ ਕੋਈ ਨਾ ਕੋਈ ਗੇਮ ਖੇਡਦੇ ਹਨ। ਜਿਨ੍ਹਾਂ ਵਿੱਚੋਂ 52 ਫੀਸਦੀ ਬੱਚੇ ਪਬਜੀ ਗੇਮ ਖੇਡਦੇ ਹਨ। ਕੁੱਝ ਬੱਚੇ ਤਾਂ ਰੋਜ਼ਾਨਾ 4 ਤੋਂ 14 ਘੰਟੇ ਤੱਕ ਮੋਬਾਇਲ ਤੇ ਗੇਮਾਂ ਖੇਡਦੇ ਹਨ। ਵਿਸ਼ਵ ਸਿਹਤ ਸੰਗਠਨ ਨੇ ਇਸ ਸਾਲ ਮੋਬਾਇਲ ਦੇ ਵੀਡੀਓ ਗੇਮਾਂ ਖੇਡਣ ਦੀ ਆਦਤ ਨੂੰ ਇੱਕ ਮਾਨਸਿਕ ਰੋਗ ਦੇ ਤੌਰ ਤੇ ਸਵਿਕਾਰ ਕਰ ਲਿਆ ਹੈ ਅਤੇ ਇਸ ਨੂੰ ਗੇਮਿੰਗ ਡਿਸਆਰਡਰ ਦਾ ਨਾਂ ਦਿੱਤਾ ਗਿਆ ਹੈ। ਪਿਛਲੇ ਦੋ ਸਾਲਾਂ ਵਿੱਚ ਮੋਬਾਇਲ ਖੇਡ ਰੋਗੀਆਂ ਦੀ ਗਿਣਤੀ ਤਿੰਨ ਗੁਣ ਵਧ ਗਈ ਹੈ ਅਤੇ ਇਸ ਵਿੱਚ ਜਿਆਦਾ ਵਾਧਾ ਉਸ ਸਮੇਂ ਤੋਂ ਹੋ ਰਿਹਾ ਹੈ ਜਦੋਂ 2016 ਵਿੱਚ ਇੰਟਰਨੈੱਟ ਸੱਸਤਾ ਹੋਇਆ ਸੀ।

ਇੱਕ ਖਬਰ ਅਨੁਸਾਰ ਸਾਰੀ ਰਾਤ ਮੋਬਾਇਲ ਗੇਮ ਖੇਡਣ ਵਾਲੇ ਇੱਕ ਬੱਚੇ ਨੂੰ ਸਕੂਲੋਂ ਕੱਢ ਦਿੱਤਾ ਗਿਆ, ਕਿਉਂਕਿ ਇੱਕ ਤਾਂ ਉਹ ਪੜ੍ਹਾਈ ਵਿੱਚ ਪਛੜਨ ਲੱਗ ਪਿਆ ਸੀ ਅਤੇ ਜੇਕਰ ਮਾਤਾ-ਪਿਤਾ ਗੇਮ ਖੇਡਣ ਤੋਂ ਰੋਕਦੇ ਤਾਂ ਘਰ ਵਿੱਚ ਪਏ ਸਮਾਨ ਦੀ ਭੰਨ-ਤੋੜ ਸ਼ੁਰੂ ਕਰ ਦਿੰਦਾ ਸੀ ਅਤੇ ਉਸਦਾ ਭਾਰ ਵੀ ਵੱਧਣ ਲੱਗ ਪਿਆ ਸੀ। ਡਾਕਟਰੀ ਸਹਾਇਤਾ ਅਤੇ ਮਾਹਰਾਂ ਨਾਲ 25 ਮੀਟਿੰਗਾਂ ਕਰਨ ਤੋਂ ਬਾਅਦ ਉਹ ਦਿਮਾਗੀ ਤੌਰ ਕੁੱਝ ਸੰਤੁਲਿਤ ਹੋ ਸਕਿਆ। ਇਸੇ ਤਰ੍ਹਾਂ ਬਹੁਤ ਸਾਰੇ ਬੱਚੇ ਆਪਣੇ ਇਮਤਿਹਾਨਾਂ ਵਿੱਚ ਵੀ ਫੇਲ ਹੋ ਰਹੇ ਹਨ ਜੋ ਜਿਆਦਾ ਸਮਾਂ ਮੋਬਾਇਲ ਫੋਨਾਂ ਤੇ ਬਿਤਾ ਰਹੇ ਹਨ। ਪਬਜੀ ਗੇਮ ਬਣਾਉਣ ਵਾਲਿਆਂ ਦੀ ਪ੍ਰਤੀਦਿਨ ਦੀ ਔਸਤ ਕਮਾਈ 12 ਕਰੋੜ ਰੁਪਏ ਤੱਕ ਹੈ ਅਤੇ ਹੁਣ ਤੱਕ 20 ਕਰੋੜ ਵਾਰ ਡਾਊਨਲੋਡ ਕੀਤੀ ਜਾ ਚੁੱਕੀ ਹੈ।

ਖੈਰ ! ਮੁੜ ਵਿਸ਼ੇ ਵੱਲ ਆਈਏ ਤਾਂ ਅੱਜ ਸਾਨੂੰ ਆਪਣੇ ਬੱਚਿਆਂ ਦੇ ਨੇੜੇ ਜਾਣਾ ਚਾਹੀਦਾ ਹੈ। ਆਪ ਵੀ ਮੋਬਾਇਲ ਦੀ ਬੇਲੋੜੀ ਵਰਤੋਂ ਘਟਾ ਕੇ ਹੀ ਬੱਚਿਆਂ ਦੀ ਮੋਬਾਇਲ ਤੋਂ ਦੂਰੀ ਬਣਾ ਸਕਦੇ ਹਾਂ। ਘਰ ਵਿੱਚ ਹੋਰ ਖੇਡੀਆਂ ਜਾਣ ਵਾਲੀਆਂ ਗੇਮਾਂ ਦੀ ਹੋਂਦ ਅਤੇ ਬੱਚਿਆਂ ਨੂੰ ਮਾਤਾ ਪਿਤਾ ਵੱਲੋਂ ਦਿੱਤਾ ਗਿਆ ਸਮਾਂ ਹੀ ਬੱਚਿਆਂ ਨੂੰ ਮੋਬਾਇਲ ਖੇਡ ਰੋਗੀ ਬਣਨ ਤੋਂ ਬਚਾ ਸਕਦਾ ਹੈ। ਭਾਵੇਂ ਕਿ ਔਖਾ ਜ਼ਰੂਰ ਹੈ, ਪਰ ਨਾ-ਮੁਮਕਿਨ ਨਹੀਂ ਹੈ। ਬੱਚਿਆਂ ਨੂੰ ਸਮਝਾਉਣ ਦੀ ਲੋੜ ਹੈ ਕਿ ਖੇਡਾਂ ਦਾ ਮਤਲਬ ਮੋਬਾਇਲ ਨਹੀਂ, ਪਸੀਨਾ ਕੱਢਣਾ ਹੁੰਦਾ ਹੈ ਤਾਂ ਕਿ ਬੱਚਿਆਂ ਦਾ ਸਰੀਰਿਕ ਅਤੇ ਮਾਨਸਿਕ ਵਿਕਾਸ ਹੋ ਸਕੇ। ਇਸਦੇ ਨਾਲ ਹੀ ਬੱਚਿਆਂ ਵਿੱਚ ਸਕੂਲਾਂ/ਕਾਲਜਾਂ ਵੱਲੋਂ ਵੀ ਖੇਡਾਂ ਪ੍ਰਤੀ ਦਿਲਚਸਪੀ ਪੈਦਾ ਕੀਤੇ ਜਾਣ ਦੇ ਜਤਨ ਕਰਨੇ ਚਾਹੀਦੇ ਹਨ।

**-ਇਕਵਾਕ ਸਿੰਘ ਪੱਟੀ**
**ਸੁਲਤਾਨਵਿੰਡ ਰੋਡ, ਅੰਮ੍ਰਿਤਸਰ।**

# ਅਸਿਸਟੈਂਟ ਪ੍ਰੋਫੈਸਰਾਂ ਦੀ ਭਰਤੀ ਉਚੇਰੀ ਸਿੱਖਿਆ ਦੇ ਸੁਧਾਰ ਲਈ ਤੁਰੰਤ ਹੋਵੇ

ਪਿਛਲੇ ਸਾਲ ਪੰਜਾਬ ਸਰਕਾਰ ਨੇ ਅਸਿਸਟੈਂਟ ਪ੍ਰੋਫੈਸਰਾਂ ਦੀਆਂ ਨਵੀਆਂ ਪੋਸਟਾਂ ਭਰਨ ਨੂੰ ਪ੍ਰਵਾਨਗੀ ਦਿੱਤੀ ਸੀ ਜੋ ਉਚੇਰੀ ਸਿੱਖਿਆ ਦੇ ਸੁਧਾਰ ਲਈ ਜਰੂਰੀ ਹੈ ।ਆਸ ਸੀ ਇਹ ਪ੍ਰਕ੍ਰਿਆ ਜਲਦੀ ਨਵੇਂ ਸ਼ੈਸ਼ਨ ਤੋਂ ਪਹਿਲਾਂ ਮੁਕੰਮਲ ਹੋ ਜਾਵਗੀ ਪਰ ਅਜੇ ਤੱਕ ਕੋਈ ਕਾਰਵਾਈ ਸ਼ੁਰੂ ਨਹੀਂ ਹੋਈ ।ਸਰਕਾਰ ਦੇ ਸਿੱਖਿਆ ਸੁਧਾਰ ਦੇ ਪਹਿਲ ਅਧਾਰਤ ਮੁੱਦੇ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ ।ਤਕਰੀਬਨ ਸਰਕਾਰ ਨੇ ਦੋ ਸਾਲ ਦਾ ਸਮਾਂ ਲੰਘਾ ਰਿਹਾ ਹੈ। ਪਿਛਲੇ ਤੋਂ ਪਿਛਲੇ ਸਾਲ ਸ਼ੁਰੂ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣੇ ਅਧੀਨ ਚਲ ਰਹੇ ਕੰਸਟੀਚਿਊਟ ਕਾਲਜਾਂ ਵਿੱਚ 6 ਪ੍ਰਿੰਸੀਪਲ ਅਤੇ 133 ਅਸਿਸਟੈਂਟ ਪ੍ਰੋਫੈਸਰਾਂ ਦੀਆਂ ਪੱਕੀਆਂ ਆਸਾਮੀਆਂ ਲਈ ਵਿਗਿਆਪਨ ਦਿੱਤਾ ਗਿਆ ।ਯੋਗ ਉਮਦਿਵਾਰਾਂ ਵਿੱਚ ਅਪਲਾਈ ਕਰਨ ਵੇਲੇ ਬੜਾ ਉਤਸ਼ਾਹ ਵੇਖਿਆ ਗਿਆ ।ਖੋਜ-ਪੱਤਰਾਂ , ਕਿਤਾਬਾਂ , ਪੇਪਰ ਗੇਡਿੰਗ ਆਦਿ ਥੱਬਾ-ਥੱਬਾ ਦਸਤਾਵੇਜ਼ ਕਿਲੋਆਂ 'ਚ ਵੀ ਜਮ੍ਹਾਂ ਕਰਵਾਏ। ਕਿ ਕੰਮ ਹੁਣ ਬਣਿਆ ਸਮਝੋ। ਅਪਲਾਈ ਕਰਨ ਦੀ ਆਖਰੀ ਤਾਰੀਖ 14 ਜਨਵਰੀ 2022 ਸੀ ਅਤੇ ਅਰਜ਼ੀ ਫੀਸ ਐਸ.ਟੀ. /ਐਸ.ਸੀ./ ਬੀ.ਸੀ. ਲਈ 750 ਰੁ: ਪਲੱਸ ਜੀ .ਐਸ. ਟੀ. ਕੁਲ 885 ਰੁ: , ਐਕਸ-ਸਰਵਿਸਮੈਨ / ਈ .ਡਬਲਿਯੂ . ਐਸ . ਲਈ 590 ਰੁ: ( ਸਮੇਤ ਜੀ.ਐਸ.ਟੀ.) ਅਤੇ ਜਨਰਲ / ਦੂਜੀਆਂ ਸ੍ਰੇਣੀਆਂ ਲਈ ( 1770 ਰੁ: ਸਮੇਤ ਟੈਕਸ ) ਰੱਖੀ ਗਈ ਜਿਸ ਨਾਲ ਲੱਖਾਂ ਰੁਪਿਆ ਯੂਨੀਵਰਸਿਟੀ ਕੋਲ ਜਮ੍ਹਾਂ ਹੋਇਆ ।ਫਾਰਮ ਜਮ੍ਹਾਂ ਕਰਵਾਉਣ ਸਮੇਂ ਟਿਕਟਾਂ ਲੱਗੇ ਦੋ-ਦੋ ਲਿਫਾਫੇ ਵੀ ਲਏ ਗਏ। ਇਹ ਸਾਰਾ ਕੁਝ ਯੂ.ਜੀ.ਸੀ. ਗਾਈਡ ਲਾਈਨਜ਼ ਅਨੁਸਾਰ ਕਰਨ ਦੀ ਗੱਲ ਕੀਤੀ ਗਈ ।ਆਸ ਸੀ ਨਵੇਂ ਆਏ ਵੀ .ਸੀ. ਨੇ ਸਿਖਿਆ ਸੁਧਾਰ ਲਈ ਇਨ੍ਹਾਂ ਕਾਲਜਾਂ ਦੇ ਬਾਰੇ ਸੋਚਿਆ ਹੈ ਸਾਇਦ ਜਲਦੀ ਹੀ ਉਸੇ ਸ਼ੈਸ਼ਨ ਦੌਰਾਨ ਭਰਤੀ ਕਰ ਲਈ ਜਾਵੇਗੀ ਪਰ ਊਠ ਦਾ ਬੁੱਲ੍ਹ ਲਟਕਦਾ ਹੀ ਰਹਿ ਗਿਆ ।ਕੋਈ ਪ੍ਰਕ੍ਰਿਆ ਸ਼ੁਰੂ ਨਹੀਂ ਹੋਈ। ਇਸ ਤਰ੍ਹਾਂ ਦੇ ਕਦਮ ਨੌਜਵਾਨਾਂ ਅੰਦਰ ਨਿਰਾਸ਼ਾ ਪੈਦਾ ਕਰਨ ਤੋਂ ਇਲਾਵਾ ਹੋਰ ਕੀ ਕਰਨਗੇ । ਆਪ ਸਰਕਾਰ ਨੂੰ ਵੀ ਇਸ ਬਾਰੇ ਲੌੜੀਂਦੇ ਫੰਡ ਜਾਰੀ ਕਰਨ 'ਚ ਝਿਜਕ ਨਹੀਂ ਕਰਨੀ ਚਾਹੀਦੀ। ਜੇ ਕਰ ਮੁੱਖ ਮੰਤਰੀ ਉਚੇਰੀ ਸਿਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਗੰਭੀਰ ਹਨ ਸੋ ਉਨ੍ਹਾਂ ਨੂੰ ਵੀ ਇਸ ਮਾਮਲੇ 'ਚ ਜਲਦੀ ਤੋਂ ਜਲਦੀ ਭਰਤੀ ਪ੍ਰਕ੍ਰਿਆ ਸ਼ੁਰੂ ਕਰਾਉਣ 'ਚ ਆਪਣਾ ਬਣਦਾ ਰੋਲ ਅਦਾ ਕਰਨਾ ਚਾਹੀਦਾ ਹੈ ।ਯੂਨੀਵਰਸਿਟੀ ਨੇ ਇਨ੍ਹਾਂ ਕਾਲਜਾਂ ਨੂੰ ਸ਼ੁਰੂ ਕਰਕੇ ਪੇਂਡੂ ਖੇਤਰ ਵਿੱਚ ਵਿੱਦਿਆ ਦੇ ਪਾਸਾਰ ਕਰਨ ਲਈ ਉਪਰਾਲਾ ਕੀਤਾ ਸੀ ਜਿਸ ਨਾਲ ਗਰੀਬ ਪਰਿਵਾਰਾਂ ਦੇ ਬੱਚਿਆਂ ਅਤੇ ਖਾਸ ਕਰਕੇ ਪੇਂਡੂ ਲੜਕੀਆਂ ਲਈ ਲਾਹੇਵੰਦ ਹਨ। ਪਰ ਇਨ੍ਹਾਂ ਕਾਲਜਾਂ ਅੰਦਰ ਸਟਾਫ ਦੀ ਕਮੀ ਰੜਕ ਰਹੀ ਹੈ ਜਿਸ ਨਾਲ ਮਿਆਰੀ ਸਿੱਖਿਆ ਨੌਜਵਾਨਾਂ ਨੂੰ ਨਹੀਂ ਮਿਲ ਰਹੀ ।ਹਜ਼ਾਰਾਂ ਯੋਗ ਬੇਰੁਜ਼ਗਾਰ ਕਾਲਜ ਅਧਿਆਪਕ ਉੱਚ ਡਿਗਰੀਆਂ , ਤਜ਼ਰਬੇ ਆਦਿ ਚੁੱਕੀਂ ਫਿਰਦੇ ਹਨ। ਪਿਛਲੀ ਸਰਕਾਰ ਨੇ ਜਾਂਦੇ ਜਾਂਦੇ ਕਾਹਲੀ ਨਾਲ ਅਸਿਟੈਂਟ ਪ੍ਰੋਫੈਸਰਾਂ ਦੀ ਭਰਤੀ ਮੁਕੰਮਲ ਕਰਕੇ ਨਿਯੁਕਤੀ ਪੱਤਰ ਦੇਣੇ ਸ਼ੁਰੂ ਕਰ ਦਿੱਤੇ ਸੀ ਪਰ ਇਹ ਭਰਤੀ ਮਾਨਯੋਗ ਹਾਈ ਕੋਰਟ ਨੇ ਸਟੇਅ ਕਰਕੇ ਬਾਅਦ 'ਚ ਭਰਤੀ ਰੱਦ ਕਰਨ ਦਾ ਫੈਸ਼ਲਾ ਸੁਣਾ ਦਿੱਤਾ ਸਰਕਾਰ ਨੇ ਹੁਣ ਡਬਲ ਬੈਂਚ 'ਚ ਅਪੀਲ ਪਾਈ ਹੋਈ ਹੈ ਸਰਕਾਰ ਜਵਾਬਦਾਵਾ ਪੂਰਾ ਨਹੀਂ ਦੇ ਰਹੀ ਜਿਸ ਨਾਲ ਪੇਸ਼ੀਆਂ ਅੱਗੇ ਪੈਂਦੀਆਂ ਜਾ ਰਹੀਆਂ ਹਨ। ਹਾਲ ਦੀ ਘੜੀ ਪੰਜਾਬ ਅੰਦਰ ਸਰਕਾਰੀ ਅਤੇ ਕੰਸਟੀਚਿਊਟ ਕਾਲਜਾਂ ਦੀ ਸਥਿਤੀ ਡਾਵਾਂ ਡੋਲ ਹੀ ਹੈ ।ਇਨ੍ਹਾਂ ਕਾਲਜਾਂ ਦੀਆਂ ਖਾਲੀ ਪੋਸਟਾਂ ਭਰਨ ਦੇ ਇਸ਼ਤਿਹਾਰ ਜਦੋਂ ਦਿੱਤੇ ਜਾਂਦੇ ਹਨ ਤਾਂ ਕੌਝਾ ਮਜ਼ਾਕ ਹੀ ਲੱਗਦਾ ਹੁੰਦਾ ਜਦੋਂ ਤਨਖਾਹ ਸਿਰਫ ਪੰਦਰਾਂ ਹਜ਼ਾਰ ਰੁ: , ਨਾਲ ਐਡਹਾਕ , ਕਿਸੇ ਸਮੇਂ ਕੱਢਣ ਦੀ ਗੱਲ , ਪੂਰਾ ਸ਼ੈਸ਼ਨ ਵੀ ਤਨਖਾਹ ਨਹੀਂ ਮਿਲਦੀ , ਛੁੱਟੀਆਂ ਦੌਰਾਨ ਛੁੱਟੀ ਕਰ ਦਿੱਤੀ ਜਾਂਦੀ ਹੈ ਪਰ ਸਾਰੀਆਂ ਡਿਊਟੀਆਂ ਲਾ ਦਿੱਤੀਆਂ ਜਾਂਦੀਆਂ ਨੇ । ਇੱਕ ਰੈਗੂਲਰ ਚਪੜਾਸੀ ਵੀ ਪ੍ਰੋਫੈਸਰਾਂ ਤੋਂ ਵੱਧ ਤਨਖਾਹ ਲੈਂਦਾ ਹੈ , ਇਹ ਸਾਡੇ ਲਈ ਵੀ ਸੋਚਣ ਵਾਲੀ ਗੱਲ ਹੈ , ਇਹ ਮੁੱਦੇ ਨੂੰ ਸਾਡੇ ਰਾਜਨੀਤਕ ਨੁਮਾਇੰਦਿਆਂ ਨੂੰ ਵਿਧਾਨ ਸਭਾ / ਲੋਕਾਂ 'ਚ ਉਠਾਉਣਾ ਚਾਹੀਦਾ ਹੈ। ਵਿਰੋਧੀ ਪਾਰਟੀਆਂ ਵੀ ਅੱਖਾਂ ਮੀਚ ਕੇ ਸਮਾਂ ਲੰਘਾਉਣ ਦੀ ਨੀਤੀ ਅਪਣਾਉਂਦੀਆਂ ਹਨ , ਸਿਰਫ ਵੋਟਾਂ ਵੇਲੇ ਲੋਕਾਂ ਨੂੰ ਸਬਜ਼ਬਾਗ ਦਿੰਦੀਆਂ ਹਨ । ਸੋ ਪੰਜਾਬੀ ਯੂਨੀਵਰਸਿਟੀ ਦੇ ਵਾਈਸ- ਚਾਂਸਲਰ , ਰਜਿਸਟਰਾਰ ਨੂੰ ਇਸ ਬਾਰੇ ਸਪਸ਼ਟ ਕਰਨਾ ਚਾਹੀਦਾ ਹੈ ਕਿ ਇਹ ਭਰਤੀ ਕਿਉਂ ਨਹੀਂ ਹੋ ਰਹੀ , ਕਿਹੜਾ ਅੜਿੱਕਾ ਲੱਗ ਗਿਆ , ਇਹ ਦੂਰ ਕਿਵੇਂ ਹੋਵੇਗਾ, ਜਿਸ ਭਰਤੀ ਨੂੰ ਬੇਸਬਰੀ ਨਾਲ ਯੋਗ ਉਮੀਦਵਾਰ ਉਡੀਕ ਰਹੇ ਹਨ ।ਯੂਨੀਵਰਸਿਟੀ ਦੀ ਵੈਬਸਾਈਟ ਤੇ ਇਸ ਸਬੰਧੀ ਕੋਈ ਜਿਕਰ ਤੱਕ ਨਹੀਂ। ਫਾਰਮ ਵੀ ਮੈਨੂਅਲ ਭਰਵਾ ਕੇ ਹੀ ਲਏ ਸੀ , ਇਸ ਦਾ ਕੀ ਰਾਜ਼ ਹੈ ਇਹ ਤਾਂ ਯੂਨੀਵਰਸਿਟੀ ਹੀ ਦੱਸ ਸਕਦੀ ਜਦੋਂ ਕਿ ਹੋਰ ਪੋਸਟਾਂ ਲਈ ਆਨ ਲਾਈਨ ਅਪਲਾਈ ਕਰਵਾਇਆ ਜਾਂਦਾ ਹੈ ।ਹੁਣ ਦੋ ਸਾਲ ਦਾ ਸਮਾਂ ਲੰਘਣ ਉਪਰੰਤ ਮਾਨਯੋਗ ਵਾਈਸ ਚਾਂਸਲਰ ਨੂੰ ਇਸ ਭਰਤੀ ਨੂੰ ਜਲਦੀ ਨੇਪੜ੍ਹੇ ਚਾੜ੍ਹਨ ਲਈ ਅਧਿਕਾਰੀਆਂ ਨੂੰ ਹਦਾਇਤ ਕਰਨੀ ਚਾਹੀਦੀ ਹੈ ਤਾਂ ਕਿ ਉਚੇਰੀ ਸਿੱਖਿਆ ਦੇ ਸੁਧਾਰ ਨੂੰ ਸਹੀ ਅਰਥਾਂ 'ਚ ਲਾਗੂ ਕੀਤਾ ਜਾ ਸਕੇ ।

ਮੇਜਰ ਸਿੰਘ ਨਾਭਾ
ਮੋ: 9463553962

# ਵੋਟਾਂ ਖਾਲਿਸਤਾਨ ਦੀਆਂ ?

– ਪਿਛਲੇ ਲੰਬੇ ਸਮੇਂ ਤੋਂ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਵੱਲੋਂ ਖਾਲਸਤਾਨ ਸਬੰਧੀ ਵੱਖੋ-ਵੱਖਰੇ ਪ੍ਰਤੀਕਰਮ ਸਾਹਮਣੇ ਆ ਰਹੇ ਹਨ। ਇਸੇ ਤਰ੍ਹਾਂ ਪੰਜਾਬ ਵਿੱਚ ਵੀ ਕੁਝ ਖਾਲਿਸਤਾਨ ਪੱਖੀ ਧਿਰਾਂ ਆਪੋ ਆਪਣੇ ਸਟੈਂਡ ਤੇ ਅਜੇ ਵੀ ਕਾਇਮ ਹਨ ਤੇ ਕੁਝ ਇੱਕ ਧਿਰਾਂ ਇਸ ਦਾ ਵਿਰੋਧ ਵੀ ਕਰ ਰਹੀਆਂ ਹਨ। ਇਸ ਮਸਲੇ ਤੇ ਬਹੁਤ ਸਾਰੇ ਲੋਕਾਂ ਦੀ ਰਾਏ ਵੱਖੋ ਵੱਖਰੀ ਹੈ। ਹਰ ਕਿਸੇ ਦੇ ਆਪੋ ਆਪਣੇ ਵਿਚਾਰ ਹਨ ਕੋਈ ਇਸ ਨੂੰ ਸਹੀ ਆਖ ਰਿਹਾ ਹੈ ਤੇ ਕੋਈ ਇਸ ਨੂੰ ਗਲਤ ਆਖ ਕੇ ਇਸ ਨੂੰ ਸਹੀ ਨਾ ਠਹਿਰਾਉਣ ਦੀ ਕੋਸ਼ਿਸ਼ ਕਰਦਾ ਹੋਇਆ ਦੂਜੀਆਂ ਧਿਰਾਂ ਤੇ ਕਿੰਤੂ ਪ੍ਰੰਤੂ ਕਰਦਾ ਹੈ। ਹਰ ਇੱਕ ਨੂੰ ਆਜ਼ਾਦੀ ਹੈ। ਹਰ ਇੱਕ ਦੀ ਆਪਣੀ ਸੋਚ ਵੱਖਰੀ ਹੈ ਕਿ ਉਸਨੇ ਕੀ ਕਰਨਾ ਹੈ ਕਿਸੇ ਨੂੰ ਵੀ ਇਸ ਮਸਲੇ ਤੇ ਧੱਕੇ ਨਾਲ ਨਹੀਂ ਮਨਾਇਆ ਜਾ ਸਕਦਾ।

ਲੰਘੇ ਦਿਨੀ ਅਮਰੀਕਾ ਦੇ ਕੈਲੀਫੋਰਨੀਆ ਵਿਖੇ ਖਾਲਿਸਤਾਨ ਸਬੰਧੀ ਵੋਟਾਂ ਦਾ ਅਯੋਜਨ ਕੀਤਾ ਗਿਆ ਕਿਉਂਕਿ ਪਿਛਲੇ ਲੰਬੇ ਸਮੇਂ ਤੋਂ ਆਖਿਆ ਜਾ ਰਿਹਾ ਸੀ ਕਿ ਇਸ ਮਸਲੇ ਤੇ ਵੋਟਾਂ ਪੈਣੀਆਂ ਚਾਹੀਦੀਆਂ ਹਨ। ਇੱਕ ਖਾਸ ਧਿਰ ਵੱਲੋਂ ਖਾਲਿਸਤਾਨ ਦੀ ਮੰਗ ਕਰਦੇ ਆ ਰਹੇ ਗੁਰਪਤਵੰਤ ਸਿੰਘ ਪੰਨੂ ਵੀ ਸੁਰੱਖਿਆ ਘੇਰੇ ਵਿੱਚ ਉੱਥੇ ਵੇਖੇ ਗਏ। ਭਾਵੇਂ ਕਿ ਵੱਡੀ ਗਿਣਤੀ ਵਿੱਚ ਲੋਕਾਂ ਨੇ ਖਾਲਿਸਤਾਨ ਸਬੰਧੀ ਵੋਟਾਂ ਪਾ ਕੇ ਆਪਣੀ ਸੋਚ ਦਾ ਪ੍ਰਗਟਾਵਾ ਕੀਤਾ ਪਰ ਇਸ ਸਬੰਧੀ ਬਹੁਤ ਸਾਰੇ ਲੋਕ ਇਹ ਵੀ ਆਖਿਆ ਜਾ ਰਿਹਾ ਹੈ ਕਿ ਜੋ ਲੋਕ ਵੋਟ ਪਾਉਣ ਤੋਂ ਵਾਂਝੇ ਰਹਿ ਗਏ ਉਹਨਾਂ ਦੀ ਚੋਣ ਪ੍ਰਕਿਰਿਆ ਹੁਣ 31 ਮਾਰਚ ਨੂੰ ਸੈਕਰਾਮੈਂਟੋ ਵਿਖੇ ਹੋਵੇਗੀ। ਉੱਥੇ ਵੀ ਪ੍ਰਬੰਧਕਾਂ ਵੱਲੋਂ ਆਸ ਕੀਤੀ ਜਾ ਰਹੀ ਹੈ ਕਿ ਵੱਡੀ ਗਿਣਤੀ ਵਿੱਚ ਲੋਕ ਪਹੁੰਚ ਕੇ ਵੋਟਾਂ ਪਾਉਣਗੇ। ਜਿਹੜੀ ਇਹ ਪਹਿਲੀ ਚੋਣ ਪ੍ਰਕਿਰਿਆ ਸੀ ਇਹ ਕੈਲੀਫੋਰਨੀਆ ਵਿਖੇ ਨੇਪਰੇ ਚੜ੍ਹੀ। ਔਰ ਬਹੁਤ ਸਾਰੇ ਹਜ਼ਾਰਾਂ ਦੀ ਤਾਦਾਦ ਵਿੱਚ ਲੋਕਾਂ ਨੇ ਆਪਣੀਆਂ ਵੋਟਾਂ ਰਾਹੀਂ ਖਾਲਿਸਤਾਨ ਸਬੰਧੀ ਹੰਗਾਰਾ ਦਿੱਤਾ। ਇਹ ਮੁੱਦਾ ਪਿਛਲੇ ਲੰਬੇ ਸਮੇਂ ਤੋਂ ਚਰਚਾ ਵਿੱਚ ਸੀ ਕੁਝ ਧਿਰਾਂ ਇਸ ਨੂੰ ਸਿੱਖਾਂ ਦੀ ਆਜ਼ਾਦੀ ਦਾ ਨਾਂ ਦੇ ਕੇ ਖਾਲਿਸਤਾਨ ਬਣਾਉਣ ਸਬੰਧੀ ਵਕਾਲਤ ਕਰ ਰਹੀਆਂ ਹਨ ਪਰ ਕੁਝ ਧਿਰਾਂ ਇਸ ਦਾ ਨਾਲ ਦੀ ਨਾਲ ਵਿਰੋਧ ਵੀ ਕਰ ਰਹੀਆਂ ਹਨ ਜਿਵੇਂ ਅਸੀਂ ਪਹਿਲਾਂ ਵੀ ਕਹਿ ਚੁੱਕੇ ਹਾਂ ਕਿ ਸੋਚ ਸਾਰਿਆਂ ਦੀ ਆਪੋ ਆਪਣੀ ਵੱਖਰੀ ਹੈ ਕੀ ਸਹੀ ਹੈ ਕੀ ਗਲਤ ਇਸ ਸਬੰਧੀ ਕੋਈ ਵੀ ਕਿਸੇ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਹੈ। ਪਿਛਲੇ ਸਮੇਂ ਵੀ ਇਸ ਮਸਲੇ ਨੂੰ ਲੈ ਕੇ ਵੱਖਰੀ ਤਰ੍ਹਾਂ ਦਾ ਪ੍ਰਗਟਾਵਾ ਸਾਹਮਣੇ ਆਉਂਦਾ ਰਿਹਾ ਹੈ ਅਤੇ ਵੱਡੇ ਪੱਧਰ ਤੇ ਚਰਚਾ ਵੀ ਹੋਈ ਹੈ। ? ? ਮੈਂ ਇੱਥੇ ਇੱਕ ਇਸ ਖਾਸ ਗੱਲ ਦਾ ਜ਼ਿਕਰ ਜਰੂਰ ਕਰਨਾ ਚਾਹਾਂਗਾ ਕਿ ਜਿਹੜੇ ਸੱਜਣ ਕੈਲੀਫੋਰਨੀਆ ਵਿਖੇ ਵੋਟਰ ਬਣ ਕੇ ਆਏ ਸਨ ਉਹਨਾਂ ਵਿੱਚ ਇੱਕ ਬਜ਼ੁਰਗ ਅਜਿਹਾ ਵੀ ਸੀ ਜਿਸ ਨੂੰ ਸਾਹ ਲੈਣ ਦੇ ਲਈ ਦਿੱਕਤ ਆਉਣ ਕਰਕੇ ਉਸਦੇ ਆਕਸੀਜਨ ਲੱਗੀ ਹੋਈ ਸੀ ਪ੍ਰੰਤੂ ਉਸਨੇ ਵੀ ਵੋਟਾਂ ਵਿੱਚ ਹਿੱਸਾ ਲੈ ਕੇ ਬੜਾ ਉਤਸਾਹ ਦਿਖਾਇਆ। ਇਸ ਗੱਲ ਦੀ ਭਾਵੇਂ ਵੱਡੇ ਪੱਧਰ ਤੇ ਚਰਚਾ ਵੀ ਕੀਤੀ ਗਈ ਪਰ ਆਪਣੇ ਆਪ ਵਿੱਚ ਇੱਕ ਇਹ ਵੱਖਰੀ ਤਰ੍ਹਾਂ ਦੀ ਘਟਨਾ ਹੈ ਕਿ ਕਿਸੇ ਵੀ ਚੋਣ ਪ੍ਰਕਿਰਿਆ ਦੇ ਵਿੱਚ ਇਸ ਹੱਦ ਤੱਕ ਲੋਕਾਂ ਨੇ ਪਹੁੰਚ ਕੇ ਹਿੱਸਾ ਲਿਆ ਅਤੇ ਇੱਕ ਸਾਹ ਲੈਣ ਵਿੱਚ ਤਕਲੀਫ ਆਲੇ ਬਜ਼ੁਰਗ ਨੂੰ ਵੀ ਵੇਖਿਆ ਗਿਆ ਇਹ ਆਪਣੇ ਆਪ ਵਿੱਚ ਇੱਕ ਵੱਡੀ ਘਟਨਾ ਹੈ ਜਿਸ ਨੂੰ ਚੋਣ ਪ੍ਰਣਾਲੀ ਵਿੱਚ ਯਾਦ ਰੱਖਿਆ ਜਾਵੇਗ ?। ਵਿਦੇਸ਼ਾਂ ਵਿੱਚ ਸਿਖਾਂ ਦੀ ਜਿਹੜੀ ਸੋਚ ਹੈ ਉਹ ਵੱਖਰੀ ਤਰ੍ਹਾਂ ਦਾ ਪ੍ਰਗਟਾਵਾ ਕਰਦੀ ਹੈ। ਪਿਛਲੇ ਸਮੇਂ ਵੀ ਅਸੀਂ ਇਸ ਮਸਲੇ ਤੇ ਕਾਫੀ ਕੁਝ ਵੇਖਿਆ ਹੈ। ਸੰਗਤਾਂ ਵੱਲੋਂ ਇਸ ਸਾਰੇ ਵਰਤਾਰੇ ਵਿੱਚ ਪਹੁੰਚ ਕੇ ਵੱਡੇ ਪੱਧਰ ਤੇ ਲੰਗਰ ਪਾਣੀ ਦੀ ਸੇਵਾ ਵੀ ਕੀਤੀ ਗਈ ਅਤੇ ਬਹੁਤ ਸਾਰੇ ਲੋਕਾਂ ਨੂੰ ਲੰਗਰ ਛਕਾਇਆ ਗਿਆ ਜੋ ਕਿ ਆਪਣੇ ਆਪ ਵਿੱਚ ਇੱਕ ਵੱਖਰੀ ਤਰ੍ਹਾਂ ਦਾ ਮੈਸੇਜ ਪਹੁੰਚਦਾ ਹੈ ਕਿ ਸਿੱਖ ਕੌਮ ਜਿੱਥੇ ਹੋਰਨਾਂ ਦੇਸ਼ਾਂ ਵਿੱਚ ਜਾ ਕੇ ਮਦਦ ਕਰਦੀ ਹੈ ਉੱਥੇ ਹੀ ਇਸ ਤਰ੍ਹਾਂ ਦੀਆਂ ਵਰਤਾਰੇ ਦੌਰਾਨ ਵੀ ਅੱਗੇ ਹੋ ਕੇ ਮਦਦ ਕਰਨਾ ਵੀ ਆਪਣੇ ਆਪ ਵਿੱਚ ਵੱਖਰੀ ਤਰ੍ਹਾਂ ਦੀ ਗੱਲ ਭਾਵੇਂ ਹੈ ਪਰ ਖਾਲਿਸਤਾਨ ਸਬੰਧੀ ਵੋਟਾਂ ਵਾਲੇ ਮਤੇ ਵਿੱਚ ਆਮ ਲੋਕਾਂ ਵੱਲੋਂ ਵਿਖਾਇਆ ਗਿਆ ਉਤਸ਼ਾਹ ਇਸ ਗੱਲ ਦੀ ਗਵਾਹੀ ਹੈ ਕੋਈ ਨਾ ਕੋਈ ਤਾਂ ਗੱਲਬਾਤ ਚੱਲ ਰਹੀ ਕਿਉਂਕਿ ਇਸ ਤਰ੍ਹਾਂ ਦੇ ਇਕੱਠਾਂ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦਾ ਪਹੁੰਚਣਾ ਕਿਸੇ ਸੋਚ ਦਾ ਪ੍ਰਗਟਾਵਾ ਹੈ।



ਪਰ ਇੱਥੇ ਇਹ ਵੀ ਕਹਿਣਾ ਵਾਜਿਬ ਹੋਵੇਗਾ ਕਿ ਖਾਲਿਸਤਾਨ ਸਬੰਧੀ ਵੋਟਾਂ ਵਿੱਚ ਵੱਡੇ ਪੱਧਰ ਤੇ ਸਿੱਖਾਂ ਵੱਲੋਂ ਸ਼ਾਮਿਲ ਹੋ ਕੇ ਮਤਦਾਨ ਕਰਨਾ ਇੱਕ ਆਪਣੇ ਆਪ ਵਿੱਚ ਇੱਕ ਵੱਖਰੀ ਤਰ੍ਹਾਂ ਦਾ ਸੁਨੇਹਾ ਹੈ । ਬਜ਼ੁਰਗ ਅਤੇ ਬਜ਼ੁਰਗ ਬੀਬੀਆਂ ਵੱਲੋਂ ਵੀ ਵੋਟਾਂ ਰਾਹੀਂ ਆਪਣੀ ਇੱਛਾ ਜਗ ਜਾਹਿਰ ਕੀਤੀ ਗਈ। ਭਾਵੇਂ ਉਸ ਸਬੰਧੀ ਅਗਲੀ ਗੱਲਬਾਤ ਨੂੰ ਸਮਝਣਾ ਜਾਂ ਜੱਗ ਜਾਹਰ ਕਰਨਾ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਹੋਵੇਗਾ ਕਿ ਅਗਲੇ ਸਮੇਂ ਨੂੰ ਕੀ ਹੋਵੇਗਾ ਪਰ ਲੰਘੇ ਸਮੇਂ ਸਿੱਖਾਂ ਵੱਲੋਂ ਵੋਟਾਂ ਪਾ ਕੇ ਇੱਕ ਵੱਖਰਾ ਸੁਨੇਹਾ ਜਰੂਰ ਦਿੱਤਾ ਗਿਆ ਹੈ। ਸਾਰਿਆਂ ਦੀ ਸੋਚ ਵੱਖੋ ਵੱਖਰੀ ਹੈ ?। ਪ੍ਰਬੰਧਕਾਂ ਵੱਲੋਂ ਉੱਥੇ ਪਹੁੰਚੇ ਲੋਕਾਂ ਦਾ ਧੰਨਵਾਦ ਵੀ ਕੀਤਾ ਗਿਆ।

ਸ਼ਿੰਦਰ ਸਿੰਘ ਮੀਰਪੁਰੀ
ਫਰਿਜਨੋ ਕੈਲੀਫੋਰਨੀਆ ਅਮਰੀਕਾ
5592850841

# ਕਿਉਂ ਟੁੱਟਦੀ ਜਾ ਰਹੀ ਹੈ ਪਰਿਵਾਰਕ ਸਾਂਝ



ਕਦੇ ਸੁਣੀਂਦਾ ਸੀ ਕਿ "ਚਿੱਟਾ ਹੋ ਗਿਆ ਲਹੂ" ਪਰ ਹੁਣ ਹਲਾਤ ਵੇਖ ਕੇ ਕਈ ਵਾਰ ਲੱਗਦਾ ਹੈ ਕਿ ਲਹੂ ਚਿੱਟਾ ਨਹੀਂ ਬਲਕਿ ਜ਼ਹਿਰੀਲਾ ਹੋ ਚੁੱਕਾ ਹੈ। ਸਾਇਦ ਇਸੇ ਕਰਕੇ ਲਹੂ ਦੇ ਰਿਸ਼ਤੇ ਤਿੜਕ ਹੀ ਨਹੀਂ ਰਹੇ ਬਲਕਿ ਜ਼ਹਿਰੀਲੇ ਹੋ ਚੁੱਕੇ ਹਨ। ਮੈਂ ਕਈ ਵਾਰ ਬਹੁਤ ਹੈਰਾਨ ਹੁੰਦੀ ਹਾਂ ਜਦੋਂ ਮੇਰੇ ਬਜੁਰਗ ਪਾਠਕਾਂ ਵਿਚੋਂ ਕਈਆਂ ਦੀ ਕਹਾਣੀ ਸੁਣਨ ਨੂੰ ਮਿਲਦੀ ਹੈ ਕਿ ਉਹਨਾਂ ਦੇ ਬੱਚਿਆਂ ਦੁਆਰਾ ਬਹੁਤ ਬੁਰਾ ਸਲੂਕ ਕੀਤਾ ਜਾਂਦਾ ਹੈ। ਫਿਰ ਅਜਿਹੀਆਂ ਕਹਾਣੀਆਂ ਹੀ ਅਜਿਹੇ ਵਿਸ਼ੇ ਲਿਖਣ ਲਈ ਮਜਬੂਰ ਕਰ ਦਿੰਦੀਆਂ ਹਨ। ਅੱਜ ਦੇਖਿਆ ਜਾਵੇ ਤਾਂ ਬਹੁਤਾਂਤ ਲੋਕਾਂ ਦਾ ਪਿਆਰ ਸ਼ੋਸਲ ਮੀਡੀਆ ਉੱਪਰ ਦਿਖਾਵਾ ਕਰਨ ਤੱਕ ਸੀਮਤ ਰਹਿ ਚੁੱਕਾ ਹੈ। ਮਾਂ – ਪੁੱਤ ਦਾ ਰਿਸ਼ਤਾ ਦੁਨੀਆਂ ਦਾ ਸਭ ਤੋਂ ਪਵਿੱਤਰ ਅਤੇ ਭਾਵਨਾਤਮਕ ਰਿਸ਼ਤਾ ਮੰਨਿਆ ਜਾਂਦਾ ਹੈ। ਮਾਂ ਸ਼ਬਦ ਦੀ ਵਿਆਖਿਆ ਕਰਦਿਆਂ ਵਿਦਵਾਨ ਤੋਂ ਵਿਦਵਾਨ ਕਲਮਾਂ ਵੀ ਸੰਤੁਸਟ ਨਹੀਂ ਹੋ ਸਕੀਆਂ। ਉਨ੍ਹਾਂ ਨੂੰ ਵੀ ਲੱਗਦਾ ਰਿਹਾ ਹੈ ਕਿ ਮਾਂ ਦੀ ਸਿਫਤ ਪੂਰੀ ਨਹੀਂ ਹੋ ਸਕੀ। ਮਾਂ ਦੇ ਕਰਜੇ ਦਾ ਮੁੱਲ ਸ਼ਾਇਦ ਪਰਮਾਤਮਾ ਵੀ ਮੋੜਨ ਦੇ ਸਮਰੱਥ ਨਹੀਂ। ਇਸੇ ਕਾਰਨ ਮਾਂ ਸ਼ਬਦ ਨਾਲ ਹੀ ਪਰਮਾਤਮਾ ਦੀ ਸੰਪੂਰਨਤਾ ਹੁੰਦੀ ਹੈ। ਜਦੋਂ ਮਾਂ ਆਪਣੀ ਕੁੱਖ ਤੋਂ ਜੰਮੇ ਪੁੱਤਰਾਂ ਹੱਥੋਂ ਵਹਿਸ਼ੀਆਣਾ ਢੰਗ ਨਾਲ ਕਤਲ ਹੋਵੇ, ਨਸ਼ਿਆ ਖਾਤਰ ਮਾਂ ਪਿਓ ਦੀ ਕੁੱਟ ਮਾਰ ਕਰਨੀ, ਵਰਗੀਆਂ ਘਟਨਾਵਾਂ ਸਾਹਮਣੇ ਆਉਣ ਤਾਂ ਲਹੂ ਦੇ ਚਿੱਟੇ ਹੋਣ ਦੇ ਅਰਥ ਵੀ ਬੌਣੇ ਹੋ ਜਾਂਦੇ ਹਨ। ਫਿਰ ਲਹੂ ਨੂੰ ਸਿਰਫ ਜ਼ਹਿਰੀਲਾ ਹੀ ਮੰਨਿਆ ਜਾ ਸਕਦਾ ਹੈ। ਇਹ ਘਟਨਾਵਾਂ ਆਮ ਹੀ ਹਨ, ਖਾਸ ਕਰ ਪਿੰਡਾਂ ਦੇ ਘਰਾਂ ਵਿੱਚ ਪਰ ਅਫਸੋਸ ਇਹ ਖਬਰਾਂ ਨਾ ਤਾਂ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ ਅਤੇ ਨਾ ਹੀ ਮੀਡੀਆ ਦੁਆਰਾ ਉਛਾਲੀਂਆ ਜਾਂਦੀਆਂ ਹਨ, ਪਤਾ ਨਹੀਂ ਕਿੰਨੇ ਕੁ ਮਾਪੇ ਆਪਣੇ ਬੱਚਿਆਂ ਹੱਥੋਂ ਜ਼ਲੀਲ ਹੋ ਮਾਨਸਿਕ ਰੋਗੀ ਬਣ ਗਏ ਹਨ। ਜਦੋਂ ਔਲਾਦ, ਆਪਣੇ ਮਾਂ ਬਾਪ ਦਾ ਕਤਲ ਕਰਨ ਲੱਗ ਜਾਵੇ, ਬੁਢਾਪੇ ਦੀ ਡੰਗੋਰੀ ਬਣਨ ਦੀ ਥਾਂ ਬਿਰਧ ਆਸ਼ਰਮ ਵਿੱਚ ਛੱਡ ਆਉਣ , ਮਾਂ ਬਾਪ ਦੀ ਸੰਘੀ ਘੁੱਟ ਕੇ ਆਪਣੀ ਐਸ਼ੋ ਇਸ਼ਰਤ ਪੂਰੀ ਕਰਨ ਤੇ ਉਤਾਰੂ ਹੋ ਜਾਵੇ, ਉਦੋਂ ਬਾਕੀ ਹੋਰ ਰਿਸ਼ਤਿਆਂ ਦੀ ਅਹਿਮੀਅਤ ਤਾਂ ਬਹੁਤ ਪਿੱਛੇ ਰਹਿ ਜਾਂਦੀ ਹੈ। ਅਖੀਰ ਗੁਰੂਆਂ ਦੀ ਇਸ ਧਰਤੀ ਤੇ ਦੁੱਧ ਤੇ ਪੁੱਤ ਫਿੱਟਣ ਕਿਉਂ ਲੱਗ ਪਏ ਹਨ। ਇਹ ਬਹੁਤ ਵੱਡੇ ਤੇ ਗੰਭੀਰ ਸਵਾਲ ਹਨ ਅਤੇ ਸਮਾਜਿਕ ਤਾਣਾ ਬਾਣਾ ਆਖਰ ਕਿਉਂ ਖਿਲਰ ਗਿਆ ? ਇਹਨਾਂ ਸਾਰਿਆਂ ਦਾ ਇਕੋ ਇੱਕ ਜਵਾਬ ਹੈ ਕਿ ਅਸੀਂ ਆਪਣੇ ਮੂਲ ਨਾਲੋਂ ਟੁੱਟ ਗਏ ਹਾਂ। ਮੂਲ ਨਾਲੋਂ ਟੁੱਟੇ ਪੱਤੇ ਦੀ ਜਿਵੇਂ ਕੋਈ ਦਿਸ਼ਾ ਨਹੀਂ ਹੁੰਦੀ, ਉਸੇ ਤਰ੍ਹਾਂ ਦਿਸ਼ਾਹੀਣ ਹੋਣ ਕਾਰਣ ਸਾਡੀ ਦਸ਼ਾ ਵੀ ਵਿਗੜ ਗਈ ਹੈ ।ਮੋਹ ਮਮਤਾ ਦੀਆਂ ਤੰਦਾਂ ਤੇ ਸੁਆਰਥ ਅਤੇ ਪਦਾਰਥ ਦੀ ਅੰਨੀ ਭੁੱਖ ਭਾਰੂ ਹੋ ਗਈ ਹੈ। ਤੇਜੀ ਨਾਲ ਬਦਲੇ ਜਮਾਨੇ ਅਨੁਸਾਰ ਸਾਡੀ ਸੋਚ ਤਾਂ ਨਹੀਂ ਬਦਲ ਸਕੀ, ਪਰ ਅਸੀਂ ਵਿਖਾਵੇ ਦਾ ਭਰਮ ਭੁਲੇਖਾ ਜਰੂਰ ਪਾਲ ਬੈਠੇ ਹਾਂ। ਤਿੜਕੇ ਰਿਸ਼ਤਿਆਂ ਦੀ ਦਾਸਤਾਨ ਨੂੰ ਅਸੀਂ ਸੰਭਾਲਣ ਦੇ ਯਤਨ ਹੀ ਨਹੀਂ ਕੀਤੇ, ਜਿਸ ਕਾਰਣ ਤਿੜਕੇ ਰਿਸ਼ਤੇ ਹੁਣ ਕਾਤਲ ਰਿਸ਼ਤਿਆਂ ਵਿੱਚ ਬਦਲਣ ਲੱਗ ਪਏ ਹਨ। ਨਸ਼ਾ, ਵਿਹਲੜਪੁਣਾ, ਐਸ਼ੋ ਆਰਾਮ ਦੀ ਚਾਹਤ ਨੇ ਮਨੁੱਖ ਨੂੰ ਹੈਵਾਨ ਵਿੱਚ ਬਦਲ ਦਿੱਤਾ ਹੈਂ ਕਿੱਥੇ ਗੁਰਬਾਣੀ ਨੇ ਸਾਨੂੰ ਮਨੁੱਖ ਤੋਂ ਪਰਮ ਮਨੁੱਖ ਬਣਾਉਣਾ ਹੁੰਦਾ ਹੈ, ਕਿੱਥੇ ਅਸੀਂ ਆਪਣੇ ਇਸ ਮੂਲ ਤੋਂ ਟੁੱਟ ਕੇ ਮਨੁੱਖ ਦੀ ਥਾਂ ਹੈਵਾਨ ਬਣਨ ਵੱਲ ਵਧ ਰਹੇ ਹਾਂ।

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ, ਉਹ ਆਪਣੇ ਨਾਲ ਸਮਾਜ ਦਾ ਵੀ ਖਿਆਲ ਰੱਖਦਾ ਹੈ। ਪਰ ਹੈਵਾਨ ਸਿਰਫ ਤੇ ਸਿਰਫ ਆਪਣੇ ਢਿੱਡ ਦਾ। ਸਮੇਂ ਦੇ ਨਾਲ ਤਬਦੀਲੀ ਆਉਂਦੀ ਹੈ ਪਰ ਜਿਹੜੀ ਤਬਦੀਲੀ ਵਿਨਾਸਕਾਰੀ ਹੋਵੇ, ਉਸ ਤਬਦੀਲੀ ਨੂੰ ਰੋਕਣਾ ਸਮਾਜ ਦੀ ਜੰਮਿਵਾਰੀ ਬਣ ਜਾਂਦੀ ਹੈ। ਨਵੀਂ ਪੀੜੀ ਦਿਨੋ ਦਿਨ ਵਿਗੜੈਲ ਹੋ ਰਹੀ ਹੈ, ਗੁਸਤਾਖ ਹੋ ਰਹੀ ਹੈ, ਇਹ ਅੱਜ ਦੀ ਸਭ ਤੋਂ ਵੱਡੀ ਚਿੰਤਾ ਬਣ ਚੁੱਕੀ ਹੈ। ਮਾਪਿਆਂ ਦੀ ਹੁੰਦੀ ਦੁਰਦਸਾ ਤੇ ਹਿਰਦੇਵੇਦਕ ਘਟਨਾਵਾ ਸਮਾਜ ਦੇ ਮੱਥੇ ਤੇ ਕਾਲਾ ਧੱਬਾ ਹੁੰਦੀਆਂ ਹਨ।

ਸਾਂਝੇ ਪਰਿਵਾਰਾਂ ਦੇ ਟੁੱਟਣ ਅਤੇ ਸਮਾਜ ਵਿੱਚ ਵੱਧਦੇ ਨਿੱਜਵਾਦ ਕਾਰਨ ਮੋਹ, ਪਿਆਰ ਸਿਰਫ ਰਸਮੀ ਵਿਖਾਵੇ ਵਿੱਚ ਬਦਲਦਾ ਜਾ ਰਿਹਾ ਹੈ। ਰਿਸ਼ਤਿਆਂ ਦੀ ਬੁਨਿਆਦ ਵੀ ਹੁਣ ਸੁਆਰਥ, ਝੂਠ ਤੇ ਧੋਖਾ ਬਣਨ ਲੱਗ ਪਿਆ ਹੈ। ਇਸ ਕਾਰਨ ਰਿਸ਼ਤੇ ਨੇਪਰੇ ਨਹੀਂ ਚੜ੍ਹ ਰਹੇ । ਨੈਤਿਕ ਸਿੱਖਿਆ ਜਿਹੜੀ ਅੱਗੇ ਪਰਿਵਾਰਾਂ ਦੇ ਬਜੁਰਗ ਆਪਣੀਆਂ ਅਗਲੇਰੀਆਂ ਪੀੜੀਆਂ ਨੂੰ ਗੁੜ੍ਹਤੀ ਵਿੱਚ ਦੇ ਛੱਡਦੇ ਸਨ, ਉਹ ਹੁਣ ਖਤਮ ਹੋਣ ਦੀ ਕਗਾਰ ਤੇ ਹੈ ਕਿਉਂਕਿ ਅੱਜਕੱਲ ਮਾਪੇ ਬੱਚਿਆਂ ਨੂੰ ਨਚਾਰ ਬਣਾਉਣ ਉੱਪਰ ਜਿਆਦਾ ਸਮਾਂ ਦੇ ਰਹੇ ਹਨ ਅਤੇ ਗੁਰੂਬਾਣੀ ਅਤੇ ਸਿੱਖ ਇਤਿਹਾਸ ਨਾਲ ਘੱਟ ਜੋੜ ਰਹੇ ਹਨ । ਨਿੱਜ ਪ੍ਰਾਪਤੀ ਦੀ ਦੋੜ ਵੀ ਏਨੀ ਤੇਜ ਹੋ ਚੁੱਕੀ ਹੈ ਕਿ ਇਸ ਦੌੜ ਵਿੱਚ ਕੌਣ ਕੁਚਲਿਆ ਜਾ ਰਿਹਾ ਹੈ, ਕਿਸੇ ਨੂੰ ਕੋਈ ਪ੍ਰਵਾਹ ਨਹੀਂ ਹੈ। ਸੂਝਵਾਨ ਤੇ ਸੰਵੇਦਨਸੀਲ ਇਨਸਾਨ ਭਲੀ ਭਾਂਤ ਸਮਝ ਚੁੱਕੇ ਹਨ ਕਿ ਮਨੁੱਖ ਆਪਣੀ ਤਬਾਹੀ ਦੀ ਦੌੜ ,ਦੌੜ ਰਿਹਾ ਹੈ ਪਰ ਤ੍ਰਾਸਦੀ ਇਹੋ ਹੈ ਕਿ ਇਸ ਦੌੜ ਨੂੰ ਰੋਕਣ ਦੀ ਕੋਸਸਿ ਕੋਈ ਨਹੀਂ ਕਰਦਾ, ਸਗੋਂ ਖੁਦ ਇਸ ਵਿੱਚ ਸ਼ਾਮਿਲ ਹੋ ਜਾਂਦਾ ਹੈ, ਜਿਸ ਕਾਰਨ ਮਾਨਵਤਾਵਾਦੀ ਕਦਰਾਂ ਕੀਮਤਾਂ ਦਾ ਘਾਣ ਤੇਜ ਹੋ ਰਿਹਾ ਹੈ , ਜਿਸ ਦੀ ਸ਼ੁਰੂਆਤ ਪਰਿਵਾਰਕ ਸਾਂਝਾ ਖਤਮ ਹੋਣ ਤੋਂ ਹੋ ਰਹੀ ਹੈ, ਇੱਕ ਇੱਕ ਪਰਿਵਾਰ ਨਾਲ ਸਮਾਜ ਬਣਦਾ ਹੈ ਜਦੋਂ ਪਰਿਵਾਰਾਂ ਵਿੱਚ ਇਤਫਾਕ ਨਹੀਂ ਤਾਂ ਅਸੀਂ ਇੱਕ ਅਮਨ ਮਈ ਸਮਾਜ ਦੀ ਵੀ ਆਸ ਨਹੀਂ ਰੱਖ ਸਕਦੇ। ਜਰੂਰਤ ਹੈ ਪਰਿਵਾਰਿਕ ਕਦਰਾਂ ਕੀਮਤਾਂ ਨੂੰ ਸਮਝਣ ਦੀ, ਬੱਚਿਆਂ ਨੂੰ ਚੰਗੇ ਸੰਸਕਾਰ ਤੇ ਸਿੱਖਿਆ ਦੇਣ ਦੀ ਤਾਂ ਜੋ ਜਦੋਂ ਪਰਿਵਾਰਾਂ ਦੀ ਵਾਗਡੋਰ ਉਹਨਾਂ ਹੱਥ ਆਵੇ ਤਾਂ ਪਰਿਵਾਰਾਂ ਦੀ ਸਾਂਝ ਬਣੀ ਰਹੇ ਨਾ ਕਿ ਬਿਖਰੇ।

ਹਰਕੀਰਤ ਕੌਰ
9779118066

# ਮੋਰਲੇ -ਮਿੰਟੋ ਸੁਧਾਰਾ ਤੋ ਸੰਵਿਧਾਨ ਤੱਕ -ਵੋਟ ਅਧਿਕਾਰ

ਸੰਵਿਧਾਨ ਨੇ ਨਾਗਰਿਕਾ ਨੂੰ ਸ਼ਕਤੀਸ਼ਾਲੀ ਅਧਿਕਾਰ ਦਿੱਤੇ ਹਨ ਜਿਹਨਾ ਵਿਚ ਵੋਟ ਦਾ ਅਧਿਕਾਰ ਵੀ ਸ਼ਾਮਿਲ ਹੈ। ਵੋਟਿੰਗ ਬਹੁਤ ਪ੍ਰਭਾਵਸ਼ਾਲੀ ਮਾਧਿਅਮ ਹੈ ਜਿਸ ਨਾਲ ਅਸੀਂ ਸਰਕਾਰ ਚੁਣ/ਬਦਲ ਸਕਦੇ ਹਾਂ। ਨਾਗਰਿਕ 18 ਸਾਲ ਦੀ ਉਮਰ ਤੋਂ ਹੀ ਦੇਸ਼ ਦਾ ਨੇਤਾ ਚੁਣ ਸੱਚਮੁੱਚ ਕਿੰਗ ਮੇਕਰ ਦੀ ਭੂਮਿਕਾ ਨਿਭਾਉਦੇ ਹਨ। 19 ਨਵੰਬਰ 1863 ਨੂੰ ਅਮਰੀਕਾ ਦੇ ਰਾਸ਼ਟਰਪਤੀ ਅਬਰਾਹਿਮ ਲਿੰਕਨ ਨੇ ਲੋਕਤੰਤਰ ਸਬੰਧੀ ਆਖਿਆ ਕਿ ਜਮਹੂਰੀਅਤ ਵਿੱਚ ਲੋਕਾਂ ਦੀ ਸਰਕਾਰ, ਲੋਕਾਂ ਦੁਆਰਾ, ਲੋਕਾਂ ਲਈ ਹੋਵੇਗੀ ਜਿਸ ਦਾ ਧਰਤੀ ਤੋਂ ਖਤਮ ਹੋਣਾ ਅਸੰਭਵ ਹੈ ਇਹ ਵਿਸ਼ਵ ਇਤਿਹਾਸ ਵਿੱਚ ਸਭ ਤੋਂ ਮਸ਼ਹੂਰ ਭਾਸ਼ਣਾਂ ਵਿੱਚੋਂ ਇੱਕ ਹੈ। ਵੋਟ ਪਾਉਣਾ ਜਰੂਰੀ ਨਹੀਂ ਪਰ ਲਾਜ਼ਮੀ ਫਰਜ਼ ਸਮਝਣਾ ਚਾਹੀਦਾ ਹੈ ਤਾ ਜੋ ਇਤਿਹਾਸਕ ਸੰਘਰਸ ਪਿਛੋ ਮਿਲੇ ਅਧਿਕਾਰ ਦਾ ਸਨਮਾਨ ਬਰਕਰਾਰ ਰਹੇ।

ਬ੍ਰਿਟਿਸ ਪਾਰਲੀਮੈਂਟ ਨੇ ਇੰਡੀਅਨ ਕੌਂਸਲ ਐਕਟ 1901 ਦੁਵਾਰਾ ਮੋਰਲੇ -ਮਿੰਟੋ ਸੁਧਾਰਾ ਦੀ ਪੈਰਵੀ ਕੀਤੀ। ਜਿਸ ਨਾਲ ਵਿਧਾਨਿਕ ਤਬਦੀਲੀਆਂ ਲਈ ਰਾਹ ਪੱਧਰਾ ਹੋਇਆ। ਪਰ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਬਹੁਤ ਘੱਟ ਵਿਅਕਤੀਆਂ ਨੂੰ ਦਿੱਤਾ। ਇਸ ਐਕਟ ਵਿੱਚ 1919 ਤੋਂ ਬਾਅਦ ਵੱਡੀਆਂ ਤਬਦੀਲੀਆਂ ਆਈਆਂ। ਸਰਕਾਰੀ ਕੰਮਕਾਜ ਦੋ ਸੰਸਥਾਵਾਂ ਕੇਦਰ ਵਿੱਚ ਉੱਚ ਤੇ ਹੇਠਲੇ ਸਦਨ ਅਤੇ ਰਾਜਾ ਨੂੰ ਸਟੇਟ ਕੌਂਸਲ ਅਤੇ ਕੇਂਦਰੀ ਵਿਧਾਨ ਸਭਾ ਵਿੱਚ ਵੰਡਿਆ ਗਿਆ। ਵੋਟਿੰਗ ਅਧਿਕਾਰ ਦੀ ਯੋਗਤਾ ਜਾਇਦਾਦ ਦੀ ਮਾਲਕੀ, ਆਮਦਨ ਦਾ ਭੁਗਤਾਨ ਅਤੇ ਮਿਉਂਸਪਲ ਟੈਕਸ ਆਦਿ ਨਾਲ ਜੋੜ ਦਿੱਤਾ। ਇਸ ਨਾਲ ਜ਼ਮੀਨ ਮਾਲਕਾਂ ਅਤੇ ਅਮੀਰ ਘਰਾਣਿਆ ਨੂੰ ਪ੍ਰਸਾਸਨੀ ਬਲ ਮਿਲਆ। ਬ੍ਰਿਟਿਸ਼ ਸ਼ਾਸਨ ਅਧੀਨ ਹੀ ਔਰਤਾਂ ਨੂੰ ਵੋਟ ਦੇ ਅਧਿਕਾਰ ਦੀ ਲਹਿਰ ਉਭਰਨ ਲੱਗੀ 1918 ਵਿੱਚ ਔਰਤਾਂ ਦੇ ਜਾਇਦਾਦ ਅਧਿਕਾਰਾ ਨੂੰ ਸੀਮਤ ਕਰ ਦਿੱਤਾ। ਇਹ ਨਿਯਮ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਬ੍ਰਿਟਿਸ਼ ਨਾਗਰਿਕਾਂ ਤੇ ਲਾਗੂ ਨਹੀਂ ਹੋਇਆ। 1919 ਵਿੱਚ ਹਾਊਸ ਆਫ ਲਾਰਡਜ਼ ਐਂਡ ਕਾਮਨਜ਼ ਦੀ ਸਾਂਝੀ ਕਮੇਟੀ ਨੇ ਵੀ ਔਰਤਾਂ ਨੂੰ ਵੋਟ ਜਾਂ ਚੋਣਾਂ ਲੜਨ ਦਾ ਅਧਿਕਾਰ ਨਹੀਂ ਦਿੱਤਾ। ਉਸ ਸਮੇ ਭਾਰਤ ਸਰਕਾਰ ਦੇ ਐਕਟ ਦੁਵਾਰਾ ਸੂਬਾਈ ਕੌਂਸਲ ਨੇ ਜਾਇਦਾਦ ਤੇ ਵਿਦਿਅਕ ਯੋਗਤਾ ਪੂਰਾ ਕਰਨ ਵਾਲੀਆ ਔਰਤਾਂ ਨੂੰ ਵੋਟ ਲਈ ਯੋਗ ਸਮਝਿਆ। ਕੁਝ ਔਰਤਾਂ ਨੂੰ 1920 ਵਿੱਚ ਬ੍ਰਿਟਿਸ਼ ਸਰਕਾਰ ਦੁਆਰਾ ਪਾਸ ਕੀਤੇ ਗਏ ਸੁਧਾਰਾਂ ਨਾਲ ਵੋਟ ਅਧਿਕਾਰ ਹਾਸਿਲ ਹੋਇਆ। 1919 ਅਤੇ 1929 ਦੇ ਵਿਚਕਾਰ, ਸਾਰੇ ਬ੍ਰਿਟਿਸ਼ ਸੂਬਿਆਂ ਅਤੇ ਰਿਆਸਤਾਂ ਨੇ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਅਤੇ ਸਥਾਨਕ ਪੱਧਰ ਤੇ ਚੋਣ ਲੜਨ ਦੀ ਇਜਾਜ਼ਤ ਦਿੱਤੀ। ਇਸ ਸਬੰਧ ਵਿਚ ਪਹਿਲੀ ਜਿੱਤ ਮਦਰਾਸ ਵਿਚ ਹੋਈ, ਉਸ ਤੋਂ ਬਾਅਦ 1920 ਵਿਚ ਤ੍ਰਾਵਣਕੋਰ ਰਾਜ ਅਤੇ ਝਾਲਾਵਾੜ ਰਿਆਸਤ ਨੇ ਜਿੱਤ ਪ੍ਰਾਪਤ ਕੀਤੀ। ਮਦਰਾਸ ਪ੍ਰੈਜ਼ੀਡੈਂਸੀ ਅਤੇ ਬੰਬਈ ਪ੍ਰੈਜ਼ੀਡੈਂਸੀ ਨੇ 1921 ਵਿਚ ਅਤੇ ਰਾਜਕੋਟ ਰਾਜ ਨੇ ਸਾਲ 1923 ਵਿਚ ਪੂਰਾ ਮਤਾ ਪਾਸ ਕਰ ਦਿੱਤਾ।1927 ਵਿੱਚ, ਨਿਊ ਇੰਡੀਆ ਐਕਟ ਨੂੰ ਵਿਕਸਤ ਕਰਨ ਲਈ ਸਾਈਮਨ ਕਮਿਸ਼ਨ ਨਿਯੁਕਤ ਕੀਤਾ ਗਿਆ ਸੀ, ਇਸ ਦਾ ਰਾਸ਼ਟਰਵਾਦੀਆਂ ਨੇ ਬਾਈਕਾਟ ਕੀਤਾ, ਕਿਉਂ ਕਿ ਕਮਿਸ਼ਨ ਵਿੱਚ ਕੋਈ ਭਾਰਤੀ ਨਹੀਂ ਸੀ ਪਰੰਤੂ ਕਮਿਸ਼ਨ ਨੇ ਵੋਟਿੰਗ ਅਧਿਕਾਰ ਨੂੰ ਵਧਾਉਣ ਤੇ ਚਰਚਾ ਕੀਤੀ। ਵੋਟਿੰਗ ਦੀ ਉਮਰ ਘਟਾ ਕੇ 21 ਸਾਲ ਕਰਨ ਦੀ ਸਿਫ਼ਾਰਸ਼ ਕੀਤੀ, ਪਰ ਔਰਤ ਦੀ ਯੋਗਤਾ ਅਜੇ ਵੀ ਵਿਆਹੁਤਾ ਸਥਿਤੀ ਅਤੇ ਵਿਦਿਅਕ ਪਿਛੋਕੜ ਤੇ ਨਿਰਭਰ ਕਰਦੀ ਹੈ। ਹਾਲਾਂਕਿ ਇਸ ਐਕਟ ਨੇ ਚੋਣ ਯੋਗਤਾ ਨੂੰ ਵਧਾਇਆ, ਫਿਰ ਵੀ ਭਾਰਤ ਦੀਆਂ ਸਿਰਫ 2.5 ਫੀ. ਔਰਤਾਂ ਨੂੰ ਹੀ ਇਜਾਜ਼ਤ ਮਿਲੀ।



1946 ਵਿੱਚ, ਜਦੋਂ ਭਾਰਤ ਦੀ ਸੰਵਿਧਾਨ ਸਭਾ ਚੁਣੀ ਗਈ ਤਾ 15 ਸੀਟਾਂ ਔਰਤਾਂ ਨੂੰ ਦਿੱਤੀਆਂ ਗਈਆਂ। ਉਨ੍ਹਾਂ ਨੇ ਨਵੇਂ ਸੰਵਿਧਾਨ ਦਾ ਖਰੜਾ ਤਿਆਰ ਕਰਨ ਵਿੱਚ ਮਦਦ ਕੀਤੀ। 1946 ਤੱਕ ਭਾਰਤ ਦੇ ਮੂਲ ਨਿਵਾਸੀਆਂ ਦੀ ਕੁੱਲ ਵੋਟ ਪ੍ਰਤੀਸ਼ਤਤਾ ਬਹੁਤ ਘੱਟ ਸੀ। 1947 ਵਿੱਚ, ਪਾਰਲੀਮੈਂਟ ਸਰਬ ਵਿਆਪੀ ਮੱਤ ਅਧਿਕਾਰ ਬਾਰੇ ਸਿਧਾਂਤਕ ਤੌਰ @ਤੇ ਸਹਿਮਤੀ ਹੋ ਗਈ। 26 ਜਨਵਰੀ, 1950 ਸੰਵਿਧਾਨ ਲਾਗੂ ਦੇ ਹੋਣ ਨਾਲ ਵੋਟ ਜਾ ਚੋਣ ਲੜਨ ਦਾ ਅਧਿਕਾਰ ਭਾਰਤੀ ਨਾਗਰਿਕਾ ਨੂੰ ਬਿਨਾ ਕਿਸੇ ਵਿਤਕਰੇ ਦੇ ਪ੍ਰਪਤ ਹੋਇਆ।1951 ਦੀਆ ਪਹਿਲੀਆਂ ਆਮ ਚੋਣਾਂ ਨਾਲ ਭਾਰਤ ਵਿਸ਼ਵ ਨਕਸ਼ੇ ਉਪਰ ਆਉਣ ਦਾ ਐਲਾਨ ਕੀਤਾ। ਇਹ ਸਿਰਫ਼ ਦੱਖਣੀ ਏਸ਼ੀਆ ਵਿੱਚ ਹੀ ਨਹੀਂ, ਸਗੋਂ ਵਿਸ਼ਵ ਵਿੱਚ ਭਾਰਤ ਦੇ ਜਮਹੂਰੀ ਕਦਰਾਂ- ਕੀਮਤਾਂ ਦਾ ਅਸਲੀ ਝੰਡਾਬਰਦਾਰ ਬਣਨ ਦੀ ਸ਼ੁਰੂਆਤ ਸੀ। ਪਹਿਲੇ ਕੁਝ ਦਹਾਕਿਆਂ ਵਿੱਚ, ਔਰਤਾਂ ਮਰਦਾਂ ਨਾਲੋਂ ਬਹੁਤ ਘੱਟ ਵੋਟ ਪਾਉਂਦੀਆਂ ਸਨ ਅਤੇ ਇਹ ਅੰਤਰ ਲਗਭਗ 14.15% ਹੁੰਦਾ ਸੀ। ਪਰ ਹੌਲੀ-ਹੌਲੀ ਇਹ ਪਾੜਾ ਘੱਟਣਾ ਸ਼ੁਰੂ ਹੋ ਗਿਆ ਅਤੇ 90 ਦੇ ਦਹਾਕੇ ਦੇ ਆਸ-ਪਾਸ ਇਹ ਪਾੜਾ 10% ਦੇ ਆਸ-ਪਾਸ ਰਹਿ ਗਿਆ। 2014 ਵਿੱਚ, ਇਹ ਅੰਤਰ 1.6% ਸੀ। 2019 ਵਿੱਚ, ਪੁਰਸ਼ਾਂ ਅਤੇ ਔਰਤਾਂ ਵਿੱਚ ਸ਼ਾਇਦ ਹੀ ਕੋਈ ਅੰਤਰ ਸੀ।

ਸੰਵਿਧਾਨ ਖਰੜਾ ਕਮੇਟੀ ਦੇ ਚੈਅਰਮੈਨ ਸ੍ਰੀ ਬੀ.ਆਰ ਅੰਬੇਡਕਰ ਦੀ ਦਲੀਲ ਸੀ ਕਿ ਵੋਟਿੰਗ ਨਾਗਰਿਕਤਾ ਲਈ ਜ਼ਰੂਰੀ ਇਹ ਇਤਿਹਾਸਕ ਤੌਰ ਤੇ ਵਾਂਝੇ ਵਰਗਾਂ ਲਈ ਰਾਜਨੀਤਿਕ ਸਿੱਖਿਆ ਦੇ ਸਾਧਨ ਵਜੋਂ ਕੰਮ ਕਰਦੀ ਹੈ, ਭਾਰਤ ਦੀ ਵੋਟ ਪ੍ਰਣਾਲੀ ਅਧਿਕਾਰਾਂ ਦੀ ਕੁੰਜੀ ਤੋ ਘੱਟ ਨਹੀ। 26 ਜਨਵਰੀ, 1950 ਨੂੰ ਸੰਵਿਧਾਨ ਨੇ ਵਿਤਕਰਾ ਖ਼ਤਮ ਕਰ ਦਿਤਾ ਇਕ ਲੰਮੀ ਜੱਦੋ ਜਹਿਦ ਮਗਰੋ ਸੰਵਿਧਾਨ ਦੇ ਪੰਨਿਆ ਵਿੱਚ ਦਰਜ ਹੋ ਗਿਆ। ਵਿਡੰਵਨਾ ਇਹ ਹੈ ਕਿ ਨੋਜਵਾਨ ਅਠਾਰਾ ਸਾਲ ਪੂਰਾ ਹੋਣ ਤੇ ਵੋਟ ਨੂੰ ਪਹਿਲ ਨਹੀ ਦਿੰਦੇ। ਸਗੋ ਬਾਲਗ ਹੁੰਦਿਆ ਡਰਾਇਵਿੰਗ ਲਾਇਸੰਸ ਜਾਂ ਪਾਸਪੋਰਟ ਬਣਵਾਉਣ ਲਈ ਕਾਹਲ ਕਰਦੇ ਹਨ। ਇਹ ਸਾਡਾ ਫ਼ਰਜ਼ ਹੈ ਕਿ ਅਸੀ ਆਪਣਾ ਨਾਮ ਨੂੰ ਵਿਧਾਨ ਸਭਾ ਖੇਤਰ ਦੀ ਵੋਟਰ ਸੂਚੀ ਵਿਚ ਦਰਜ ਕਰਵਾਈਏ। ਹਰ ਨਾਗਰਿਕ ਨੈਤਿਕ ਜਿੰਮੇਵਾਰੀ ਸਮਝਦੇ ਹੋਏ, ਬਤੌਰ ਵੋਟਰ ਜ਼ਰੂਰ ਭਾਗ ਲੈਣਾ ਚਾਹੀਦਾ ਹੈ। ਇਹ ਤਦ ਹੀ ਸੰਭਵ ਹੈ ਜਦੋ ਸਭ ਵੋਟਰ ਸੂਚੀ ਵਿੱਚ ਦਰਜ ਹੋਵਣਗੇ। ਕੇਦਰੀ ਚੋਣ ਕਮਿਸ਼ਨ ਵੱਲੋਂ ਹਰ ਸਾਲ 1 ਜਨਵਰੀ ਦੇ ਮੁਤਾਬਕ ਫੋਟੋ ਵੋਟਰ ਸੂਚੀਆਂ ਦੀ ਸੁਧਾਈ ਕੀਤੀ ਜਾਂਦੀ ਹੈ। ਤਾਂ ਜੋ ਮਿਤੀ ਦੇ ਆਧਾਰ ਮੁਤਾਬਕ 18 ਸਾਲ ਜਾਂ ਵੱਧ ਉਮਰ ਦੇ ਲੋਕ ਵੋਟ ਬਣਵਾ ਸਕਣ। ਜਿਸ ਨਾਲ ਦੇਸ਼ ਦੀ ਨੂੰ ਸਹੀ ਦਿਸਾ ਵਾਲੀ ਕਨੂੰਨ ਵਿਵਸਥਾ ਮਿਲਦੀ ਹੈ। ਸੰਵਿਧਾਨ ਦੀ ਧਾਰਾ 325 ਅਤੇ 326 ਰਾਹੀਂ ਦੇਸ਼ ਦੇ ਹਰ ਵਿਆਕਤੀ ਨੂੰ ਵੋਟ ਦਾ ਅਧਿਕਾਰ ਪ੍ਰਾਪਤ ਹੈ। ਕਿਸੇ ਵੀ ਨਾਗਰਿਕ ਨੂੰ ਧਰਮ, ਜਾਤੀ,ਵਰਗ, ਫਿਰਕੇ ਜਾਂ ਲਿੰਗ ਭੇਦ ਕਾਰਨ ਵੋਟ ਦੇ ਅਧਿਕਾਰ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ। ਬਸਰਤੇ ਉਹ ਵਿਆਕਤੀ ਪਾਗ਼ਲ ਜਾਂ ਅਪਰਾਧੀ ਨਾ ਹੋਵੇ।1935 ਤੋ ਪਹਿਲਾ ਦੇ ਗਵਰਨਮੈਂਟ ਆਫ਼ ਇੰਡੀਆ ਐਕਟ ਅਨੁਸਾਰ ਸਿਰਫ਼ 13 ਫ਼ੀਸਦੀ ਵੋਟਰਾਂ ਨੂੰ ਹੀ ਅਧਿਕਾਰ ਪ੍ਰਾਪਤ ਸੀ ਜੋ ਸਿਰਫ਼ ਸਿੱਖਿਆ ,ਆਰਥਿਕ ਅਤੇ ਸਮਾਜਿਕ ਆਧਾਰ ਅਨੁਸਾਰ ਮਿਲਦਾ ਸੀ। ਆਗਾਮੀ ਲੋਕ ਸਭਾ ਚੋਣਾਂ 2024 ਵਿਚ ਵੋਟਰ ਦੀ ਭਾਈਵਾਲੀ ਨੂੰ ਯਕੀਨੀ ਬਣਾਉਣ ਸਰਕਾਰ ਦਾ ਮੁੱਖ ਉਦੇਸ਼ ਹੈ ਜਿਸ ਲਈ ਭਾਰਤੀ ਚੋਣ ਕਮਿਸ਼ਨ ਵੱਲੋਂ ਪੰਜਾਬ ਵਿਚ ਯੋਗਤਾ ਆਧਾਰ ਤੇ ਫੋਟੋ ਵੋਟਰ ਸੂਚੀਆਂ ਦੀ ਸਪੈਸ਼ਲ ਸਮਰੀ ਰਵੀਜ਼ਨ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਦੌਰਾਨ ਬੀ.ਐਲ.ਓਜ਼ ਵੱਲੋਂ ਨਵੀਂ ਵੋਟ ਬਣਾਉਣ ਲਈ ਫਾਰਮ ਨੰਬਰ 6, ਕਿਸੇ ਵੋਟਰ ਦੀ ਮੌਤ ਹੋਣ ਜਾਂ ਸਿ਼ਫਟ ਹੋਣ ਦੀ ਸੂਰਤ ਵਿਚ ਉਸ ਦੀ ਵੋਟ ਕੱਟਣ ਲਈ ਫਾਰਮ ਨੰਬਰ 7, ਫੋਟੋ ਵੋਟਰ ਸ਼ਨਾਖਤੀ ਕਾਰਡ ਵਿਚ ਦਰੁੱਸਤੀ ਲਈ ਫਾਰਮ ਨੰਬਰ 8 ਅਤੇ ਵਿਧਾਨ ਸਭਾ ਹਲਕੇ ਵਿਚ ਇਕ ਥਾਂ ਤੋਂ ਦੂਜੀ ਥਾਂ ਤੇ ਸਿ਼ਫਟ ਹੋਣ ਲਈ ਫਾਰਮ ਨੰਬਰ 8 (ੳ) ਭਰਨਗੇ। ਇਸ ਪ੍ਰੋਗਰਾਮ ਦੌਰਾਨ ਬੀ.ਐਲ.ਓਜ਼ ਦਾਅਵੇ ਅਤੇ ਇਤਰਾਜ਼ ਵੀ ਪ੍ਰਾਪਤ ਕਰਨਗੇ। ਸਾਨੂੰ ਇਸ ਸੁਧਾਈ ਕਾਰਜ ਵਿੱਚ ਲੋੜੀਦੇਂ ਬਦਲਾਉ ਕਰਵਾਣੇ ਚਾਹੀਦੇ ਹਨ।

ਜੇਕਰ ਰਾਸ਼ਟਰ -ਨਿਰਮਾਣ ਵਿੱਚ ਯੋਗਦਾਨ ਪਾਉਣਾ ਚਾਹੁੰਦੇ ਹੋ ਤਾਂ ਵੋਟ ਜ਼ਰੂਰ ਪਾਉ। ਵਿਰੋਧ ਪ੍ਰਦਰਸ਼ਨਾਂ ਦੇ ਨਾਲੋ-ਨਾਲ ਵੋਟਿੰਗ ਵੀ ਇੱਕ ਬਹੁਤ ਪ੍ਰਭਾਵਸ਼ਾਲੀ ਮਾਧਿਅਮ ਹੈ। ਛੁੱਟੀ ਦਾ ਆਨੰਦ ਮਾਣਨ ਦੀ ਬਜਾਏ ਸਾਨੂੰ ਸੰਵਿਧਾਨ ਦੁਆਰਾ ਦਿੱਤੇ ਗਏ ਵੋਟ ਦੇ ਅਧਿਕਾਰ ਦਾ ਸਨਮਾਨ ਕਰਨਾ ਚਾਹੀਦਾ ਹੈ। ਕੁਝ ਨੌਜਵਾਨ 18 ਸਾਲ ਦੇ ਹੁੰਦੇ ਹੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਬਹੁਤ ਉਤਸ਼ਾਹਿਤ ਹੰਦੇ ਹਨ। ਵੋਟ ਪਾਉਣ ਤੋਂ ਬਾਅਦ ਇੱਕ ਜ਼ਿੰਮੇਵਾਰ ਨਾਗਰਿਕ ਹੋਣ ਤੇ ਮਾਣ ਦੀ ਭਾਵਨਾ ਪੈਦਾ ਹੁੰਦੀ ਹੈ। ਜਿਵੇਂ ਕਿ ਸੋਸ਼ਲ ਮੀਡੀਆ @ਤੇ ਸਿਆਹੀ ਵਾਲੀ ਉਂਗਲੀ ਨੂੰ ਸਾਂਝਾ ਕਰਨ ਤੋਂ ਦੇਖਿਆ ਜਾ ਸਕਦਾ ਹੈ। ਭਾਂਵੇ ਸੋਸਲ ਮੀਡੀਆ ਵੋਟਰਾ ਵਿੱਚ ਉਤਸਾਹ ਭਰਨ ਲਈ ਚੰਗਾ ਸਾਧਨ ਹੈ। ਪਰ ਅਜੋਕੀ ਪੀੜੀ ਨੂੰ ਆਪਣੇ ਭਵਿੱਖ ਦੀ ਸੁਰੱਖਿਆ ਲਈ ਇਤਿਹਾਸਿਕ ਅਧਿਕਾਰ ਦੀ ਵਰਤੋ ਕਰਨੀ ਲਾਜਮੀ ਹੈ। ਅਮਰੀਕਾ ਦੀ ਮਨੁੱਖੀ ਅਧਿਕਾਰਾ ਦੀ ਪੈਰਵੀ ਕਰਨ ਵਾਲੀ ਪ੍ਰੋਫੈਸਰ ਲਾਂਗਅਨ ਨੇ ਕਿਹਾ ਕਿ ਜਿਸ ਦਾ ਅਸਰ ਆਉਣ ਵਾਲੀਆ ਪੀੜੀਆ ਦਾ ਭਵਿੱਖ ਤੈਅ ਕਰਦਾ ਹੈ

**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ**
**Adv.dhaliwal@gmail.com**

# ਭਾਬੀ ਮੇਰੀ ਗੁੱਤ ਕਰਦੇ, ਮੇਰੇ ਨੱਚਦੀ ਦੇ ਖੁੱਲ ਗਏ ਵਾਲ

ਤਿੰਨ ਕੁ ਦਹਾਕੇ ਪਹਿਲਾਂ ਇੱਕ ਗੀਤ ਬਹੁਤ ਹੀ ਮਸ਼ਹੂਰ ਹੋਇਆ ਸੀ।ਜਿਸ ਦੇ ਬੋਲ ਸਨ ਭਾਬੀ ਮੇਰੀ ਗੁੱਤ ਕਰਦੇ ,ਮੇਰੇ ਨੱਚਦੀ ਦੇ ਖੁਲ ਗਏ ਵਾਲ।ਭਾਵ ਕਿ ਭਾਵੇਂ ਕੁੱਝ ਵੀ ਹੋਵੇ ਪਰ ਵਾਲ ਖੁਲੇ ਹੋਏ ਜਾਂ ਖਿੱਲਰੇ ਚੰਗੇ ਨਹੀਂ ਲੱਗਦੇ ਸੀ।ਸਾਡੀਆਂ ਬਜ਼ੁਰਗ ਮਾਤਾਵਾਂ ਹਮੇਸ਼ਾ ਹੀ ਆਪਣਾ ਸਿਰ ਚੁੰਨੀ ਨਾਲ ਢੱਕ ਕੇ ਰੱਖਦੀਆਂ ਸਨ।ਉਹ ਹਮੇਸ਼ਾਂ ਹੀ ਆਪਣੀਆਂ ਨੂੰਹਾਂ ਧੀਆਂ ਨੂੰ ਨੰਗੇ ਸਿਰ ਵੇਖਦੇ ਹੀ ਟੋਕ ਦਿੰਦੀਆਂ ਸਨ।ਖ਼ੈਰ ਪਹਿਲੀ ਗੱਲ ਤਾਂ ਇਹ ਸੀ ਕਿ ਉਹ ਆਪਣੇ ਸਹੁਰੇ ਤੇ ਜੇਠਾਂ ਤੋਂ ਘੁੰਡ ਕੱਢਦੀਆਂ ਹੁੰਦੀਆਂ ਸਨ।ਘੁੰਡ ਇੱਕ ਪਰਦਾ ਹੁੰਦਾ ਸੀ।ਬੇਸ਼ਕ ਉਸ ਸਮੇ ਪਰਿਵਾਰ ਸੰਯੁਕਤ ਹੁੰਦੇ ਸਨ।ਫਿਰ ਵੀ ਉਹਨਾਂ ਵਿੱਚ ਬਹੁਤ ਅਨੁਸਾਸ਼ਨ ਹੁੰਦਾ ਸੀ।ਕਿਸੇ ਦੀ ਹਿੰਮਤ ਨਹੀਂ ਹੁੰਦੀ ਕਿ ਉਹ ਬਜ਼ੁਰਗਾਂ ਦੀ ਗੱਲ ਵਿੱਚ ਗੱਲ ਕਰ ਸੱਕਣ।ਬਰਾਬਰ ਬੈਠਣਾ ਤਾਂ ਬਹੁਤ ਦੂਰ ਦੀ ਗੱਲ ਸੀ।ਪਿੱਛਲੇ ਥੋੜ੍ਹੇ ਹੀ ਸਮੇ ਤੋਂ ਰਿਵਾਜ਼ ਇੰਨੇ ਕੁ ਬਦਲੇ ਹਨ।ਕਿ ਕਹਿਣ ਦੀ ਕੋਈ ਹੱਦ ਹੀ ਨਹੀਂ ਰਹੀ।ਪੱਛਮੀ ਸੱਭਿਆਚਾਰ ਨੇ ਸਾਡੇ ਪੰਜਾਬ ਦੇ ਸਾਰੇ ਰਿਵਾਇਤੀ ਰਿਵਾਜ਼ ਖਤਮ ਕਰ ਦਿਤੇ ਹਨ।ਇੱਕ ਤੋਂ ਵੱਧ ਕੇ ਕੇ ਇੱਕ ਫੈਸ਼ਨ ਚੱਲ ਪਏ ਹਨ।ਹਰ ਰੋਜ਼ ਕੁੱਝ ਨਵਾਂ ਹੀ ਵੇਖਣ ਨੂੰ ਮਿੱਲਦਾ ਹੈ।ਪਰ ਮੈ ਜੋ ਅੱਜ ਦਾ ਵਿਸ਼ਾ ਲਿਆ ਹੈ ਉਹ ਹੈ ਵਾਲਾਂ ਦਾ।ਵਾਲ ਇੱਕ ਸਰੀਰ ਦਾ ਅਨਿੱਖੜਵਾਂ ਹਿੱਸਾ ਹੈ।ਦੂਸਰਾ ਇਹ ਇੱਕ ਕੁਦਰਤੀ ਦੇਣ ਹੈ।ਵਾਲ ਲੰਬੇ ਹੋਣੇ ਇੱਕ ਔਰਤ ਵਾਸਤੇ ਮਾਣ ਦੀ ਗੱਲ ਹੁੰਦੀ ਸੀ। ਜਿਹੜੀਆਂ ਕੁੜੀਆਂ ਦੇ ਲੰਮੇ ਵਾਲ ਹੁੰਦੇ ਸਨ।ਉਹਨਾਂ ਦਾ ਟੋਹਰ ਕੁੱਝ ਵੱਖਰਾ ਹੀ ਹੁੰਦਾ ਸੀ।ਵਿਆਹ ਵਾਲੀ ਕੁੜੀ ਦੀਆਂ ਸਹੇਲੀਆਂ ਨੇ ਮੀਢੀਆਂ ਗੁੰਦਣੀਆਂ।ਸੁਹਾਗ ਦੇ ਗੀਤ ਗਾਉਣੇ ਨੱਚਣਾ ਟੱਪਣਾ ਤੇ ਮਖੌਲ ਕਰਨੇ।ਲਾਲ ਸੂਹੀਆਂ ਪਰਾਂਦੀਆਂ ਨਾਲ ਗੁੱਤਾਂ ਗੁੰਦਣੀਆਂ।ਸਹੁਰੇ ਪਰਿਵਾਰ ਨੇ ਵੀ ਸ਼ਗਨ ਵਿੱਚ ਲਾਲ ਪਰਾਂਦੀਆਂ ਭੇਜਣੀਆਂ।ਅਜੋਕੇ ਸਮੇਂ ਵਿੱਚ ਪਤਾ ਨਹੀਂ ਕੀ ਹਨ੍ਹੇਰੀ ਆ ਗਈ ਹੈ।ਪੁਰਾਤਨ ਸਾਰੇ ਰਿਵਾਜ਼ ਕੁੜੀਆਂ ਭੁੱਲ ਕੇ ਨਵੇਂ ਨਵੇਂ ਰਿਵਾਜਾਂ ਨੂੰ ਅਪਨਾਉਣ ਲਗ ਪਈਆਂ ਹਨ।ਜੇ ਕਰ ਗੱਲ ਕਰੀਏ ਅੱਜਕਲ ਦੇ ਹਾਲਾਤਾਂ ਦੀ ਤਾਂ ਕਲਮ ਲਿੱਖਣ ਤੋਂ ਇਨਕਾਰ ਹੀ ਕਰ ਦੇਵੇਗੀ।ਕਿ ਛੱਡੋ ਪਰਾ ਲਿੱਖਣ ਨੂੰ ,ਕਿਉਂ ਮੱਥਾ ਮਾਰੀ ਕਰਨ ਲੱਗੇ ਹੋ।ਕਿਉਂਕਿ ਸੱਚ ਬੋਲਣਾ ਬਹੁਤ ਔਖਾ ਹੈ।ਫਿਰ ਲਿਖਣਾ ਤਾਂ ਉਸ ਤੋਂ ਵੀ ਔਖਾ ਹੈ।ਚਲੋ ਆਪਾਂ ਵੀ ਦੋ ਅੱਖਰ ਲਿਖਣ ਦੀ ਕੋਸ਼ਿਸ ਕਰਦੇ ਹਾਂ।ਉਹ ਗੱਲ ਇਹ ਹੈ ਕਿ ਅੱਜਕਲ ਖੁੱਲਿਆ ਵਾਲਾਂ ਦੀ।ਭਾਵੇਂ ਵਿਆਹ ਹੋਵੇ ਭਾਵੇਂ ਕੋਈ ਸਮਾਗਮ ਹੋਵੇ।ਘਰ ਵਿੱਚ ਸਭ ਤੋਂ ਪਹਿਲਾਂ ਕੁੜੀਆਂ ਬੁੜ੍ਹੀਆਂ ਨੂੰ ਵਾਲਾਂ ਦਾ ਫਿਕਰ ਪੈ ਜਾਂਦਾ ਹੈ।ਵਾਲ ਸਟੇਟ ਕਰਵਾਉਣੇ ਨੇ ਕੁੰਡਲ ਪਵਾਉਣੇ ਨੇ ਜਾਂ ਫਿਰ ਬਵਾਏ ਕੱਟ ਕਰਵਾਉਣੇ ਨੇ।ਕਈ ਕਈ ਦਿਨ ਕੁੜੀਆਂ ਕੰਮ ਧੰਦਾ ਛੱਡ ਕੇ ਸ਼ਹਿਰਾਂ ਵਿੱਚ ਬਿਊਟੀ ਪਾਰਲਰ ਕੋਲ ਹਾਜ਼ਰੀਆਂ ਭਰਦੀਆਂ ਹਨ।ਇੱਕ ਤਾਂ ਉਹ ਮੂਹੋਂ ਮੰਗੇ ਪੈਸੇ ਲੈਂਦੀਆਂ ਹਨ।ਦੂਸਰਾ ਉਹਨਾਂ ਦਾ ਸਮਾਂ ਬਰਬਾਦ ਕਰਦੀਆਂ ਹਨ।ਫਿਰ ਕੁੜੀਆਂ ਦੀਆਂ ਟੋਲੀਆਂ ਦੀਆਂ ਟੋਲੀਆਂ ਝਾਟੇ ਖਿਲਾਰ ਕੇ ਘੁੰਮਦੀਆਂ ਹਨ।ਚੁੰਨੀਆਂ ਤਾਂ ਇੱਕ ਨਾਂਅ ਦੀਆਂ ਰਹਿ ਗਈਆਂ ਹਨ।ਸਿਰ ਤੇ ਤਾਂ ਉਹਨਾਂ ਨੂੰ ਕੋਈ ਲੈਂਦਾ ਹੀ ਨਹੀਂ।ਬੇਸ਼ੱਕ ਉਹਨਾਂ ਦੇ ਰੰਗ ਕਰਵਾਉਣ ਦਾ ਦੁੱਗਣਾ ਤਿਗਣਾ ਖਰਚ ਜ਼ਰੂਰ ਹੋ ਜਾਂਦਾ ਹੈ। ਹੁਣ ਕਰੀਏ ਤੇ ਕੀ ਕਰੀਏ।ਸਾਡੇ ਅਮੀਰ ਵਿਰਸੇ ਨੂੰ ਕਿਉ ਢਾਹ ਲਾਈ ਜਾ ਰਹੀ ਹੈ।ਉਸ ਦਾ ਜੁੰਮੇਵਾਰ ਕੌਣ ਹੈ ਅਸੀਂ ਜਾਂ ਕੋਈ ਹੋਰ।ਆਉ ਆਪਾਂ ਰਲ ਮਿਲ ਕੇ ਆਪਣੇ ਸੱਭਿਆਚਾਰ ਨੂੰ ਬਚਾਈਏ।ਸਿਰ ਤੇ ਦੁਬਾਰਾ ਚੁੰਨੀਆਂ ਲੈਣ ਦੀ ਆਦਤ ਪਾਈਏ।



**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ**
7589155501

# ਸ਼ਰਮਸ਼ਾਰ ਸਮਾਜ ਵਿੱਚ ਖ਼ਤਮ

ਸਮਾਜ ਦਾ ਹੀ ਇੱਕ ਹਿੱਸਾ ਇੱਜਤ ਹੈ ਜਿੱਥੇ ਧੀਆਂ ਭੈਣਾਂ ਦਾ ਸਤਿਕਾਰ ਕੀਤਾ ਜਾਂਦਾ ਹੈ। ਅਸੀ ਜਾਣਦੇ ਹਾਂ ਇੱਕ ਧੀ ਦੀ ਇੱਜਤ ਸਮਾਜ ਵਿੱਚ ਕੀ ਹੈ ਤੇ ਧੀ ਦੀ ਇੱਜਤ ਦਾ ਖਿਆਲ ਹਰ ਵਰਗ ਦੇ ਸਮਾਜ ਨੂੰ ਹੋਣਾ ਹੀ ਚਾਹੀਦਾ ਹੈ। ਇੱਕ ਆਮ ਜਿੰਦਗੀ ਵਿੱਚ ਪੜ੍ਹ ਰਹੀ ਧੀ ਆਉਣ ਵਾਲੇ ਸਮੇਂ ਵਿੱਚ ਇੱਕ ਮਿਸਾਲ ਬਣ ਕੇ ਉੱਠੇਗੀ। ਸਮਾਜ ਦੇ ਵਿਕਾਸ ਦਾ ਠੋਸ ਕਦਮ ਇੱਕ ਧੀ ਦੀ ਇੱਜਤ ਤੋਂ ਸ਼ੁਰੂ ਹੁੰਦਾ ਹੈ। ਸਮਾਜ ਵਿੱਚ ਅਜਿਹੀਆਂ ਥਾਵਾਂ ਹਨ ਜਿੱਥੇ ਧੀ ਬਚਾਓ ਦਾ ਕਾਰਜ ਆਰੰਭ ਕੀਤਾ ਜਾਂਦਾ ਹੈ। ਅੱਜ ਮੈ ਉਸ ਮੁੱਦੇ ਉੱਤੇ ਗੱਲ ਕਰਨ ਜਾ ਰਿਹਾ ਹਾਂ ਜਿੱਥੇ ਧੀ ਬਚਾਓ ਤਾਂ ਹਰ ਕੋਈ ਬੋਲ ਰੱਖਦਾ ਹੈ ਲੇਕਿਨ ਕੁਝ ਲੋਕ ਅਜਿਹੇ ਹਨ ਜੋ ਅੱਧੀ ਰਾਤ ਨੂੰ ਸੜਕ ਕਿਨਾਰੇ ਖੜ੍ਹੀ ਕਿੰਨਰਾਂ ਦੇ ਹੁਸਨ ਵੇਖ ਪਿੱਛੇ ਪਿੱਛੇ ਚੱਲ ਪੈਂਦੇ ਹਨ ਤੇ ਉਹ ਸ਼ਰਮਨਾਕ ਹਰਕਤ ਕਰਦੇ ਹਨ ਜੋ ਕਿ ਸਮਾਜ ਵਿੱਚ ਕਿਸੇ ਗੰਦ ਮੰਦ ਤੋਂ ਘੱਟ ਨਹੀਂ।

ਸਮਾਜ ਵਿੱਚ ਇਹ ਕੀ ਹੋ ਰਿਹਾ ਹੈ ਜਿੱਥੇ ਧੀ ਬਚਾਓ ਦਾ ਕਾਰਜ ਹੋ ਰਿਹਾ ਹੈ ਉੱਥੇ ਧੀ ਲੁੱਟ ਆਓ ਦਾ ਧੰਦਾ ਚੱਲ ਰਿਹਾ ਹੈ। ਸਮਾਜ ਵਿੱਚ ਅਜਿਹੇ ਕੌਣ ਲੋਕ ਹਨ ਜੋ ਕਿੰਨਰ ਬਣ ਕੇ ਕਿੰਨਰਾਂ ਦੇ ਨਾਮ ਨੂੰ ਵੀ ਕਲੰਕ ਸਾਬਿਤ ਕਰ ਰਹੇ ਹਨ। ਇਹਨਾਂ ਦਾ ਸਹੀ ਕਿੰਨਰਾਂ ਨੂੰ ਪਤਾ ਲੱਗਣਾ ਚਾਹੀਦਾ ਹੈ। ਕਿੰਨਰ ਦੀ ਮੂਰਤ ਸੱਚ ਬਚਨ ਸਮਾਨ ਮੰਨੀ ਜਾਂਦੀ ਹੈ ਪਰ ਇੱਥੇ ਕੁਝ ਅਜਿਹੇ ਕਿੰਨਰਾਂ ਦਾ ਰਾਜ ਹੈ ਜੋ ਸੱਚ ਨੂੰ ਝੂਠ ਬਣਾ ਕੇ ਧੰਦਾ ਕਰ ਰਹੇ ਹਨ ਤੇ ਕੁਝ ਧੀਆਂ ਦੀ ਮਰਿਆਦਾ ਨੂੰ ਖ਼ਤਮ ਕਰ ਰਹੇ ਹਨ। ਰਾਤ ਦੇ ਸਮੇਂ ਕੁਝ ਧੀਆਂ ਕੰਮ ਤੋਂ ਦੇਰ ਰਾਤ ਘਰ ਨੂੰ ਜਾਂਦੀਆਂ ਹਨ ਤੇ ਮਗਰੋਂ ਹੀ ਕੁਝ ਨੌਜਵਾਨ ਉਹਨਾਂ ਨੂੰ ਹਵਸ ਦਾ ਸ਼ਿਕਾਰ ਬਣਾ ਲੈਂਦੇ ਹਨ। ਇਹ ਸਭ ਕਿਉਂ ਹੋ ਰਿਹਾ ਹੈ। ਇਸਦਾ ਕਾਰਨ ਉਹ ਲੋਕ ਹਨ ਜੋ ਸੜਕ ਕਿਨਾਰੇ ਖੜ੍ਹ ਕਿੰਨਰ ਦਾ ਰੂਪ ਧਾਰਨ ਕਰ ਦਿਖਾਈ ਦਿੰਦੇ ਹਨ ਤੇ ਦੂਜਾ ਕਾਰਨ ਉਹ ਲੋਕ ਹਨ ਜੋ ਸਮਾਜ ਵਿੱਚ ਧੀ ਬਚਾਓ ਤਾਂ ਆਖ ਦਿੰਦੇ ਹਨ ਲੇਕਿਨ ਇਹ ਧੀ ਬਚਾਓ ਵਾਲੇ ਨਹੀਂ। ਧੀ ਦਾ ਸਾਮਾਨ ਇਹਨਾਂ ਲੋਕਾਂ ਨੇ ਖੋਇਆ ਹੋਇਆ ਹੈ। ਇਹ ਸਮਾਜ ਚੁੱਪ ਕਿਉਂ ਹੈ ਜਿਸਨੂੰ ਇਹ ਸਭ ਦਿੱਖ ਰਿਹਾ ਹੈ ਪਰ ਉਹ ਚੁੱਪ ਹੈ। ਰੋਜ਼ ਰਾਤ ਦੇ ਪਹਿਰ ਨੂੰ ਕੁਝ ਕਿੰਨਰ ਸੜਕ ਕਿਨਾਰੇ ਖੜ੍ਹ ਜਾਂਦੇ ਹਨ ਤੇ ਆਪਣੀ ਜਿਸਮ ਦੀ ਨੁਮਾਇਸ਼ ਦਿਖਾਉਂਦੇ ਹਨ ਜਿਸ ਨਾਲ ਉਹ ਪਾਖੰਡੀ ਲੋਕ ਖਿੱਚੇ ਚਲੇ ਆਉਂਦੇ ਹਨ ਜੋ ਸਮਾਜ ਵਿੱਚ ਭਲਾਈ ਕਰਨ ਦਾ ਦਿਖਾਵਾ ਕਰਦੇ ਹਨ। ਸੜਕ ਕਿਨਾਰੇ ਹਰ ਤਰ੍ਹਾਂ ਦੇ ਲੋਕ ਕਿੰਨਰਾਂ ਕੋਲ਼ ਜਾ ਖੜ੍ਹਦੇ ਹਨ। ਫ਼ਰੇਬੀ ਕਿੰਨਰਾਂ ਦਾ ਝੁੰਡ ਇੱਕ ਤੋਂ ਚਾਰ ਵਿੱਚ ਸ਼ਾਮਿਲ ਹੈ ਜੋ ਹਰ ਰਾਤ ਨੂੰ ਆ ਖੜ੍ਹਦਾ ਹੈ। ਇੱਕ ਵਾਰ ਪੁਲਿਸ ਨੇ ਵੀ ਉਹਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾ ਮੰਨੇ ਤੇ ਉਹਨਾਂ ਨੇ ਕਿਸੇ ਅਧਿਕਾਰੀ ਨਾਲ ਗੱਲ ਕਰਵਾ ਦਿੱਤੀ ਜਿਸ ਨਾਲ ਉਹ ਪੁਲਿਸ ਵਾਲਾ ਉੱਥੋਂ ਦੀ ਚਲਾ ਗਿਆ। ਸਰਕਾਰ ਵਿਰੁੱਧ ਤਾਂ ਹਰ ਕੋਈ ਮਤਲਬ ਲਈ ਹੁੰਦਾ ਹੈ ਪਰ ਕਦੇ ਇਹ ਸੋਚਿਆ ਤੁਸੀ ਆਪ ਮਿਲ ਕੇ ਕਿਉਂ ਨਹੀਂ ਆਪਣੀ ਸਰਕਾਰ ਬਣਾ ਲੈਂਦੇ ਜਿਸ ਨਾਲ ਸਮਾਜ ਵਿੱਚ ਗੰਦ ਸਾਫ਼ ਹੋ ਸਕੇ ਤੇ ਭ੍ਰਿਸ਼ਟਾਚਾਰ ਲੋਕ ,ਉੱਚ ਅਧਿਕਾਰੀ ਸਭ ਆਪਣੀ ਥਾਂ ਤੋਂ ਲੱਥ ਜਾਣ।ਅਜੀਬ ਲੋਕ ਹਨ ਜੋ ਨਸ਼ੇ ਵਿੱਚ ਟੁੰਨ ਹਨ ਤੇ ਹੈਵਾਨੀਅਤ ਦਾ ਰੂਪ ਉਹਨਾਂ ਵਿੱਚ ਘੁੱਟ ਘੁੱਟ ਕੇ ਭਰਿਆ ਹੋਇਆ ਹੈ। ਸਮਾਜ ਵਿੱਚ ਹਰ ਥਾਂ ਆਵਾਜ਼ ਚੁੱਕੀ ਜਾਂਦੀ ਹੈ ਸਿਰਫ਼ ਆਪਣੇ ਮਤਲਬ ਲਈ ਕਿ ਸਾਡਾ ਇਹ ਸਹੀ ਕਰ ਦਿਓ,ਸਾਡਾ ਉਹ ਸਹੀ ਕਰ ਦਿਓ। ਆਪਣਾ ਸਹੀ ਆਪ ਕਿਉਂ ਨਹੀਂ ਕਰਦੇ...ਇਸ ਸਿਸਟਮ ਨੂੰ ਕਿਉਂ ਮੰਨਿਆ ਹੈ ਜੋ ਖੁਦ ਲਈ ਬਣਾਇਆ ਹੈ। ਧੀ ਬਚਾਓ ਦਾ ਕਾਰਜ ਜਦੋਂ ਸ਼ੁਰੂ ਕੀਤਾ ਜਾਂਦਾ ਹੈ ਤਾਂ ਇਹ ਸੋਚ ਕੇ ਕੀਤਾ ਜਾਂਦਾ ਹੈ ਕਿ ਇੱਕ ਧੀ ਦੀ ਇੱਜਤ ਨੂੰ ਕੁਝ ਨਾ ਹੋਵੇ। ਇੱਥੇ ਸਮਾਜ ਕੁਝ ਹੱਦ ਤੱਕ ਬਹੁਤ ਵਧੀਆ ਢੰਗ ਨਾਲ ਰਹਿੰਦਾ ਹੈ ਤੇ ਕੁਝ ਅਜਿਹੇ ਲੋਕ ਹਨ ਜਿਹਨਾਂ ਨੂੰ ਇੱਜਤ ਹੁੰਦੀ ਕੀ ਬਾਰੇ ਪਤਾ ਤੱਕ ਨਹੀਂ।

ਸਮਾਜ ਵਿੱਚ ਕਿੰਨਰਾਂ ਦੇ ਝੂਠੇ ਰੂਪ ਜਿਹਨਾਂ ਨੇ ਵੀ ਧਾਰਨ ਕੀਤੇ ਹੋਏ ਹਨ ਉਹਨਾਂ ਨੂੰ ਸਮਾਜ ਵਿੱਚੋਂ ਬਰਖ਼ਾਸਤ ਕਰ ਦੇਣਾ ਚਾਹੀਦਾ ਹੈ ਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਸਮਾਜ ਨੂੰ ਸਾਫ਼ ਸੁੱਥਰਾ ਉਸ ਸਮੇਂ ਤੱਕ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਸਮਾਜ ਆਪ ਫ਼ੈਸਲਾ ਹੱਥ ਵਿੱਚ ਨਹੀਂ ਲੈਂਦਾ। ਸਮਾਜ ਨੂੰ ਸਰਕਾਰ ਅੱਗੇ ਅਪੀਲ ਕਰਨ ਦੀ ਕੋਈ ਲੋੜ ਨਹੀਂ ਹੈ। ਸਮਾਜ ਆਪਣੇ ਆਪ ਨੂੰ ਸਹੀ ਕਰਨ ਦਾ ਹੁਕਮ ਸੁਣਾ ਸਕਦਾ ਹੈ। ਜੋ ਧੀਆਂ ਅੱਜ ਵੀ ਸਮਾਜ ਵਿੱਚ ਸਿਰ ਝੁਕਾ ਲੰਘਦੀਆਂ ਹਨ ਉਹਨਾਂ ਨੂੰ ਸਿਰ ਝੁਕਾ ਤੁਰਨ ਦੀ ਲੋੜ ਨਹੀਂ ਹੋਵੇਗੀ। ਹੈਵਾਨੀਅਤ ਦਾ ਨਾਚ ਤੇ ਇੱਜਤ ਉੱਤੇ ਹੱਥ ਪਾਉਣ ਵਾਲੇ ਦਾ ਨਾਸ਼ ਹੋਣਾ ਚਾਹੀਦਾ ਹੈ। ਜਿਸ ਨਾਲ ਸਮਾਜ ਇੱਜਤਦਾਰ ਦਿੱਖ ਸਕੇ।

**ਗੌਰਵ ਧੀਮਾਨ**
**ਚੰਡੀਗੜ੍ਹ ਜੀਰਕਪੁਰ**
ਮੋ: ਨੰ: 7626818016



# ਪੰਜਾਬ ਦੀਆਂ ਪੇਂਡੂ ਖੇਡਾਂ ਦਾ ਮੱਕਾ-ਮਦੀਨਾ ਬਣ ਗਈਆਂ ਹਨ

# ਜਰਖੜ ਖੇਡਾਂ

ਪੰਜਾਬ ਜਾਂ ਭਾਰਤ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਪੱਧਰ ਤੇ ਨਾਮਣਾ ਖੱਟ ਚੁੱਕੀਆਂ ਜਰਖੜ ਖੇਡਾਂ ਆਪਣੇ 38 ਵਰ੍ਹੇ ਪੂਰੇ ਕਰ ਚੁੱਕੀਆਂ ਹਨ। ਇਸ ਵਰੇ 36ਵੀਆਂ ਏਵਨ ਸਾਈਕਲ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਇਸ ਵਰ੍ਹੇ 10-11 ਫਰਵਰੀ 2024 ਨੂੰ 6 ਕਰੋਡ ? ਦੀ ਲਾਗਤ ਨਾਲ ਮਾਤਾ ਸਾਹਿਬ ਕੌਰ ਸਪੋਰਟਸ ਕੰਪਲੈਕਸ ਜਰਖੜ ਵਿੱਚ ਹੋ ਰਹੀਆਂ ਹਨ। ਖੇਡ ਲਿਖਾਰੀ ਜਗਰੂਪ ਸਿੰਘ ਜਰਖੜ ਨੇ ਜਾਣਕਾਰੀ ਦਿੰਦਿਆਂ ਹੋਇਆਂ ਆਪਣੇ ਲੇਖ ਰਾਹੀਂ ਦੱਸਿਆ ਕਿ, ÷ਖੇਡਾਂ ਪ੍ਰਤੀ ਸੁਹਿਰਦ ਲੋਕਾਂ, ਸਪਾਂਸਰ ਅਤੇ ਪ੍ਰਵਾਸੀ ਖੇਡ ਪ੍ਰਮੋਟਰਾਂ ਨੂੰ ਇਹ ਲੇਖ ਲਿਖਣ ਤੋਂ ਪਹਿਲਾ ਇੱਕ ਬੇਨਤੀ ਕਰਾਂਗਾ ਕਿ ਜੇਕਰ ਉਹ ਵਾਕਿਆ ਹੀ ਪੰਜਾਬ ਦੀਆਂ ਖੇਡਾਂ ਪ੍ਰਤੀ ਚਿੰਤਤ ਹਨ ,ਤਾਂ ਜਰਖੜ ਖੇਡ ਸਟੇਡੀਅਮ ਦਾ ਇੱਕ ਵਾਰ ਗੇੜਾ ਜ਼ਰੂਰ ਮਾਰ ਕੇ ਆਉਣ। ਪਿੰਡ ਜਰਖੜ ਲੁਧਿਆਣਾ ਤੋਂ 12 ਕਿਲੋਮੀਟਰ ਦੂਰ ਮਲੇਰਕੋਟਲਾ ਰੋਡ ਨੇੜੇ ਆਲਮਗੀਰ ਸਾਹਿਬ ਨੇੜੇ ਗੁਰੂ ਗੋਬਿੰਦ ਸਿੰਘ ਮਾਰਗ ਤੇ ਸਥਿਤ ਹੈ। 2000 ਕੁ ਹਜ਼ਾਰ ਦੀ ਅਬਾਦੀ ਵਾਲੇ ਇਸ ਪਿੰਡ ਨੇ ਖੇਡਾਂ ਦੇ ਖੇਤਰ ਵਿੱਚ ਆਪਣੀ ਪਹਿਚਾਣ ਪੂਰੀ ਦੁਨੀਆ ਵਿੱਚ ਬਣਾ ਲਈ ਹੈ। ਖੇਡਾਂ ਤੋਂ ਇਲਾਵਾ ਵਿਰਾਸਤ ਨਾਲ ਸੰਬੰਧਿਤ ਇੱਕ ਅਜੂਬਾ ÷ਜੰਨਤ ਏ ਜਰਖੜ ÷ ਦਾ ਨਜ਼ਾਰਾ ਵੀ ਵੇਖਣ ਵਾਲਾ ਹੈ।

ਗੱਲ ਕਰੀਏ ਜਰਖੜ ਖੇਡਾਂ ਦੀ ਕਿ 1986 ’ਚ 1200 ਰੁਪਏ ਦੇ ਬਜਟ ਨਾਲ ਅਤੇ ਨਿੱਕੇ ਜਿਹੇ ਗਰਾਊਂਡ ‘ਚ ਹੋਈ ਖੇਡਾਂ ਦੀ ਸ਼ੁਰੂਆਤ ਨੇ ਅੱਜ ਪੰਜਾਬ ਦਾ ਹੀ ਨਹੀਂ ਸਗੋਂ ਮੁਲਕ ਦਾ ਇੱਕ ਅਜਿਹਾ ਨਿਵੇਕਲਾ ਸਟੇਡੀਅਮ ਜੋ ਮਾਤਾ ਸਾਹਿਬ ਕੌਰ ਦੇ ਨਾਮ ਤੇ ਹੈ, ਆਪਣੀ ਨਵੀਂ ਬਣਤਰ ਨਾਲ ਪੰਜਾਬ ਦੇ ਪੇਂਡੂ ਖੇਡ ਮੇਲਿਆ ਦਾ ਇੱਕ ਅਜੂਬਾ ਬਣ ਗਿਆ ਹੈ।÷

ਜਗਰੂਪ ਸਿੰਘ ਜਰਖੜ ਹੋਰਾਂ ਇਹ ਵੀ ਦੱਸਿਆ ਕਿ ਜਰਖੜ ਖੇਡਾਂ ਦੀ ਸਭ ਤੋਂ ਵੱਡੀ ਖਾਸੀਅਤ ਹੈ ਕਿ ਇਨ੍ਹਾਂ ਖੇਡਾਂ ‘ਚ ਉਲੰਪਿਕ ਪੱਧਰ ਅਤੇ ਸਕੂਲੀ ਖੇਡਾਂ ਨੂੰ ਹੀ ਉਤਸ਼ਾਹਿਤ ਕੀਤਾ ਜਾਂਦਾ ਹੈ। ਸਟੇਡੀਅਮ ਵਿਚ ਇੱਕੋਂ ਸਮੇਂ ਬੈਠਿਆਂ ਦਾ 8 ਖੇਡਾਂ ਆਨੰਦ ਮਾਣਿਆ ਜਾ ਸਕਦਾ ਹੈ। ਇਨ੍ਹਾਂ ਖੇਡਾਂ ਵਿੱਚ ਆਮ ਤੌਰ @ਤੇ ਹਾਕੀ, ਹੈਂਡਬਾਲ, ਬਾਸਕਟਬਾਲ, ਵਾਲੀਬਾਲ, ਕਬੱਡੀ ਵਾਲੀਬਾਲ ਸ਼ੂਟਿੰਗ, ਕੁਸ਼ਤੀਆਂ, ਸਾਈਕਲਿੰਗ, ਅਥਲੈਟਿਕਸ ਆਦਿ ਖੇਡਾਂ ਦੇ ਮੁਕਾਬਲੇ ਹੁੰਦੇ ਹਨ। ਇਸੇ ਕਰਕੇ ਇਨ੍ਹਾਂ ਖੇਡਾਂ ਨੂੰ ਪੰਜਾਬ ਦੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਖੇਡਾਂ ਵੱਜੋਂ ਪਹਿਚਾਣ ਮਿਲੀ ਹੈ। ਸਾਲ 2003 ਮਾਰਚ ਤੋਂ ਜਰਖੜ ਸਟੇਡੀਅਮ ਬਣਨਾ ਸ਼ੁਰੂ ਹੋਇਆ, ਅੱਜ ਇਸ ਵਿੱਚ ਐਸਟਰੋਟਰਫ ਹਾਕੀ ਮੈਦਾਨ, ਗਰਾਸ ਹਾਕੀ, ਦੋ ਵਾਲੀਬਾਲ ਕੋਰਟ, ਹੈਂਡਬਾਲ ਅਤੇ ਬਾਸਕਟਬਾਲ ਕੋਰਟ, ਕਬੱਡੀ ਅਤੇ ਕੁਸ਼ਤੀਆਂ ਦੇ ਵਧੀਆ ਮੈਦਾਨ ਬਣੇ ਹੋਏ ਹਨ। ਤਿੰਨ ਪ੍ਰਮੁੱਖ ਵੱਡੀਆਂ ਸਟੇਜਾਂ, ਸਟੇਡੀਅਮ ਵਿੱਚ ਤਿੰਨ ਦਰਜਨ ਦੇ ਕਰੀਬ ਕਮਰੇ, ਜਿੰਮ, ਫੋਟੋ ਗੈਲਰੀ, ਆਧੁਨਿਕ ਸਹੂਲਤਾਂ ਵਾਲਾ ਦਫਤਰ, ਸਟੂਡੀਓ ਰੂਮ ਆਦਿ ਬਣੇ ਹੋਏ ਹਨ। ਜਰਖੜ ਸਟੇਡੀਅਮ ਪੰਜਾਬ ਦਾ ਪਹਿਲਾ ਇੱਕੋ ਇੱਕ ਸਟੇਡੀਅਮ ਹੈ, ਜਿੱਥੇ ਫਲੱਡ ਲਾਈਟਾਂ ਦੀ ਸਹੂਲਤ ਵੀ ਉਪਲਬਧ ਹੈ ਤੇ ਇਸ ਤੋਂ ਇਲਾਵਾ ਸਟੇਡੀਅਮ ਵਿੱਚ ਬਣੀ ਫੋਟੋ ਗੈਲਰੀ ਵਿੱਚ ਪੁਰਾਣੀਆਂ ਖੇਡਾਂ ਦੀਆਂ ਯਾਦਗਾਰਾਂ ਧਿਆਨ ਚੰਦ ਤੋਂ ਲੈ ਕੇ ਨਾਮੀ ਖਿਡਾਰੀਆਂ ਦੀਆਂ ਤਸਵੀਰਾਂ ਜਰਖੜ ਖੇਡਾਂ ਨਾਲ ਸਬੰਧਤ ਵੱਡੀਆਂ ਤਸਵੀਰਾਂ ਸਟੇਡੀਅਮ ਦੀ ਸ਼ਾਨ ਨੂੰ ਵਧਾ ਰਹੀਆਂ ਹਨ। ਇਸ ਤੋਂ ਇਲਾਵਾ 7 ਉੱਘੀਆਂ ਖੇਡ ਸਖਸ਼ੀਅਤਾਂ ਜਿੰਨ੍ਹਾਂ ਵਿੱਚ ਫਲਾਇੰਗ ਸਿੱਖ ਮਿਲਖਾ ਸਿੰਘ, ਹਾਕੀ ਦਾ ਜਾਦੂਗਰ ਧਿਆਨ ਚੰਦ, ਉਲੰਪੀਅਨ ਸੁਰਜੀਤ ਸਿੰਘ ਰੰਧਾਵਾ, ਉਲੰਪੀਅਨ ਪ੍ਰਿਥੀਪਾਲ ਸਿੰਘ, ਪਹਿਲੇ ਸਿੱਖ ਜਿਨ੍ਹਾਂ ਨੇ ਚਾਰ ਉਲੰਪਿਕਾਂ

## ਜਰਖੜ ਖੇਡਾਂ ’ਤੇ ਵਿਸ਼ੇਸ਼ ਰਿਪੋਰਟ

ਖੇਡਣ ਦਾ ਮਾਣ ਹਾਸਲ ਕੀਤਾ ਉਲੰਪੀਅਨ ਊਧਮ ਸਿੰਘ, ਖੇਡ ਪ੍ਰਮੋਟਰ ਅਮਰਜੀਤ ਸਿੰਘ ਗਰੇਵਾਲ ਗੁੱਜਰਵਾਲ, ਕਬੱਡੀ ਖਿਡਾਰੀ ਸਵ: ਮਾਣਕ ਜੋਧਾ ਦੇ ਆਦਮਕੱਦ ਬੁੱਤ ਸਥਾਪਿਤ ਕੀਤੇ ਗਏ ਹਨ। ਇਸਤੋਂ ਇਲਾਵਾ ਸੈਵਨ-ਏ ਸਾਈਡ ਨੀਲੇ ਰੰਗ ਦੀ ਐਸਟਰੋਟਰਫ ਜੋ ਆਪਣੇ ਹੀਲੇ ਵਸੀਲੇ ਨਾਲ ਲਗਵਾਈ ਹੈ, ਸਟੇਡੀਅਮ ਦੀ ਸ਼ੋਭਾ ਨੂੰ ਵਧਾ ਰਹੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਦੱਸਿਆ ਕਿ ਸਾਲ 2006 ਵਿੱਚ ਅਪ੍ਰੈਲ ਦੇ ਵਿੱਚ ਜਰਖੜ ਵਿਖੇ ਹਾਕੀ ਅਕੈਡਮੀ ਦੀ ਸਥਾਪਨਾ ਹੋਈ, ਜਰਖੜ ਅਕੈਡਮੀ ’ਚ ਇਸ ਵੇਲੇ 80 ਦੇ ਕਰੀਬ ਖਿਡਾਰੀ ਹਾਕੀ ਦੀ ਟ੍ਰੇਨਿੰਗ ਲੈ ਰਹੇ ਹਨ। ਸਾਰੇ ਹੀ ਖਿਡਾਰੀ ਗਰੀਬ ਘਰਾਂ ਨਾਲ ਸਬੰਧਤ ਹਨ। ਪਿਛਲੇ 1 ਦਹਾਕੇ @ਚ 300 ਦੇ ਕਰੀਬ ਸਕੂਲ ਨੈਸ਼ਨਲ ਤੇ 60 ਤੋਂ ਵੱਧ ਕੌਮੀ ਪੱਧਰ ਦੇ ਮੁਕਾਬਲੇ ਖੇਡ ਚੁਕੇ ਹਨ। ਹੁਣ ਤੱਕ ਵੱਖ-ਵੱਖ ਵਿਭਾਗਾਂ @ਚ 40 ਦੇ ਕਰੀਬ ਖਿਡਾਰੀਆਂ ਨੂੰ ਨੌਕਰੀ ਮਿਲ ਚੁੱਕੀ ਹੈ। ਉੱਤਰ ਭਾਰਤ ਦੇ ਸਾਰੇ ਪ੍ਰਮੁੱਖ ਟੂਰਨਾਮੈਂਟਾਂ @ਚ ਜਰਖੜ ਅਕਾਦਮੀ ਦੇ ਖਿਡਾਰੀ ਆਪਣੀ ਪਹਿਚਾਣ ਨੂੰ ਦਰਸਾ ਰਹੇ ਹਨ।

ਜਰਖੜ ਖੇਡਾਂ, ਸਟੇਡੀਅਮ ਤੇ ਅਕਾਦਮੀ ਨੂੰ ਇਸ ਮੁਕਾਮ ’ਤੇ ਪਹੁੰਚਦਿਆਂ ਬਹੁਤ ਵੱਡੀਆਂ ਆਫਤਾਂ ਵੀ ਆਈਆਂ ਤੇ ਹਰ ਰੋਜ਼ ਕੋਈ ਨਵੀਂ ਤੋਂ ਨਵੀਂ ਸਮੱਸਿਆ ਆਉਂਦੀ ਹੈ ਪਰ ਪ੍ਰਮਾਤਮਾ ਦੀ ਮਿਹਰ ਸਦਕਾ ਅੱਜ ਜਰਖੜ ਖੇਡਾਂ ਬੁਲੰਦੀਆਂ ਵੱਲ ਵਧ ਰਹੀਆਂ ਹਨ। ਪੰਜਾਬ ਦੇ ਨਾਮੀ ਗਾਇਕ ਹਰਭਜਨ ਮਾਨ, ਦਿਲਜੀਤ ਦੋਸਾਂਝ, ਮਨਮੋਹਣ ਵਾਰਿਸ, ਦੇਬੀ ਮਖਸੂਸਪੁਰੀ, ਹਰਜੀਤ ਹਰਮਨ, ਕੰਵਰ ਗਰੇਵਾਲ ਨੇ ਜਰਖੜ ਸਟੇਡੀਅਮ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਸਮੇਂ ਦੌਰਾਨ ਮੁਫਤ ਅਖਾੜੇ ਵੀ ਲਗਾਏ। ਇਹਨਾਂ ਸਾਰਿਆਂ ਦੇ ਯੋਗਦਾਨ ਸਦਕਾ ਜਰਖੜ ਖੇਡ ਅਕਾਦਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਆਪਣੀ ਦਿਨ ਰਾਤ ਦੀ ਮਿਹਨਤ ਨਾਲ ਸਟੇਡੀਅਮ ਨੂੰ ਪੂਰੇ ਵਿਸ਼ਵ @ਚ ਰੁਸ਼ਨਾਉਣ ਦਾ ਜ਼ੋਰ ਲਗਾ ਰਹੇ ਹਨ। ਜਿਸਦੀ ਮਿਸਾਲ ਜਰਖੜ ਪਿੰਡ ਦੇ ਸਟੇਡੀਅਮ @ਚ ਪਹੁੰਚਦਿਆਂ ਹੀ ਪਤਾ ਚਲਦਾ ਹੈ। ਇਸ ਵਰ੍ਹੇ ਦੀਆਂ ਜਰਖੜ ਖੇਡਾਂ ਜੋ 10 ਅਤੇ 11 ਫਰਵਰੀ 2024 ਨੂੰ ਹੋ ਰਹੀਆਂ ਹਨ। ਕਬੱਡੀ ਓਪਨ ਦਾ ਕੱਪ ਪੁਰਾਣੇ ਕਬੱਡੀ ਖਿਡਾਰੀ ਅਤੇ ਖੇਡਾਂ ਨੂੰ ਸਮਰਪਿਤ ਉੱਘੀ ਸ਼ਖਸੀਅਤ ਸਵਰਗੀ ਨਾਇਬ ਸਿੰਘ ਗਰੇਵਾਲ ਯੋਧਾਂ ਦੀ ਯਾਦ ਨੂੰ ਸਮਰਪਿਤ ਹੋਵੇਗਾ। ਇਸਦੇ ਨਾਲ ਹੀ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਵਿਧਾਇਕ ਜੀਵਨ ਸਿੰਘ ਸੰਗੋਵਾਲ,ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ,ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਕਬੱਡੀ ਪ੍ਰਮੋਟਰ ਮੋਹਣਾ ਜੋਧਾਂ ਸਿਆਟਲ, ਦਲਜੀਤ ਸਿੰਘ ਜਰਖੜ ਕੈਨੇਡਾ, ਜਗਦੀਪ ਸਿੰਘ ਕਾਹਲੋਂ, ਬਲਵੀਰ ਸਿੰਘ ਹੀਰ,ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਸਾਬੀ ਕੂਨਰ ਕੈਨੇਡਾ , ਪਰਮਜੀਤ ਸਿੰਘ ਨੀਟੂ, ਸ਼ਿੰਗਾਰਾ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਦੁਪਿੰਦਰ ਸਿੰਘ ਡਿੰਪੀ ,ਪਹਿਲਵਾਨ ਹਰਮੇਲ ਸਿੰਘ ਕਾਲਾ, ਪ੍ਰੋ ਰਜਿੰਦਰ ਸਿੰਘ, ਹਰਦੇਵ ਸਿੰਘ ਦੁਲੇਅ ਆਦਿ ਹੋਰ ਨੇੜਲੇ ਸਾਥੀ ਅਤੇ ਪੂਰੀ ਟੀਮ ਵੱਲੋਂ ਖੇਡਾਂ ਦੀ ਕਾਮਯਾਬੀ ਲਈ ਤਨ ਮਨ ਧਨ ਨਾਲ ਆਪਣਾ ਸਹਿਯੋਗ ਦਿੱਤਾ ਜਾ ਰਿਹਾ ਹੈ।

ਇਸ ਵਾਰ ਇਹਨਾਂ ਖੇਡਾਂ ਵਿੱਚ ਹਾਕੀ (ਮਰਦ ਤੇ ਇਸਤਰੀਆਂ) ਹਾਕੀ ਅੰਡਰ 15 ਸਾਲ ਮੁੰਡੇ , ਕੁਸ਼ਤੀਆਂ , ਰੱਸਾਕਸੀ ਸਕੂਲੀ ਪੱਧਰ ,ਵਾਲੀਵਾਲ ,ਫੁਟਬਾਲ ਖੇਡਾਂ ਦੇ ਮੁਕਾਬਲੇ ਹੋਣਗੇ । ਖੇਡਾਂ ਦੇ ਫਾਈਨਲ ਸਮਾਰੋਹ ਤੇ ਸਿੱਖਿਆ ਤੇ ਖੇਡਾਂ ਦੇ ਖੇਤਰ ਵਿੱਚ ਸੇਵਾ ਕਰਨ ਵਾਲੀਆਂ 5 ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ ਜਿਨਾਂ ਨੂੰ ਵੱਖ ਵੱਖ ਖੇਡ ਐਵਾਰਡਾਂ ਦੇ ਨਾਲ ਸਨਮਾਨਿਤ ਕੀਤਾ ਜਾਵੇਗਾ।

ਜਰਖੜ ਖੇਡਾਂ ਤੇ ਹੋਵੇਗਾ 6 ਸਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ

ਖੇਡਾਂ ਦਾ ਉਦਘਾਟਨੀ ਸਮਾਰੋਹ ਬੇਹੱਦ ਲਾਜਵਾਬ ਹੋਵੇਗਾ ਖੇਡਾਂ ਦੇ ਫਾਈਨਲ ਸਮਾਰੋਹ ਤੇ 11 ਫਰਵਰੀ ਨੂੰ ਜਿੱਥੇ ਵੱਖ-ਵੱਖ ਖੇਡਾਂ ਦੇ ਫਾਈਨਲ ਮੁਕਾਬਲੇ ਮੁੱਖ ਕੇਂਦਰ ਹੋਣਗੇ ਉੱਥੇ ਉੱਘੇ ਲੋਕ ਗਾਇਕ ਹਰਜੀਤ ਹਰਮਨ ਦਾ ਖੁੱਲਾ ਅਖਾੜਾ ਵੀ ਦਰਸ਼ਕਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗਾ । ਇਸ ਮੌਕੇ ਤੇ ਉੱਘੀਆ 6 ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ। ਜਿਸ ਵਿੱਚ ਮਰਹੂਮ ਕਬੱਡੀ ਦੇ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਕੋਚ ਦੇਵੀ ਦਿਆਲ ਦੀ ਯਾਦ ਵਿੱਚ ਰੱਖਿਆ ਅਵਾਰਡ ਕਬੱਡੀ ਦੇ ਸਾਬਕਾ ਸਟਾਰ ਖਿਡਾਰੀ ਮਨਜੀਤ ਸਿੰਘ ਮੋਹਲਾ ਖਡੂਰ ਨੂੰ ਦਿੱਤਾ ਜਾਵੇਗਾ । ਜਿਸ ਵਿੱਚ 50 ਹਜਾਰ ਰੁਪਏ ਦੀ ਇਨਾਮੀ ਰਾਸ਼ੀ ਅਤੇ ਦੇਵੀ ਦਿਆਲ ਐਵਾਰਡ ਹੋਵੇਗਾ ਜਦ ਕਿ ਸਿੱਖਿਆ ਦੇ ਖੇਤਰ ਦਾ ਐਵਾਰਡ ਪੰਜਾਬ ਦੀਆਂ ਧੀਆਂ ਦਾ ਮਾਣ ਐਵਾਰਡ ਜਰਖੜ ਸਕੂਲ ਦੀ ਹੈਡ ਮਾਸਟਰ ਬੀਬੀ ਸੁਰਿੰਦਰ ਕੌਰ ਨੂੰ ਦਿੱਤਾ ਜਾਵੇਗਾ। ਖੇਡ ਪ੍ਰਮੋਟਰ ਅਮਰਜੀਤ ਗਰੇਵਾਲ ਐਵਾਰਡ ਖੇਡਾਂ ਦੇ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਉੱਘੇ ਖੇਡ ਪ੍ਰਮੋਟਰ ਗੁਰਜੀਤ ਸਿੰਘ ਹਕੀਮਪੁਰ ਨੂੰ ਦਿੱਤਾ ਜਾਵੇਗਾ। ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਐਵਾਰਡ ਰੋਪੜ ਹਾਕਸ ਹਾਕੀ ਦੇ ਪਿਤਾਮਾ ਐਸਐਸ ਸੈਣੀ ਸਾਹਿਬ ਨੂੰ ਦਿੱਤਾ ਜਾਵੇਗਾ। ਜਦ ਕਿ ਪੱਤਰਕਾਰੀ ਦਾ ਮਾਣ ਐਵਾਰਡ ਪੰਜਾਬ ਮੇਲ ਯੂਐਸਏ ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਦਿੱਤਾ ਜਾਵੇਗਾ। ਪੰਜਾਬੀ ਸੱਭਿਆਚਾਰ ਦਾ ਮਾਣ ਅਵਾਰਡ ਉੱਘੇ ਲੋਕ ਗਾਇਕ ਹਰਜੀਤ ਹਰਮਨ ਨੂੰ ਦਿੱਤਾ ਜਾਵੇਗਾ।ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਇਸ ਵਰ੍ਹੇ ਇਤਿਹਾਸ ਦਾ ਇੱਕ ਹੋਰ ਨਵਾਂ ਪੰਨਾ ਜੋੜਨ ਜਾ ਰਹੀਆਂ ਹਨ।






# ਰੱਬ ਮਾਰੇ ਤਾਂ ਕੌਣ ਬਚਾਵੇ...!

ਪਿਆਰਾ ਸਿੰਘ ਸਰਕਾਰੀ ਮਾਸਟਰ ਸੀ। ਉਸ ਦੀ ਪਤਨੀ ਬੰਸ ਕੌਰ ਵੀ ਜੇ ਬੀ ਟੀ ਟੀਚਰ ਸੀ। ਉਸ ਦੇ ਤਿੰਨ ਮੁੰਡੇ ਗੁਰਮੀਤ ,ਹਰਮੀਤ ਤੇ ਜਸਮੀਤ ਸਨ। ਉਸ ਦੇ ਵੱਡੇ ਦੋ ਮੁੰਡੇ ਸਰਕਾਰੀ ਨੌਕਰੀ ਕਰਦੇ ਸਨ ਤੇ ਜਸਮੀਤ ਬਹੁਤਾ ਪੜ੍ਹਿਆ ਨਾ ਹੋਣ ਕਰਕੇ ਮਾੜਾ ਮੋਟਾ ਗੁਜ਼ਾਰੇ ਜੋਗਾ ਕੰਮ ਕਰਦਾ ਸੀ । ਉਂਝ ਉਹ ਜਿਹੜੇ ਵੀ ਕੰਮ ਨੂੰ ਹੱਥ ਪਾਉਂਦਾ ਉਸੇ ਵਿੱਚ ਘਾਟਾ ਹੀ ਪੈਂਦਾ। ਘਰ ਵਿੱਚ ਸਾਰੇ ਟੱਬਰ ਦਾ ਏਕਾ ਇਤਫ਼ਾਕ ਹੋਣ ਕਰਕੇ ਪਹਿਲਾਂ ਪਹਿਲ ਤਾਂ ਗੁਜ਼ਾਰਾ ਚੱਲੀ ਜਾਂਦਾ ਸੀ। ਪਰ ਹੁਣ ਸਾਰਿਆਂ ਦੇ ਬੱਚੇ ਵੱਡੇ ਹੋ ਰਹੇ ਸਨ ਤੇ ਪਿਆਰਾ ਸਿੰਘ ਤੇ ਬੰਸ ਕੌਰ ਵੀ ਰਿਟਾਇਰ ਹੋਣ ਵਾਲੇ ਸਨ ਉਹਨਾਂ ਨੂੰ ਜਸਮੀਤ ਦਾ ਬਹੁਤਾ ਕੰਮ ਕਾਰ ਨਾ ਹੋਣ ਕਰਕੇ ਉਸ ਦੀ ਅਤੇ ਉਸ ਦੇ ਨਿਆਣਿਆਂ ਦੇ ਭਵਿੱਖ ਦੀ ਬਹੁਤ ਚਿੰਤਾ ਰਹਿੰਦੀ ਸੀ। ਉਹਨਾਂ ਨੇ ਆਪਸ ਵਿੱਚ ਸਲਾਹ ਕਰਕੇ ਇੱਕ ਦਿਨ ਆਪਣੇ ਤਿੰਨੇ ਪੁੱਤਾਂ ਨੂੰ ਕੋਲ਼ ਬੁਲਾਇਆ ਤੇ ਗੁਰਮੀਤ ਤੇ ਹਰਮੀਤ ਨੂੰ ਆਪਣੇ ਦਿਲ ਦੀ ਗੱਲ ਆਖੀ ,÷ ..... ਦੇਖੋ...... ਪਰਮਾਤਮਾ ਨੇ .....ਤੁਹਾਨੂੰ ਦੋਹਾਂ ਨੂੰ ਕਿਸੇ ਚੀਜ਼ ਦੀ ਕਮੀ ਨਹੀਂ ਰੱਖੀ...... ਤੁਸੀਂ ਦੋਹਾਂ ਨੇ .......ਆਪਣੀਆਂ ਆਪਣੀਆਂ ਕੋਠੀਆਂ ਵੀ ਸੋਹਣੀਆਂ ਬਣਾ ਲਈਆਂ ਹਨ..... ਤੁਹਾਨੂੰ ਰੱਬ ਨੇ ਉਮਰ ਭਰ ਦੀ ਰੋਟੀ (ਸਰਕਾਰੀ ਨੌਕਰੀ) ਵੀ ਦਿੱਤੀ ਹੋਈ ਹੈ.......ਮੈਂ ਤੁਹਾਡੇ ਦੋਹਾਂ ਵੱਲੋਂ ਬਿਲਕੁਲ ਬੇਫ਼ਿਕਰ ਹਾਂ..... ਮੈਂ ਚਾਹੁੰਦਾ ਹਾਂ ਕਿ ਹੁਣ.....ਇਹ ਘਰ ਮੈਂ ਜਸਮੀਤ ਨੂੰ ਦੇ ਦੇਵਾਂ..... ਤੇ ਤੁਸੀਂ ਆਪਣੇ ਆਪਣੇ ਘਰ ਬੱਚਿਆਂ ਨਾਲ਼ ਖ਼ੁਸ਼ੀ ਖ਼ੁਸ਼ੀ ਰਹੋ...... ਹਾਂ ਸੱਚ...... ਜ਼ਮੀਨ ਨੂੰ ਵੀ ਮੈਂ ਪੰਜ ਹਿੱਸਿਆਂ ਵਿੱਚ ਵੰਡ ਕੇ..... ਤੁਹਾਡਾ ਆਪਣਾ ਆਪਣਾ ਹਿੱਸਾ ਥੋਡੇ ਨਾਂ ਲਵਾ ਦੇਵਾਂਗਾ....... ਤੇ...... ਮੇਰਾ ਤੇ ਥੋਡੀ ਬੀਬੀ ਦਾ ਹਿੱਸਾ...... ਜਸਮੀਤ ਦੇ ਨਾਂ ਲਵਾ ਦੇਵਾਂਗੇ...... ਭਰੇ ਹੋਏ ਭਾਂਡੇ ਨੂੰ ਹੋਰ ਭਰਨ ਦਾ ਕੀ ਫਾਇਦਾ..... ਜੇ ਰੱਬ ਨੇ ਈ ਓਹਨੂੰ ਊਣਾ ਕਰਕੇ ਭੇਜ ਦਿੱਤਾ ਹੈ..... ਤਾਂ ਆਪਣਾ ਸਭ ਦਾ ਵੀ ਕੁਛ ਫਰਜ਼ ਬਣਦਾ ਹੈ......ਵੱਡੇ ਭਰਾ ਤਾਂ ਪਿਓ ਵਰਗੇ ਹੁੰਦੇ ਨੇ...... ਸਮੇਂ ਸਮੇਂ ਤੇ ਤੁਸੀਂ ਵੀ ਓਹਦੀ ਮਦਦ ਕਰੀ ਜਾਇਓ...... ਊਂ.... ਤੁਹਾਨੂੰ ਦੋਹਾਂ ਨੂੰ.......ਮੇਰੇ ਇਸ ਫ਼ੈਸਲੇ ਤੇ ਕੋਈ ਇਤਰਾਜ਼ ਤਾਂ ਨਹੀਂ.... ?÷ ਕਹਿਕੇ ਪਿਆਰਾ ਸਿੰਘ ਨੇ ਆਪਣੀ ਗੱਲ ਤੇ ਵਿਰਾਮ ਲਾਇਆ। ਗੁਰਮੀਤ ਤੇ ਹਰਮੀਤ ਚਾਹੁੰਦੇ ਹੋਏ ਵੀ ਕੁਛ ਨਹੀਂ ਕਹਿ ਸਕੇ ਤੇ ਉਹਨਾਂ ਨੇ ਪਿਆਰਾ ਸਿੰਘ ਦੇ ਫੈਸਲੇ ਨੂੰ ਪ੍ਰਵਾਨ ਕਰ ਲਿਆ। ਜਸਮੀਤ ਮਨ ਹੀ ਮਨ ਵਿੱਚ ਬਹੁਤ ਖੁਸ਼ ਹੋਇਆ ਕਿਉਂਕਿ ਉਸ ਨੂੰ ਆਪਣੇ ਭਰਾਵਾਂ ਤੋਂ ਜ਼ਿਆਦਾ ਜਾਇਦਾਦ ਤੇ ਪੈਸਾ ਮਿਲ਼ ਗਿਆ ਸੀ।

ਅੱਡ ਹੋ ਕੇ ਵੀ ਗੁਰਮੀਤ ਤੇ ਹਰਮੀਤ ਦੀ ਸਮਝਦਾਰੀ ਕਾਰਨ ਤਿੰਨੇ ਭਰਾਵਾਂ ਦੇ ਪਿਆਰ ਵਿੱਚ ਕੋਈ ਫ਼ਰਕ ਨਾ ਪਿਆ । ਵੱਡਿਆਂ ਦੇ ਬੱਚੇ ਪੜ੍ਹ ਲਿਖ ਕੇ ਵਧੀਆ ਨੌਕਰੀਆਂ ਤੇ ਵੀ ਲੱਗ ਗਏ ਸਨ ਤੇ ਉਹ ਵਿਆਹੇ ਵੀ ਗਏ ਸਨ ਪਰ ਜਸਮੀਤ ਦਾ ਮੁੰਡਾ ਵੀ ਆਪਣੇ ਪਿਓ ਵਾਂਗ ਨਾ ਪੜ੍ਹਿਆ ਤੇ ਕੁੜੀ ਨੇ ਵੀ ਦੋ ਵਾਰ ਵਿੱਚ ਮਸਾਂ ਦਸਵੀਂ ਪਾਸ ਕੀਤੀ ਸੀ। ਪਿਆਰਾ ਸਿੰਘ ਤੇ ਬੰਸ ਕੌਰ ਨੂੰ ਰਿਟਾਇਰ ਹੋਇਆਂ ਨੂੰ ਕਿੰਨੇ ਵਰ੍ਹੇ ਹੋ ਗਏ ਸਨ। ਉਹਨਾਂ ਦੀ ਪੈਨਸ਼ਨ ਦੇ ਸਿਰ ਤੇ ਜਸਮੀਤ ਦਾ ਵਧੀਆ ਗੁਜ਼ਾਰਾ ਚੱਲੀ ਜਾਂਦਾ ਸੀ। ਪਰ ਹੁਣ ਦੋ ਸਾਲ ਪਹਿਲਾਂ ਪਿਆਰਾ ਸਿੰਘ ਦੁਨੀਆਂ ਤੋਂ ਤੁਰ ਗਿਆ ਸੀ ਤੇ ਸਾਲ ਬੰਸ ਕੌਰ ਨੂੰ ਮੁੱਕੀ ਨੂੰ ਹੋ ਗਿਆ ਸੀ। ਜਸਮੀਤ ਦੇ ਇੱਕ ਦੋਸਤ ਨੇ ਉਸ ਨੂੰ ਸਲਾਹ ਦਿੱਤੀ,÷ .... ਓਏ ਜੱਸਿਆ...... ਤੈਨੂੰ ਜ਼ਮੀਨ ਤੋਂ ਤਾਂ ਠੇਕਾ ਘੱਟ ਈ ਆਉਂਦਾ ਹੋਊ...... ਓਹਦੇ ਨਾਲ ਤਾਂ ਗੁਜ਼ਾਰਾ ਕਰਨਾ ਵੀ ਔਖਾ ਹੋ ਜਾਂਦਾ ਹੋਊ ...... ਤੇਰਾ ਨੀ ਜੀਅ

ਬਰਜਿੰਦਰ ਕੌਰ ਬਿਸਰਾਓ...
9988901324

ਕਰਦਾ...... ਤੂੰ ਵੀ ਆਪਣੇ ਭਰਾਵਾਂ ਦੇ ਬਰਾਬਰ ਹੋ ਜਾਵੇਂ.......ਕੱਲ੍ਹ ਨੂੰ ਤੂੰ ਮੁੰਡੇ ਦਾ ਤੇ ਆਪਣੀ ਕੁੜੀ ਦਾ ਵਿਆਹ ਵੀ ਕਰਨਾ....... ਮੈਂ ਤਾਂ ਕਹਿੰਦਾਂ...... ਤੂੰ ਜ਼ਮੀਨ ਵੇਚ ਕੇ....... ਫਰਨੀਚਰ ਦਾ ਸ਼ੋਅ ਰੂਮ ਖੋਲ੍ਹ ਲੈ..... ਨਾਲ਼ੇ ਮੁੰਡਾ ਕੰਮ ਸਾਂਭੀ ਜਾਊ ਤੇ ਨਾਲ਼ੇ ਤੇਰੀ ਟੌਹਰ ਬਣੂ.....ਫੇਰ ਦੇਖੀਂ ਕਿਵੇਂ ਤੇਰੇ ਦਿਨ ਫ਼ਿਰਦੇ.....!÷

ਜਸਮੀਤ ਨੂੰ ਆਪਣੇ ਦੋਸਤ ਦੀ ਗੱਲ ਦਿਲ ਨੂੰ ਲੱਗੀ । ਉਸ ਨੇ ਆਪਣੀ ਪਤਨੀ ਅਤੇ ਮੁੰਡੇ ਨਾਲ਼ ਸਲਾਹ ਕਰਕੇ ਆਪਣੇ ਹਿੱਸੇ ਦੀ ਸਾਰੀ ਜ਼ਮੀਨ ਵੇਚ ਕੇ ਫਰਨੀਚਰ ਦਾ ਸ਼ੋਅ ਰੂਮ ਖੋਲ੍ਹ ਲਿਆ। ਉਸ ਉੱਤੇ ਕਾਫ਼ੀ ਪੈਸਾ ਖ਼ਰਚ ਹੋਇਆ। ਗੁਰਮੀਤ ਤੇ ਹਰਮੀਤ ਵੀ ਬਹੁਤ ਖੁਸ਼ ਸਨ ਕਿ ਪਰਮਾਤਮਾ ਨੇ ਉਹਨਾਂ ਦਾ ਭਰਾ ਵੀ ਉਹਨਾਂ ਦੇ ਬਰਾਬਰ ਕਰ ਦਿੱਤਾ ਸੀ। ਹਜੇ ਸ਼ੋਅ ਰੂਮ ਖੋਲ੍ਹੇ ਨੂੰ ਚਾਰ ਮਹੀਨੇ ਵੀ ਨਹੀਂ ਹੋਏ ਸਨ ਕਿ ਇੱਕ ਰਾਤ ਉਸ ਨੂੰ ਅੱਗ ਲੱਗ ਕੇ ਸਭ ਕੁਝ ਸੜ ਕੇ ਸੁਆਹ ਹੋ ਗਿਆ। ਉਸ ਦਾ ਲੱਖਾਂ ਦਾ ਲੈਣ ਦੇਣ ਮਾਰਕੀਟ ਵਿੱਚ ਫ਼ਸ ਗਿਆ ਸੀ ਜਿਸ ਨੂੰ ਪੂਰਾ ਕਰਨ ਲਈ ਉਸ ਕੋਲ ਘਰ ਵੇਚਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਰਿਹਾ ਸੀ। ਘਰ ਵੇਚ ਕੇ ਉਹ ਇੱਕ ਛੋਟੇ ਜਿਹੇ ਕਿਰਾਏ ਦੇ ਕਮਰੇ ਵਿੱਚ ਰਹਿਣ ਲੱਗੇ। ਜਸਮੀਤ ਤੋਂ ਇਹ ਸਦਮਾ ਬਰਦਾਸ਼ਤ ਨਾ ਹੋਇਆ ਤੇ ਉਹ ਹਉਕੇ ਨਾਲ ਹੀ ਕੁਝ ਕੁ ਮਹੀਨਿਆਂ ਵਿੱਚ ਦੁਨੀਆਂ ਨੂੰ ਅਲਵਿਦਾ ਕਹਿ ਗਿਆ।

ਕੁਝ ਕੁ ਮਹੀਨਿਆਂ ਬਾਅਦ ਗੁਰਮੀਤ ਤੇ ਹਰਮੀਤ ਨੇ ਉਸ ਦੀ ਕੁੜੀ ਲਈ ਠੀਕ ਜਿਹੇ ਘਰ ਦਾ ਮੁੰਡਾ ਦੇਖ ਕੇ ਉਸ ਦੇ ਤਾਂ ਹੱਥ ਪੀਲੇ ਕਰ ਦਿੱਤੇ। ਜਸਮੀਤ ਦੀ ਪਤਨੀ ਦਾ ਅੱਧਾ ਬੋਝ ਲਹਿ ਗਿਆ ਸੀ। ਗੁਰਮੀਤ ਨੇ ਇੱਕ ਦਿਨ ਜਸਮੀਤ ਦੇ ਮੁੰਡੇ ਨੂੰ ਕਿਹਾ,÷..... ਬੇਟਾ...... ਤੂੰ ਮਾੜਾ ਮੋਟਾ ਕੰਮ ਕਰਕੇ ਘਰ ਤਾਂ ਚਲਾ ਹੀ ਰਿਹਾ ਹੈਂ..... ਕੋਈ ਕੁੜੀ ਵੇਖ ਕੇ..... ਤੇਰਾ ਵਿਆਹ ਵੀ ਕਰ ਦਿੰਦੇ ਹਾਂ...... ਸਾਡੇ ਭਰਾ ਦਾ ਘਰ ਵਸਦਾ ਹੋ ਜਾਵੇਗਾ..... ।÷ ਪਰ ਜਸਮੀਤ ਦਾ ਮੁੰਡਾ ਬੋਲਿਆ,÷.... ਤਾਇਆ ਜੀ..... ਤੁਸੀਂ ਮੇਰਾ ਵਿਆਹ ਕਰਨ ਦੀ ਜਗ੍ਹਾ......ਮੈਨੂੰ ਕੋਈ ਬਿਜਨੈਸ ਖੋਲ੍ਹ ਦਵੋ......!÷ ਇਹ ਸੁਣ ਕੇ ਗੁਰਮੀਤ ਚੁੱਪ ਹੋ ਗਿਆ ਤੇ ਮਨ ਵਿੱਚ ਸੋਚਣ ਲੱਗਿਆ÷...... ਪਾਪਾ ਜੀ ਨੇ ਆਪਣਾ ਸਭ ਕੁਝ ਜਸਮੀਤ ਨੂੰ ਦੇ ਦਿੱਤਾ..... ਘਰ ਦੇ ਦਿੱਤਾ..... ਰਿਟਾਇਰਮੈਂਟ ਦਾ ਪੈਸਾ ਦੇ ਦਿੱਤਾ..... ਅੱਧੀ ਤੋਂ ਵੱਧ ਜ਼ਮੀਨ ਦੇ ਦਿੱਤੀ ...... ਪਾਪਾ ਜੀ ਚਾਹੁੰਦੇ ਤਾਂ ਉਸ ਨੂੰ ਆਪਣੀ ਕਿਸਮਤ ਵੀ ਦੇ ਦਿੰਦੇ..... ਪੁੱਤਰਾ ! ਅਸੀਂ ਤਾਂ ਤੁਹਾਡੇ ਨਾਲ ਤੁਹਾਡਾ ਦੁੱਖ ਵੰਡਾ ਸਕਦੇ ਹਾਂ..... ਪਰ ਕਿਸਮਤ ਨਹੀਂ ਲਾ ਸਕਦੇ.....!÷ ਇਹ ਸ਼ਬਦ ਉਸ ਦੇ ਕੰਬਦੇ ਬੁੱਲ੍ਹਾਂ ਦੇ ਅੰਦਰ ਹੀ ਰਹਿ ਗਏ ਤੇ ਕੋਲ਼ ਬੈਠਾ ਜਸਮੀਤ ਦਾ ਮੁੰਡਾ ਜਿਵੇਂ ਉਹ ਸਭ ਕੁਝ ਸੁਣ ਰਿਹਾ ਹੋਵੇ.....!

ਜਸਮੀਤ ਦਾ ਮੁੰਡਾ ਲਾਲਚ ਵੱਸ ਆ ਕੇ ਆਪਣੇ ਤਾਇਆਂ ਤੋਂ ਕੁਝ ਵੱਧ ਹੀ ਆਸ ਕਰਨ ਲੱਗ ਪਿਆ ਸੀ ਪਰ ਗੁਰਮੀਤ ਤੇ ਹਰਮੀਤ ਆਪਣੇ ਭਰਾ ਦਾ ਘਰ ਵਸਿਆ ਰਹਿਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਗੱਲ ਬੀਤੀ ਨੂੰ ਦੋ ਵਰ੍ਹੇ ਹੋ ਗਏ । ਗੁਰਮੀਤ ਤੇ ਹਰਮੀਤ ਦੀ ਵੀ ਉਮਰ ਵਧ ਰਹੀ ਸੀ ਤੇ ਸਰੀਰਕ ਸ਼ਕਤੀ ਘਟ ਰਹੀ ਸੀ । ਉਹ ਪਹਿਲਾਂ ਵਾਂਗ ਉਸ ਦੀ ਮਦਦ ਕਰਨ ਦੇ ਯੋਗ ਨਹੀਂ ਰਹੇ ਸਨ। ਓਧਰ ਜਸਮੀਤ ਦੀ ਪਤਨੀ ਬੀਮਾਰ ਰਹਿਣ ਲੱਗ ਪਈ ਸੀ ਤੇ ਮੁੰਡੇ ਨੂੰ ਮਾਂ ਦੀ ਸੰਭਾਲ ਦੇ ਨਾਲ ਨਾਲ ਘਰ ਦੇ ਕੰਮ ਵੀ ਆਪ ਕਰਨੇ ਪੈ ਰਹੇ ਸਨ , ਹੁਣ ਉਸ ਨੂੰ ਆਪਣੇ ਆਪ ਤੇ ਪਛਤਾਵਾ ਹੋ ਰਿਹਾ ਸੀ ਕਿ ਜੇ ਉਸ ਸਮੇਂ ਆਪਣੇ ਤਾਏ ਦੀ ਗੱਲ ਮੰਨ ਕੇ ਵਿਆਹ ਕਰਵਾ ਲੈਂਦਾ ਤਾਂ ਹੁਣ ਘਰ ਵਿੱਚ ਕਮ ਸੇ ਕਮ ਰੋਟੀ ਟੁੱਕ ਕਰਨ ਲਈ ਉਸ ਨੂੰ ਆਪ ਹੱਥ ਤਾਂ ਨਾ ਫੂਕਣੇ ਪੈਂਦੇ। ਉਹ ਆਪਣੇ ਮਨ ਵਿੱਚ ਆਏ ਲਾਲਚ ਤੇ ਖ਼ੁਦ ਹੀ ਪਛਤਾ ਰਿਹਾ ਸੀ । ਉਹ ਆਪਣੇ ਮਨ ਵਿੱਚ ਸੋਚ ਰਿਹਾ ਸੀ ,÷....ਜੇ ਬੰਦਾ ਬੰਦੇ ਨੂੰ ਮਾਰੇ ਤਾਂ ਉਸ ਨੂੰ ਰੱਬ ਬਚਾ ਲੈਂਦਾ ਹੈ ਪਰ ਜੇ ਰੱਬ ਬੰਦੇ ਨੂੰ ਮਾਰੇ ਤਾਂ ਉਸ ਨੂੰ ਕੌਣ ਬਚਾਵੇ .... !÷ ਕਹਿ ਕੇ ਸਾਰਾ ਦੋਸ਼ ਰੱਬ ਤੇ ਸੁੱਟ ਕੇ ਉਸ ਨੇ ਆਪਣੇ ਮਨ ਦਾ ਬੋਝ ਹਲਕਾ ਕਰ ਲਿਆ।

# (ਮਿੰਨੀ ਕਹਾਣੀ) ਕਾਮੇ ਦੀ ਜ਼ਿੰਦਗੀ

ਭਾਨਾ ਸਾਰੀ ਦਿਹਾੜੀ ਜਿਮੀਦਾਰਾਂ ਨਾਲ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੁੰਦਾ। ਨਾ ਮੂੰਹ ਨਾ ਸਿਰ ਦੀ, ਪਹਿ ਪਾਟਣ ਨਾਲ ਖੇਤ ਵਿੱਚ ਜਾਣਾ ਤੇ ਤਾਰਿਆਂ ਦੀ ਛਾਵੇਂ ਘਰ ਆਉਣਾ। ਚਾਹੇ ਸਾਰੀ ਦਿਹਾੜੀ ਦਿਹ ਤੋੜ ਕੇ ਖੇਤੀ ਕੰਮ ਕਰਦਾ ਥਕੇਵੇਂ ਨਾਲ ਚੂਰ ਹੋ ਜਾਂਦਾ, ਪਰ ਮਜਬੂਰੀਆਂ ਕਿਥੇ ਥੱਕਣ ਦਿੰਦੀਆਂ। ਉਹ ਢਿੱਲ ਮੱਸ ਹੋਣ ਤੇ ਵੀ ਕੋਈ ਛੁੱਟੀ ਨਾ ਕਰਦਾ, ਕੋਈ ਵੀ ਸਕੀਰੀ ਵਿੱਚ
ਭਾਵ ਰਿਸ਼ਤੇਦਾਰੀਆਂ ਦੇ ਦੁੱਖ ਸੁੱਖ ਵਿੱਚ ਆਪਣੇ ਘਰ ਵਾਲੀ
ਨੂੰ ਭੇਜ ਦਿੰਦਾ। ਜੇ ਕਿਤੇ ਮਜਬੂਰੀ
ਵੱਸ ਜਾਣਾ ਹੁੰਦਾ, ਘਰ ਵਾਲਿਆ ਨੂੰ ਪਤਾ ਲੱਗ ਜਾਂਦਾ ਤਾਂ ਮਾਲਕਾਂ ਦੇ ਭਾ ਦੀ ਬਣੀ ਜਾਂਦੀ, ਬਈ ਖੇਤ ਤੇ ਘਰ ਦਾ ਕੰਮ ਕੌਣ ਕਰੂ। ਤੇ
ਕਹਿੰਦੇ ਭਾਨਿਆ ਜੇ ਸਰਦਾ ਤਾਂ ਸਾਰ ਲੈ। ਹੋਰ ਕਿਸੇ ਨੂੰ ਭੇਜ ਦੇ। ਪਰ ਭਾਨਾ ਸੋਚਦਾ ਜੇ ਮੈਂ ਅੱਜ ਕਿਸੇ ਦੇ ਨਾ ਗਿਆ ਤਾਂ ਕੱਲ ਮੇਰੇ ਕੌਣ ਆਊ। ਤਾਂ ਮਾਲਕ ਕਹਿੰਦੇ ਭਾਨਿਆ ਕਦੋਂ ਕ ਮੁੜੇਗਾ। ਪੱਠਿਆਂ ਦਾ ਮੁਸ਼ਕਲ ਹੋ ਜਾਣਾ, ਤੇ ਉੱਤੋਂ ਬੀਜ਼ ਬਿਜਾਈ ਦਾ ਜ਼ੋਰ ਆ। ਪਰ ਭਾਨਾ ਕੀ ਕਰੇ ਸਿਆਣਿਆਂ ਦੇ ਕਹਿਣ ਮੁਤਾਬਕ ÷ਸੱਪ ਦੇ ਮੂੰਹ ਵਿੱਚ ਕਿਰਲੀ ਵਾਲੀ ਗੱਲ, ਜੇ ਛੱਡੇ ਤਾਂ ਕੋਹੜੀ ਜੇ ਖਾਵੇ ਤਾਂ ਕਲੰਕੀ ਭਾਨਾ ਕਿੱਧਰ ਜਾਵੇ ਕੀ ਕਰੇ। ਪਹਿਲਾਂ ਪਿਉ ਦੀ ਬਿਮਾਰੀ ਦਾ ਕਰਜ਼ਾ ਫਿਰ ਆਪਣੇ ਵਿਆਹ ਦਾ ਕਰਜ਼ਾ। ਪੰਡ ਵੀ ਭਾਰੀ ਸੀ। ਸਾਰਾ ਦਿਨ ਮਾਲਕ ਦੇ ਬਰਾਬਰ ਖੇਤ ਵਿੱਚ ਕੰਮ ਕਰਨਾ ਤੇ ਘਰ
ਆ ਕੇ ਆਪ ਤਾਂ ਮਾਲਕਾਂ ਨੇ ਨਹਾ
ਧੋ ਕੇ ਸੱਥ ਵਿੱਚ ਬੈਠ ਜਾਣਾ ਤੇ ਭਾਨੇ ਨੂੰ ਘਰੇ ਬੁੜੀਆ ਨੇ ਕੰਮ ਲਾ ਲੈਣਾ, ਭਾਨਿਆ ਆਟਾ ਚੱਕੀ ਤੋਂ ਦਾਣਾ ਚੱਕ ਲਿਆ। ਨਾਲੇ ਪਸ਼ੂਆਂ ਨੂੰ ਪੱਠੇ ਪਾ ਦੇ ਸਾਡਾ ਟਾਇਮ ਨੀ ਲੱਗਿਆ ਅਸੀਂ ਪਿੰਡ
ਚ ਕਿਸੇ ਫੰਕਸ਼ਨ ਤੇ ਗਈਆਂ ਸੀ, ਨਾਲੇ ਪਾਣੀ ਪਿਆ ਦੇ।
ਤੇ ਨਾਲੇ ਤੜਕੇ ਔਂਉਲ ਕੇ ਆ ਜਾਈਂ। ਭਾਵ (ਸੁਧੇਹਾ ਸਾਜਰੇ)
ਭਾਨਾ ਰਾਤ ਨੂੰ ਥਕੇਵੇਂ ਨਾਲ ਮਰ ਕੇ ਡਿੱਗਦਾ ਪਤਾ ਨੀ ਕਿਹੜੀ
ਚੀਜ਼ ਉਸਨੂੰ ਸਵੇਰੇ ਫੇਰ ਜਿਉਂਦਾ ਕਰ ਦਿੰਦੀ। ਘਰੇ ਜਵਾਕ ਛੋਟੇ।
ਸਾਰੀ ਆਪਣੇ ਘਰ ਦੀ ਵੀ ਜੁੰਮੇਵਾਰੀ ਉਸ ਦੀ। ਰਾਤ ਨੂੰ ਭਾਨੇ ਨੂੰ ਜਾਗ ਆ ਜਾਂਦੀ ਫੇਰ ਅੱਖ ਨਾ ਮਿਚਦੀ , ਭਾਨਾ ਕਈ
ਵਾਰੀ ਸੋਚਦਾ ਕੀ ਆ ਗਰੀਬ ਕਾਮੇ ਦੀ ਜ਼ਿੰਦਗੀ ਜੇ ਇੱਕ ਵਾਰੀ ਮੁਸੀਬਤ ਜਾਂ ਖੁਸ਼ੀ ਮਨਾ ਲਵੇ, ਸਾਰੀ ਉਮਰ ਕਰਜ਼ਾ ਨੀ ਉਤਰ ਦਾ। ਗਰੀਬ ਦਾ ਤਾਂ ਐਵੇਂ ਜ਼ਿੰਦਗੀ ਦਾ ਭਾਰ ਢੋਹਣ ਵਾਲੀ ਗੱਲ ਹੈ। ਕਈ ਵਾਰੀ ਉਸ ਨੂੰ ਆਪਣੀ ਮੋਈ ਹੋਈ ਜ਼ਿੰਦਗੀ
ਮਹਿਸੂਸ ਹੁੰਦੀ।
ਇਹ ਸਾਰਾ ਕੁਝ ਸੋਚ ਡੂੰਘੀਆਂ
ਪੀੜਾਂ ਨੂੰ ਆਪਣੇ ਅੰਦਰ ਸਮਾ
ਘੁੱਟ ਜਿਹਾ ਭਰ ਮੋਢੇ ਦਾਤੀ ਤੇ
ਹੱਥ ਚਾਹ ਵਾਲਾ ਕੱਪ ਫੜ
ਜਿੰਮੀਦਾਰਾਂ ਦੇ ਘਰ ਵੱਲ ਨੂੰ ਤੁਰ ਪੈਂਦਾ।

ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ
ਫੋਨ ਨੰਬਰ 94658-21417

# ਪ੍ਰੇਰਕ ਪ੍ਰਸੰਗ ਕੀਮਤੀ ਪੱਥਰ

ਪ੍ਰੋ. ਨਵ ਸੰਗੀਤ ਸਿੰਘ

ਇੱਕ ਯੁਵਕ ਕਵਿਤਾਵਾਂ ਲਿਖਦਾ ਸੀ, ਪਰ ਉਹਦੇ ਇਸ ਗੁਣ ਦਾ ਕੋਈ ਮੁੱਲ ਨਹੀਂ ਸੀ ਪਾਉਂਦਾ। ਘਰ ਵਾਲੇ ਵੀ ਉਹਨੂੰ ਤਾਅਨੇ-ਮਿਹਣੇ ਦਿੰਦੇ ਰਹਿੰਦੇ ਕਿ ਤੂੰ ਕਿਸੇ ਕੰਮ ਦਾ ਨਹੀਂ, ਬਸ ਕਾਗਜ਼ ਹੀ ਕਾਲੇ ਕਰਦਾ ਰਹਿੰਦਾ ਹੈਂ। ਉਹਦੇ ਅੰਦਰ ਹੀਣ-ਭਾਵਨਾ ਘਰ ਕਰ ਗਈ। ਉਹਨੇ ਆਪਣੇ ਇੱਕ ਜੌਹਰੀ ਮਿੱਤਰ ਨੂੰ ਆਪਣੀ ਇਹ ਦੁਖਭਰੀ ਕਹਾਣੀ ਸੁਣਾਈ। ਜੌਹਰੀ ਨੇ ਉਹਦੀ ਗੱਲ ਸੁਣ ਕੇ ਉਹਨੂੰ ਇੱਕ ਪੱਥਰ ਦਿੰਦਿਆਂ ਕਿਹਾ, ÷ਜ਼ਰਾ ਮੇਰਾ ਇੱਕ ਕੰਮ ਕਰ ਦੇਹ ! ਇਹ ਇੱਕ ਕੀਮਤੀ ਪੱਥਰ ਹੈ। ਵੱਖ-ਵੱਖ ਤਰ੍ਹਾਂ ਦੇ ਲੋਕਾਂ ਕੋਲੋਂ ਇਹਦੀ ਕੀਮਤ ਦਾ ਪਤਾ ਕਰਕੇ ਆ, ਬਸ ਇਹਨੂੰ ਵੇਚੀਂ ਨਾ।÷

ਯੁਵਕ ਪੱਥਰ ਲੈ ਕੇ ਚਲਾ ਗਿਆ। ਉਹ ਪਹਿਲਾਂ ਇੱਕ ਕਬਾੜੀਏ ਕੋਲ ਗਿਆ। ਕਬਾੜੀਆ ਬੋਲਿਆ, ÷ਪੰਜ ਰੁਪਏ ਵਿੱਚ ਮੈਂ ਇਹਨੂੰ ਖਰੀਦ ਸਕਦਾ ਹਾਂ।÷ ਫਿਰ ਉਹ ਸਬਜ਼ੀ ਵਾਲੇ ਕੋਲ ਗਿਆ। ਉਹਨੇ ਕਿਹਾ, ÷ਤੂੰ ਇੱਕ ਕਿੱਲੋ ਆਲੂਆਂ ਦੇ ਬਦਲੇ ਮੈਨੂੰ ਦੇ ਦੇਹ। ਇਹਨੂੰ ਮੈਂ ਵੱਟੇ ਦੀ ਥਾਂ ਤੇ ਵਰਤ ਲਵਾਂਗਾ।÷ ਇਸ ਪਿੱਛੋਂ ਉਹ ਇੱਕ ਮੂਰਤੀਕਾਰ ਕੋਲ ਗਿਆ। ਮੂਰਤੀਕਾਰ ਨੇ ਕਿਹਾ, ÷ਇਸ ਪੱਥਰ ਦੀ ਮੈਂ ਮੂਰਤੀ ਬਣਾ ਸਕਦਾ ਹਾਂ। ਤੂੰ ਇਹ ਮੈਨੂੰ ਇੱਕ ਹਜ਼ਾਰ ਵਿੱਚ ਦੇ ਦੇਹ।÷ ਆਖ਼ਰਕਾਰ ਯੁਵਕ ਉਸ ਪੱਥਰ ਨੂੰ ਲੈ ਕੇ ਰਤਨਾਂ ਦੇ ਪਾਰਖੂ ਕੋਲ ਗਿਆ। ਉਹਨੇ ਪੱਥਰ ਨੂੰ ਪਰਖ ਕੇ ਕਿਹਾ, ÷ਇਹ ਪੱਥਰ ਬਹੁਤ ਕੀਮਤੀ ਹੈ, ਜੀਹਨੂੰ ਤਰਾਸ਼ਿਆ ਨਹੀਂ ਗਿਆ। ਕਰੋੜਾਂ ਰੁਪਏ ਵੀ ਇਹਦੇ ਲਈ ਘੱਟ ਹਨ।÷ ਯੁਵਕ ਜਦੋਂ ਸਾਰੀ ਜਾਣਕਾਰੀ ਲੈ ਕੇ ਵਾਪਸ ਆਇਆ ਤਾਂ ਜੌਹਰੀ ਨੇ ਦੱਸਿਆ ਕਿ ਇਸ ਪੱਥਰ ਵਾਂਗ ਸਾਡਾ ਜੀਵਨ ਵੀ ਬਹੁਮੁੱਲਾ ਹੈ, ਬਸ ਇਹਨੂੰ ਮਾਹਿਰ ਹੀ ਪਰਖ ਸਕਦਾ ਹੈ। ਹੁਣ ਯੁਵਕ ਦੇ ਅੰਦਰੋਂ ਹੀਣ-ਭਾਵਨਾ ਖਤਮ ਹੋ ਚੁੱਕੀ ਸੀ ਤੇ ਉਹਨੂੰ ਸੰਦੇਸ਼ ਮਿਲ ਚੁੱਕਾ ਸੀ।

# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ) 9417692015.

# ਵਿੜ੍ਹੀ



ਪੁਰਾਤਨ ਸਮੇਂ ਵਿੱਚ ਹੱਥੀਂ ਕੰਮ ਕਰਨ ਦੀ ਪਿਰਤ ਅਤੇ ਖੇਤੀਬਾੜੀ ਮਸ਼ੀਨਰੀ ਦੀ ਘਾਟ ਕਾਰਨ ਖੇਤਾਂ ਵਿੱਚ ਵਹਾਈ ਤੋਂ ਲੈ ਕੇ ਵਢਾਈ ਤੱਕ ਬਲਦਾਂ ਅਤੇ ਖੇਤੀ ਸੰਦਾਂ ਨਾਲ ਹੱਥੀ ਕੰਮ ਕਰਨਾ ਪ੍ਰਚਲਿਤ ਸੀ। ਓਹਨਾਂ ਸਮਿਆਂ ਵਿੱਚ ਨਾ ਬੈਂਕਾਂ ਤੋਂ ਟਰੈਕਟਰਾਂ, ਟਰਾਲੀਆਂ, ਕੰਬਾਈਨਾਂ ਆਦਿ ਲਈ ਲੋਨ ਲੈਣਾ ਤੇ ਨਾ ਕਿਸ਼ਤਾਂ ਦੀ ਚਿੰਤਾ। ਕਿਸਾਨਾ ਕੋਲ ਸਾਧਨ ਭਾਵੇਂ ਘੱਟ ਸਨ ਪਰ ਸਾਰੇ ਖੁਸ਼ ਰਹਿੰਦੇ ਸਨ। ਉਸ ਸਮੇਂ ਹਰ ਪਿੰਡ ਵਿੱਚ ਇੱਕ ਖਾਸ ਰਿਵਾਜ਼ ਪ੍ਰਚਲਿੱਤ ਸੀ, ਜਿਸਦੇ ਚੱਲਦਿਆਂ ਲੋਕ ਖੇਤੀਬਾੜੀ ਦੇ ਕੰਮਾਂ ਵਿੱਚ ਇੱਕ-ਦੂਜੇ ਦਾ ਹੱਥ ਵਟਾਉਂਦੇ ਸਨ। ਕਣਕ, ਝੋਨਾ, ਗੰਨਾ, ਮੱਕੀ, ਪਿਆਜ, ਆਲੂ ਅਤੇ ਹੋਰ ਵੀ ਬਹੁਤ ਸਾਰੀਆਂ ਫ਼ਸਲਾਂ ਨੂੰ ਬੀਜਣਾ,ਗੋਡੀ ਕਰਨਾ, ਵੱਢਣਾ ਅਤੇ ਹੋਰ ਸਾਰੇ ਕੰਮਾਂ, ਜਿਹਨਾਂ ਵਿੱਚ ਬਹੁਤ ਬੰਦਿਆਂ ਦੀ ਲੋੜ ਹੁੰਦੀ, ਨੂੰ ਕਰਨ ਲਈ ਇੱਕ ਕਿਸਾਨ ਆਪਣੀ ਖੇਤੀਬਾੜੀ ਦੇ ਕੰਮਾਂ ਲਈ ਦੂਸਰੇ ਕਿਸਾਨਾਂ ਨਾਲ ਦਿਨ ਵੰਡ ਲੈਂਦੇ ਸਨ ਕਿ ਆਪਾਂ ਇੱਕ-ਇੱਕ ਕਰਕੇ ਸਾਰਿਆਂ ਦੀ ਖੇਤੀਬਾੜੀ ਦਾ ਕੰਮ ਵਾਰੀ ਸਿਰ ਇਕੱਠੇ ਹੋ ਕੇ ਕਰ ਲਵਾਂਗੇ, ਇਸ ਪ੍ਰਥਾ ਨੂੰ ਵਿੜ੍ਹੀ ਕਿਹਾ ਜਾਂਦਾ ਸੀ। ਜੋ ਪਰਿਵਾਰ ਹੋਰਾਂ ਤੋਂ ਵਿੜ੍ਹੀ ਦਾ ਕੰਮ ਕਰਵਾਉਂਦਾ ਸੀ, ਵਿੜ੍ਹੀ ਤੇ ਆਏ ਬੰਦਿਆਂ ਦੇ ਚਾਹ-ਪਾਣੀ ਤੇ ਰੋਟੀ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਉਸਦੀ ਹੁੰਦੀ। ਇਸ ਸਾਦੇ ਜਿਹੇ ਭੋਜਨ ਵਿੱਚ ਦਾਲ, ਰੋਟੀ, ਚੌਲ, ਘਿਓ, ਸ਼ੱਕਰ ਆਦਿ ਦਾ ਪ੍ਰਬੰਧ ਕਰਿਆ ਜਾਂਦਾ ਸੀ। ਸਾਰਾ ਹੀ ਖਾਣ-ਪੀਣ ਵਾਲਾ ਸਮਾਨ ਬੜੀ ਖੁਸ਼ੀ-ਖੁਸ਼ੀ ਵਰਤਾਇਆ, ਖਾਧਾ ਤੇ ਸਰਾਹਿਆ ਵੀ ਜਾਂਦਾ ਸੀ। ਇਸ ਪੁਰਾਤਨ ਰਿਵਾਜ਼ ਦਾ ਫਾਇਦਾ ਇਹ ਹੁੰਦਾ ਸੀ ਕਿ ਫ਼ਸਲ ਬੀਜਣ ਜਾਂ ਵਾਢੀ ਕਰਨ ਵਿੱਚ ਕਿਸੇ ਨੂੰ ਕੋਈ ਮਜ਼ਦੂਰੀ ਨਹੀਂ ਸੀ ਦੇਣੀ ਪੈਂਦੀ ਤੇ ਸਾਰੇ ਰਲ਼ ਕੇ ਰੂਹ ਨਾਲ ਹੱਸਦੇ-ਹੱਸਦੇ ਕੰਮ ਕਰ ਦਿੰਦੇ ਸਨ ਕਿਉਂਕਿ ਸਭ ਨੂੰ ਪਤਾ ਸੀ ਕਿ ਇਹ ਸਾਡਾ ਸਭ ਦਾ ਹੀ ਸਾਂਝਾ ਕੰਮ ਹੈ ਤੇ ਇਸ ਤਰ੍ਹਾਂ ਪੂਰੇ ਯੋਜਨਾਬਧ ਤਰੀਕੇ ਨਾਲ ਫ਼ਸਲ ਦੀ ਬਿਜਾਈ ਤੇ ਵਾਢੀ ਦਾ ਕੰਮ ਨੇਪਰੇ ਚੜ੍ਹ ਜਾਂਦਾ ਸੀ। ਕਿਸੇ ਬੰਦੇ ਤੇ ਕੋਈ ਵਿੱਤੀ ਬੋਝ ਵੀ ਨਹੀਂ ਪੈਂਦਾ ਸੀ। ਅੱਜ ਵੀ ਜਦੋਂ ਬਜ਼ੁਰਗਾਂ ਤੋਂ ਅਜਿਹੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਹਨ ਤਾਂ ਬੜਾ ਕੁਝ ਸਿੱਖਣ ਨੂੰ ਮਿਲਦਾ ਹੈ ਤੇ ਮਨ ਨੂੰ ਸਕੂਨ ਜਿਹਾ ਵੀ ਮਹਿਸੂਸ ਹੁੰਦਾ ਹੈ । ਇਸ ਤਰ੍ਹਾਂ ਜਾਪਦਾ ਹੈ ਕਿ ਪੁਰਾਤਨ ਸਮਾਂ ਅੱਜ ਨਾਲੋਂ ਕਿਤੇ ਵਧੀਆ ਸੀ। ਪੁਰਾਣੀਆਂ ਸਾਂਝਾਂ ਵਰਗੀ ਕੋਈ ਰੀਸ ਨਹੀਂ।

ਵਲੋਂ: ਪਿੰਸੀਪਲ ਰੰਧਾਵਾ ਸਿੰਘ ਪਟਿਆਲਾ 9417131332

# ਅਵੈਕਿਊ ਪ੍ਰਾਪਰਟੀ

ਹਰ ਲਿਖਤ ਦਾ ਕੋਈ ਨਾ ਕੋਈ ਸਬੱਬ ਜਾਂ ਕਾਰਨ ਹੁੰਦਾ ਹੈ ਜਾਂ ਬਣ ਜਾਂਦਾ ਹੈ। ਗਾਇਕ ਸਿੱਧੂ ਮੂਸੇ ਆਲੇ ਦੀ ਮੌਤ ਤੋਂ ਬਾਅਦ ਉਸ ਵਲੋਂ ਬਣਾਈ ਉਸਦੀ ਹਵੇਲੀ ਦੇ ਬਹੁਤ ਚਰਚੇ ਹਨ।ਸਾਡਾ ਪਿੰਡ ਵਾਲਾ ਘਰ ਐਡਾ ਤਾਂ ਨਹੀਂ ਸੀ ਪਰ ਆਪਣੇ ਸਮੇਂ ’ਚ ਆਪਣੇ ਇਲਾਕੇ ’ਚ ਸਭ ਤੋਂ ਵੱਡਾ ਘਰ ਬਣਾਇਆ ਸੀ ਸਾਡੇ ਮਾਂ-ਬਾਪ ਨੇ। ਸਾਡੇ ਜੱਦੀ ਪਿੰਡ ਛਲੇੜੀ ਖੁਰਦ (ਹਸਨਪੁਰ) ਵਿਖੇ ਅੱਜ ਵੀ ਕਿਸੇ ਦੀ ਜਵਾਨੀ ਸੁਣ ਜਾਂ ਪੁੱਛ ਸਕਦੇ ਹੋ।ਉਸ ਸਮੇਂ ਮੈਂ ਬਹੁਤ ਛੋਟਾ ਸੀ।ਘਰਦੇ ਦੱਸਦੇ ਹੁੰਦੇ ਹਨ ਕਿ ਉਸ ਸਮੇਂ ’ਚ ਉਨ੍ਹਾਂ ਨੂੰ ਵੀ ਪਿੰਡ ਘਰ ਬਣਾਉਣ ਤੋਂ ਸਾਰਿਆਂ ਨੇ ਰੋਕਿਆ ਸੀ ਕਿ ਪਿੰਡ ’ਚ ਇੰਨੇ ਪੈਸੇ ਲਗਾਉਣ ਦਾ ਕੀ ਫਾਇਦਾ ਹੈ।ਉਸ ਸਮੇਂ ਪਿੰਡਾਂ ਤੋਂ ਸ਼ਹਿਰਾਂ ਵੱਲ ਪਰਵਾਸ ਦੀ ਟਾਵੀਂ-ਟਾਵੀਂ ਸ਼ੁਰੂਆਤ ਹੋ ਚੁੱਕੀ ਸੀ। ਪਰ ਸਾਡੇ ਮਾਪਿਆਂ ਨੇ 1976 ’ਚ ਸਾਡੇ ਪਿੰਡ ’ਚ ਬਹੁਤ ਵੱਡਾ, ਸੋਹਣਾ ਤੇ ਖੁਲ੍ਹਾ-ਡੁੱਲ੍ਹਾ ਘਰ ਬਣਾਇਆ।

ਅਮਰਬੀਰ ਸਿੰਘ ਚੀਮਾ
ਮੋਬਾਈਲ ਨੰ: 9888940211

ਐਲ ਸ਼ੇਪ ’ਚ ਇੱਕ ਪਾਸਿਓਂ ਸ਼ੁਰੂ ਕਰ ਕੇ ਵੱਡੇ-ਵੱਡੇ 4 ਕਮਰੇ ਤੇ ਪੰਜਵੀਂ ਓਡੀ ਹੀ ਰਸੋਈ।ਰਸੋਈ ਸਮੇਤ ਸਾਰੇ ਕਮਰੇ ਅੰਦਰੋਂ ਵੀ ਆਪਸ ’ਚ ਖੁੱਲ੍ਹਦੇ ਸਨ।ਰਸੋਈ ਤੋਂ ਅੱਗੇ ਭਈਏ ਦਾ ਕਮਰਾ ਸੀ।ਸਾਰੇ ਕਮਰਿਆਂ ਦੇ ਨਾਲੋ-ਨਾਲ ਵੱਡਾ ਸਾਰਾ ਬਰਾਂਡਾ ਤੇ ਉਸਦੇ ਨਾਲ ਹੀ ਖੁੱਲ੍ਹਾ ਜਿਹਾ ਵਿਹੜਾ ਸੀ।ਘਰ ਦੇ ਅੰਦਰ ਭਾਵੇਂ ਟਰੱਕ ਵਾੜ ਦਿਓ।ਪਿੰਡ ਸਾਡਾ ਸ਼ਹਿਰੋਂ ਹਟਵਾਂ ਹੈ, ਉਸ ਸਮੇਂ ਪਿੰਡ ਨਾ ਕੋਈ ਸੜਕ ਸੀ ਤੇ ਨਾ ਹੀ ਬੱਸ, ਇਸਲਈ ਸਰਹਿੰਦ ਰਹਿ ਕੇ ਪੜ੍ਹਾਈ ਕੀਤੀ।20-22 ਸਾਲਾਂ ਬਾਅਦ ਮੇਰੇ ਮਾਪੇ ਵੀ ਸਰਹਿੰਦ ਆ ਗਏ। ਸਾਡਾ ਪਿੰਡ ਵਾਲਾ ਹਵੇਲੀਨੁਮਾ ਘਰ ਵੀਰਾਨ ਹੋ ਗਿਆ।ਪਹਿਲਾਂ-ਪਹਿਲਾਂ ਹਰ ਹਫ਼ਤੇ, ਫੇਰ 15 ਦਿਨੀਂ ਤੇ ਫੇਰ ਪਿੰਡ ਫੇਰਾ ਪਾਉਣ ਨੂੰ ਕਈ ਵਾਰ ਕਈ ਮਹੀਨੇ ਵੀ ਟੱਪ ਜਾਂਦੇ। 5-4 ਮਹੀਨਿਆਂ ਬਾਅਦ ਸਫਾਈ ਵੀ ਕਰਵਾਉਂਦੇ, 5-7 ਸਾਲਾਂ ਬਾਅਦ ਰੰਗ ਰੋਗਨ ਵੀ ਕਰਵਾ ਦਿੰਦੇ। ਸਾਡੇ ਤਿੰਨਾਂ ਭੈਣ-ਭਰਾਵਾਂ ਦੇ ਵਿਆਹਾਂ ਉਪਰੰਤ ਇੱਕ ਵਾਰ ਸਾਰੇ ਘਰ ਦੀ ਮੁਰੰਮਤ ਕਰਵਾ ਕੇ ਪਿੰਡ ਅਖੰਡ ਪਾਠ ਵੀ ਕਰਵਾਇਆ, ਸਾਰੇ ਰਿਸ਼ਤੇਦਾਰ ਸੱਦੇ ਪਰ ਸਿਆਣੇ ਕਹਿੰਦੇ ਨੇ ਕਿ ਘਰ ਤਾਂ ਰਹਿਣ ਦੇ ਹੀ ਹੁੰਦੇ ਹਨ।ਕੁਝ ਦਿਨਾਂ ਬਾਅਦ ਹੀ ਫੇਰ ਉਚਾ-ਉਚਾ ਘਾਹ ਫੁੱਟ ਪੈਂਦਾ।ਦਰਵਾਜਿਆਂ ਤੇ ਖਿੜਕੀਆਂ ਨੂੰ ਸਿਓਂਕ ਖਾ ਗਈ। ਬਰਸਾਤਾਂ ਦੇ ਦਿਨਾਂ ’ਚ ਛੱਤਾਂ ਚੋਣ ਕਾਰਨ ਅੰਦਰ ਪਿਆ ਸਾਮਾਨ ਵੀ ਖਰਾਬ ਹੋ ਗਿਆ।ਵਾਹਦਰਾ ਡਿੱਗਣਾ ਸ਼ੁਰੂ ਹੋ ਗਿਆ ਤੇ ਲੋਹੇ ਦਾ ਵੱਡਾ ਮੇਨ ਗੇਟ ਵੀ ਜੰਗਾਲ ਖਾ ਗਿਆ।ਇੱਕ-ਦੋ ਵਾਰ ਕਿਸੇ ਨੂੰ ਰਹਿਣ ਲਈ ਵੀ ਦਿੱਤਾ ਪਰ ਉਹ ਵੀ ਬਦਲੀ ਹੋ ਜਾਣ ਕਾਰਨ ਜਿਆਦਾ ਦੇਰ ਨਾ ਰਹੇ।ਅਸੀਂ ਆਪਣੇ ਰੁਝੇਵਿਆਂ ’ਚ ਰੁੱਝੇ ਰਹੇ।

ਇੱਕੋ ਪੜਦਾਦੇ ਦੇ ਪੜਪੋਤੇ ਜਵਾਨ ਹੋ ਕੇ ਸ਼ਰੀਕ ਬਣ ਟੱਕਰੇ।ਆਨੇ-ਬਹਾਨੇ ਦਾਅਵੇਦਾਰੀਆਂ ਤੇ ਹਿੱਸੇਦਾਰੀਆਂ ਠੋਕਣ ਲੱਗੇ, ਜਦਕਿ ਉਨ੍ਹਾਂ ਦੇ ਘਰ ਤੇ ਜ਼ਮੀਨ ਸਭ ਕੁਝ ਸ਼ੁਰੂ ਤੋਂ ਹੀ ਵੱਖ ਸੀ। ਬਜ਼ੁਰਗਾਂ ਦੇ ਪੁਰਾਣੇ ਇੱਕਰਾਰਨਾਮੇ ਤੋਂ ਇਲਾਵਾ ਫਰਦ ’ਚ ਵੀ ਨਾਂ ਬੋਲਦਾ ਸੀ।2-1 ਵਾਰ ਉਨ੍ਹਾਂ ਵੱਲੋਂ ਦਿੱਤੀ ਦਰਖਾਸਤ ’ਤੇ ਮਿਣਤੀ ਲਈ ਪਟਵਾਰੀ ਤੇ ਕਾਨੂੰਗੋ ਵੀ ਆਏ ਪਰ ਸਾਰੇ ਕਾਗਜ ਦੇਖ ਉਹ ਵੀ ਵਾਪਸ ਪਰਤ ਗਏ।

ਫੇਰ ਉਨ੍ਹਾਂ ਅਫਵਾਹਾਂ ਫੈਲਾਈਆਂ ਕਿ ਇਥੇ ਤਾਂ ਭੂਤ ਰਹਿੰਦੇ ਹਨ, ਕਦੇ ਕੋਈ ਕਹਿੰਦਾ ਕਿ ਸੱਪ ਘੁੰਮਦੇ ਹਨ।ਇਸ ਤਰਾਂ ਦੀਆਂ ਬੇਸਿਰ ਪੈਰ ਟਿੱਪਣੀਆਂ ਸਾਨੂੰ ਵੀ ਪ੍ਰੇਸ਼ਾਨ ਕਰਨ ਲੱਗੀਆਂ।ਜਦੋਂ ਵੀ ਪਿੰਡ ਜਾਣਾ ਤਾਂ ਉਥੇ ਕਹਿਣਾ ਕਿ ਕੋਠੀ ਤਾਂ ਢਹਿ ਹੀ ਗਈ ਹੈ। ਇੱਕ ਸਾਲ ਬਰਸਾਤਾਂ ’ਚ ਚਾਰਦੀਵਾਰੀ ਵਾਲੀ ਕੰਧ ਡਿੱਗ ਗਈ, ਹੌਲੀ-ਹੌਲੀ ਉਹ ਸਭ ਇੱਟਾਂ ਗਾਇਬ ਹੋ ਗਈਆਂ ਜਾਂ ਚੁੱਕ ਲਈਆਂ। ਏਦਾਂ ਕਰਦੇ ਕਰਦੇ ਵੀ ਕਈ ਸਾਲ ਲੰਘ ਗਏ। ਫੇਰ ਹੋਲੀ-ਹੌਲੀ ਉਨ੍ਹਾਂ ਉਪਰੋਂ ਮਿੱਠੇ ਬਣ ਸਾਨੂੰ ਉਕਤ ਗੱਲਾਂ ’ਚ ਪੁੱਲ੍ਹੋ ਕੇ ਸਾਡਾ ਹਵੇਲੀ ਵਰਗਾ ਘਰ ਸਰਕਾਰੀ ਮੁੱਲ ਤੋਂ ਵੀ ਘੱਟ ਰੇਟ ’ਚ ਖਰੀਦ ਲਿਆ।ਘਰ ਵੇਚਣ ਦੀ ਨਾ ਕੋਈ ਮਜ਼ਬੂਰੀ ਸੀ ਤੇ ਨਾ ਉਹ ਪੈਸੇ ਅਸੀਂ ਆਪਣੇ ਕਿਸੇ ਨਿੱਜੀ ਮੁਨਾਫ ਲਈ ਵਰਤੇ, ਬਲਕਿ ਉਨ੍ਹਾਂ ਪੈਸਿਆਂ ਵਿੱਚ ਹੋਰ ਰਕਮ ਪਾ ਕੇ ਆਪਣੇ ਖੇਤ ਨਾਲ ਲੱਗਦੀ ਅੱਧਾ ਕਿੱਲ੍ਹਾ ਭੋਇੰ ਖਰੀਦ ਲਈ।

ਦਰਅਸਲ ਹਾਲਾਤ ਅਜਿਹੇ ਬਣ ਜਾਂਦੇ ਹਨ ਜਾਂ ਬਣਾ ਦਿੱਤੇ ਜਾਂਦੇ ਹਨ ਜਦੋਂ ਕਈ ਵਾਰ ਨਾ ਚਾਹੁੰਦਿਆਂ ਹੋਇਆਂ ਵੀ ਕੋਈ ਅਜਿਹਾ ਕੰਮ ਹੋ ਜਾਂਦਾ ਹੈ। ਬਾਕੀ ਹੋਣਾ ਤਾਂ ਉਹੀ ਹੈ ਜੋ ਉਸ ਪ੍ਰਮਾਤਮਾ ਨੂੰ ਮਨਜ਼ੂਰ ਹੁੰਦਾ ਹੈ।

ਧਰਮ ਦੇ ਮਸਲੇ ਤੇ ਚਰਚਾ ਛੇੜਦਾ ਵਿਸ਼ੇਸ਼ ਲੇਖ

# ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਰਾਜਨੀਤੀ ਮੁਕਤ ਹੋਣੀ ਚਾਹੀਦੀ ਹੈ




ਸੁਖਵਿੰਦਰ ਸਿੰਘ ਮੁੱਲਾਂਪੁਰ
$. +91 8427454104

ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਵਾਸਤੇ ਸਿੱਖ ਪ੍ਰਤੀਨਿਧ ਪੰਥਕ ਜੱਥਾ ਚੁਣਨ ਵਾਸਤੇ ਸਮੂਹ ਸਿੱਖ ਮੁਖੀਆਂ ਸਿੱਖ ਸੰਗਤਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਵਾਂ ਜਾਰੀ ਕਰਕੇ 15 ਨਵੰਬਰ 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਦਿਆ ਗਿਆ। ਪ੍ਰੋਗਰਾਮ ਅਨੁਸਾਰ 15, 16 ਨਵੰਬਰ ਨੂੰ ਭਾਰੀ ਇਕੱਠ ਹੋਇਆ। 175 ਮੈਂਬਰਾਂ ਦੀ ਕਮੇਟੀ ਬਣਾਈ ਗਈ ਜਿਸ ਦਾ ਨਾਮ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ।

12 ਦਸੰਬਰ 1920 ਨੂੰ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਮੀਟਿੰਗ ਹੋਈ ਇਸ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਵੱਖਰੀ ਇੱਕ ਹੋਰ ਪੰਥਕ ਜੱਥੇਬੰਦੀ ਬਣਾਉਣ ਦਾ ਵਿਚਾਰ ਕੀਤਾ ਜੋ ਸ਼ ?ਰੋਮਣੀ ਗੁਰਦੁਵਾਰਾ ਕਮੇਟੀ ਨੂੰ ਬਾਹਰਲੇ ਮਸਲਿਆਂ ਨੂੰ ਹੱਲ ਕਰਨ ਲਈ ਸਹਿਯੋਗ ਦਿੰਦੀ ਹੋਈ ਮੱਦਦਗਾਰ ਬਣੇਗੀ। ਇਸ ਵਿਚਾਰ ਨੂੰ ਸਭ ਨੇ ਸਹਿਮਤੀ ਦਿੱਤੀ ਫਿਰ ਇਸ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚੋਂ ਜਨਮ ਲੈਕੇ 14 ਦਸੰਬਰ 1920 ਨੂੰ ਇਕ ਵੱਖਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਈ।

ਹੋਣਾ ਤਾਂ ਇੰਝ ਚਾਹੀਦਾ ਸੀ ਸ਼ ?ਰੋਮਣੀ ਅਕਾਲੀ ਦਲ ਪਾਰਟੀ ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਦੀ ਰਜਾ ਵਿਚ ਰਹਿਕੇ ਕੰਮ ਕਰਦੀ ਪਰ ਹੌਲੀ ਹੌਲੀ ਸ਼ ?ਰੋਮਣੀ ਅਕਾਲੀ ਦਲ ਸ਼ ?ਰੋਮਣੀ ਕਮੇਟੀ ਉੱਤੇ ਕਾਬਜ਼ ਹੋ ਗਿਆ। ਸ਼ ?ਰੋਮਣੀ ਕਮੇਟੀ ਦੇ ਮੈਂਬਰਾਂ, ਅਹੁਦੇਦਾਰਾਂ ਅਤੇ ਪ੍ਰਧਾਨ ਦੀ ਚੋਣ ਸ਼ ?ਰੋਮਣੀ ਅਕਾਲੀ ਦਲ ਨੇ ਕਰਨੀ ਸ਼ੁਰੂ ਕਰ ਦਿੱਤੀ। 17 ਜਨਵਰੀ 1960 ਨੂੰ ਸ਼੍ਰੋਮਣੀ ਕਮੇਟੀ ਦੀ ਚੋਣ ਹੋਈ ਉਸ ਟਾਇਮ ਅਕਾਲੀ ਦਲ ਨੇ ਪੰਜਾਬੀ ਸੂਬੇ ਦੇ ਨਾਹਰੇ ਦੇ ਨਾਮ ਉਤੇ 140 ਸੀਟਾਂ ਵਿਚੋਂ 136 ਸੀਟਾਂ ਜਿੱਤ ਲਈਆਂ ਤਿੰਨ ਸੀਟਾਂ ਪਰਤਾਪ ਸਿੰਘ ਕੈਰੋਂ ਦੀ ਸਰਕਾਰੀ ਪਾਰਟੀ 'ਸਾਧ ਸੰਗਤ ਬੋਰਡ' ਨੂੰ ਮਿਲੀਆਂ। ਮਾਸਟਰ ਤਾਰਾ ਸਿੰਘ ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ। ਇਸ ਨੇ ਸ਼ ?ਰੋਮਣੀ ਕਮੇਟੀ ਮੈਂਬਰਾਂ ਨੂੰ ਜਿੱਤਾਕੇ ਇਹ ਅਹਿਸਾਸ ਕਰਵਾ ਦਿੱਤਾ ਕੇ ਅਕਾਲੀ ਦਲ ਨੇ ਤੁਹਾਨੂੰ ਜਿਤਾਇਆ ਹੈ। ਸ਼ ?ਰੋਮਣੀ ਕਮੇਟੀ ਤੇ ਜਿੱਤ ਦਾ ਪ੍ਰਭਾਵ ਛੱਡਕੇ ਮਾਸਟਰ ਤਾਰਾ ਸਿੰਘ ਜਲਦੀ ਹੀ ਅਸਤੀਫ਼ਾ ਦੇਕੇ ਫਿਰ ਰਾਜਨੀਤਕ ਸਰਗਰਮੀਆਂ ਵਿਚ ਕੁੱਦ ਪਏ। ਮਾਸਟਰ ਤਾਰਾ ਸਿੰਘ ਦਾ ਅਕਾਲੀ ਦਲ ਉੱਪਰ ਪ੍ਰਭਾਵ ਹੌਲੀ ਹੌਲੀ ਘਟਣਾ ਸ਼ੁਰੂ ਹੋ ਗਿਆ ਸੀ। ਸੰਤ ਫ਼ਤਿਹ ਸਿੰਘ ਉੱਭਰ ਕੇ ਮੂਹਰੇ ਆਉਣ ਲੱਗੇ 1962 ਵਿੱਚ ਸੰਤ ਫਤਿਹ ਸਿੰਘ ਸ਼ ?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ। ਸੰਤ ਫ਼ਤਿਹ ਸਿੰਘ ਨੇ ਆਪਣੇ ਬਹੁਤ ਹੀ ਕਰੀਬੀ ਅਤੇ ਵਿਸ਼ਵਾਸ਼ ਪਾਤਰ ਸਮਝੇ ਜਾਂਦੇ ਸੰਤ ਚੰਨਣ ਸਿੰਘ ਨੂੰ 2 ਅਕਤੂਬਰ 1962 ਨੂੰ ਸ਼ ?ਰੋਮਣੀ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਥਾਪ ਦਿੱਤਾ ਇਹ ਦੋਵਾਂ ਦੀ ਜੋੜੀ ਦਸ ਸਾਲ ਤੱਕ ਚੱਲੀ। ਸੰਤ ਫ਼ਤਿਹ ਸਿੰਘ ਨੇ ਸੰਤ ਚੰਨਣ ਸਿੰਘ ਨੂੰ ਸ਼ ?ਰੋਮਣੀ ਕਮੇਟੀ ਦਾ ਪ੍ਰਧਾਨ ਬਣਾਕੇ ਸ਼ ?ਰੋਮਣੀ ਕਮੇਟੀ ਤੇ ਆਪਣਾ ਕਬਜ਼ਾ ਕਰੀ ਰੱਖਿਆ। ਸ਼ ?ਰੋਮਣੀ ਅਕਾਲੀ ਦਲ ਪਾਰਟੀ ਸ਼ ?ਰੋਮਣੀ ਕਮੇਟੀ ਨੂੰ ਆਪਣੇ ਨਿੱਜੀ ਸੁਆਰਥਾਂ ਖ਼ਾਤਰ ਵਰਤਦੀ ਆਈ ਹੈ। ਜੱਥੇਦਾਰ ਜਗਦੇਵ ਸਿੰਘ ਤਲਵੰਡੀ ਇਕ ਸਿਰਕੱਢ ਅਕਾਲੀ ਆਗੂ ਸਨ। ਇਨ੍ਹਾਂ ਤੋਂ ਪ੍ਰਕਾਸ਼ ਸਿੰਘ ਬਾਦਲ ਨੂੰ ਰਾਜਨੀਤਕ ਖ਼ਤਰਾ ਸੀ। ਬਾਦਲ ਨੇ ਜਗਦੇਵ ਸਿੰਘ ਤਲਵੰਡੀ ਨੂੰ ਸ਼ ?ਰੋਮਣੀ ਕਮੇਟੀ ਦਾ ਪ੍ਰਧਾਨ ਬਣਾਕੇ ਰਾਜਨੀਤੀ ਵਾਲੇ ਪਾਸੇ ਆਪਣਾ ਰਾਹ ਪੱਧਰਾ ਕਰ ਲਿਆ ਤਾਂ ਕੇ ਵਿਧਾਨ ਸਭਾ ਚੋਣਾਂ ਵਿੱਚ ਤਲਵੰਡੀ ਮੁੱਖ ਮੰਤਰੀ ਦੀ ਕੁਰਸੀ ਦਾ ਦਾਅਵੇਦਾਰ ਨਾ ਬਣੇ! 12 ਨਵੰਬਰ 2002 ਵਿਚ ਸ਼ ?ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਹੋਈ। ਬਾਦਲ ਅਕਾਲੀ ਦਲ ਦੇ ਪ੍ਰਧਾਨ ਪਰਕਾਸ਼ ਸਿੰਘ ਬਾਦਲ ਨੇ ਕ੍ਰਿਪਾਲ ਸਿੰਘ ਬਡੂੰਗਰ ਨੂੰ ਸ਼ ?ਰੋਮਣੀ ਕਮੇਟੀ ਦਾ ਪ੍ਰਧਾਨ ਬਣਾਕੇ ਸ਼ ?ਰੋਮਣੀ ਕਮੇਟੀ ਕੇ ਕਾਬਜ਼ਾ ਕਰ ਲਿਆ। ਬਾਦਲ ਪਰਿਵਾਰ ਬੀਬੀ ਜਗੀਰ ਕੌਰ ਅਤੇ ਗੌਬਿੰਦ ਸਿੰਘ ਲੋਂਗੋਵਾਲ ਨੂੰ ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਬਣਾਉਂਦਾ ਰਿਹਾ। ਫ਼ਰਵਰੀ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਹ ਦੋਵੇਂ ਬੁਰੀ ਤਰਾਂ ਹਾਰ ਗਏ। ਜਿਹੜੇ ਵਿਆਕਤੀਆਂ ਨੂੰ ਲੋਕ ਚਹੁੰਦੇ ਨਹੀਂ ਉਹਨਾਂ ਨੂੰ ਸਿਆਸਤ ਦੇ ਦਬਾਅ ਹੇਠ ਸ਼ ?ਰੋਮਣੀ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾਉਣਾ ਕਿੰਨਾਂ ਕੁ ਜਾਇਜ ਹੈ? ਸਿਆਸੀ ਦਬਾਅ ਹੇਠ 2011 ਤੋਂ ਬਾਅਦ ਸ਼ ?ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੀ ਚੋਣ ਨਹੀਂ ਹੋਈ। ਹਰ ਸਾਲ ਪੁਰਾਣੀ ਪ੍ਰਬੰਧਕ ਕਮੇਟੀ ਸਿਆਸਤ ਦੇ ਦਬਾਅ ਹੇਠ ਸ਼ ?ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਕਰਦੀ ਹੈ। ਲੋੜ ਹੈ ਸਿੱਖ ਕੌਮ ਨੂੰ ਜਾਗਰਤ ਹੋਕੇ ਰਾਜਨੀਤਕ ਲੋਕਾਂ ਕੋਲੋਂ ਆਪਣੇ ਗੁਰਦੁਆਰੇ ਆਜ਼ਾਦ ਕਰਵਾਉਣ ਦੀ ਜਦ ਸਿੱਖਾਂ ਨੇ ਇਤਨੀ ਜਦੋ ਜਹਿਦ ਕਰਕੇ ਆਪਣਾ ਧਰਮ ਅਤੇ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਇਆ ਹੈ ਅੱਜ ਵੀ ਲੋੜ ਹੈ ਰਾਜਨੀਤੀ ਤੋਂ ਬਗੈਰ ਸ਼ ?ਰੋਮਣੀ ਕਮੇਟੀ ਦੇ ਮੈਂਬਰ ਬਣਕੇ ਮੂਹਰੇ ਆਉਣ ਉਹ ਸਾਰੇ ਰੱਲ ਕੇ ਯੋਗ ਪ੍ਰਧਾਨ ਦੀ ਚੋਣ ਕਰਨ। ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸਹੀ ਦਿਸ਼ਾ ਵੱਲ ਲੈਕੇ ਜਾਣ ਨਹੀਂ ਤਾਂ ਜਿੰਨਾ ਲੇਟ ਹੁੰਦੇ ਜਾਵਾਂਗੇ ਉਲਝੀ ਤਾਣੀ ਨੂੰ ਸਵਾਰਨ ਲਈ ਕਠਨਾਈਆਂ ਭਰਿਆ ਬਹੁਤ ਸਮਾਂ ਲੱਗੇਗਾ।

# ਸਮਾਜਕ ਬਣਤਰ 'ਤੇ ਪੈ ਰਹੇ ਪੱਛਮੀ ਪ੍ਰਭਾਵ: ਕਾਰਨ ਅਤੇ ਨਿਵਾਰਣ



ਡਾ: ਨਿਸ਼ਾਨ ਸਿੰਘ ਰਾਠੌਰ
ਸੰਪਰਕ: 90414-98009

ਭਾਰਤੀ ਸਮਾਜਕ ਪਰੰਪਰਾ ਦੇ ਅੰਤਰਗਤ ਇਹ ਸਿਧਾਂਤ ਪੇਸ਼ ਕੀਤਾ ਜਾਂਦਾ ਹੈ ਕਿ 'ਸਮਾਜ' ਤੋਂ ਬਿਨਾਂ ਮਨੁੱਖ ਦੇ ਜੀਵਨ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ। ਦੂਜੇ ਸ਼ਬਦਾਂ ਵਿਚ; ਸਮਾਜ ਦੀ ਅਣਹੋਂਦ ਮਨੁੱਖੀ ਜੀਵਨ ਦੀ ਅਣਹੋਂਦ ਮੰਨੀ ਜਾਂਦੀ ਹੈ। ਇੱਥੇ ਖ਼ਾਸ ਗੱਲ ਇਹ ਹੈ ਕਿ ਜਿੱਥੇ (ਜਿਸ ਜਗ੍ਹਾ 'ਤੇ ਵੀ) ਸਮਾਜਕ ਬਣਤਰ ਦਰੁਸਤ ਅਤੇ ਪੁਖ਼ਤਾ ਪ੍ਰਬੰਧ ਅਧੀਨ ਗਤੀਸ਼ੀਲ ਹੁੰਦੀ ਹੈ ਉੱਥੇ ਮਨੁੱਖੀ ਜੀਵਨ ਵਧੇਰੇ ਆਰਾਮਦਾਇਕ ਅਤੇ ਸੁਖਾਲਾ ਹੁੰਦਾ ਹੈ। ਪਰੰਤੂ ਦੂਜੇ ਪਾਸੇ, ਜਿੱਥੇ ਸਮਾਜਕ ਬਣਤਰ ਕਮਜ਼ੋਰ ਅਤੇ ਢਿੱਲੇ ਪ੍ਰਬੰਧ ਅਧੀਨ ਗਤੀਸ਼ੀਲ ਹੁੰਦੀ ਹੈ ਉੱਥੇ ਮਨੁੱਖ ਦਾ ਜੀਵਨ ਅਮੂਮਨ ਕਠਿਨਾਈਆਂ ਅਤੇ ਜਟਿਲ ਮੁਸ਼ਕਲਾਂ ਭਰਿਆ ਹੁੰਦਾ ਹੈ। ਖ਼ੈਰ, ਸਾਡੇ ਹੱਥਲੇ ਲੇਖ ਦਾ ਮੂਲ ਮਨੋਰਥ 'ਸਮਾਜਕ ਬਣਤਰ 'ਤੇ ਪੈ ਰਹੇ ਪੱਛਮੀ ਪ੍ਰਭਾਵ: ਕਾਰਨ ਅਤੇ ਨਿਵਾਰਣ' ਉੱਪਰ ਕੇਂਦਰਿਤ ਹੈ। ਇਸ ਲਈ ਪੱਛਮੀ ਪ੍ਰਭਾਵਾਂ ਦੇ ਨਾਕਾਰਮਤਕ ਪ੍ਰਭਾਵਾਂ ਅਤੇ ਉਹਨਾਂ ਤੋਂ ਬਚਣ ਦੇ ਨੁਕਤਿਆਂ ਉੱਪਰ ਸੰਖੇਪ ਰੂਪ ਵਿਚ ਚਰਚਾ ਕੀਤੀ ਜਾਵੇਗੀ ਤਾਂ ਕਿ ਲੇਖ ਨੂੰ ਵੱਡ ਆਕਾਰੀ ਹੋਣ ਤੋਂ ਰੋਕਿਆ ਜਾ ਸਕੇ ਅਤੇ ਸਾਰਥਕ ਨਤੀਜੇ ਪ੍ਰਾਪਤ ਕੀਤੇ ਜਾ ਸਕਣ।

ਮਨੁੱਖੀ ਸੱਭਿਅਤਾ ਦੀ ਆਰੰਭਤਾ ਤੋਂ ਹੀ ਇਹ ਸਿਧਾਂਤ ਗਤੀਮਾਨ ਹੈ ਕਿ ਇੱਕ ਸੱਭਿਅਤਾ ਦਾ ਦੂਜੀ ਸੱਭਿਅਤਾ 'ਤੇ ਪ੍ਰਭਾਵ ਪੈਂਦਾ ਹੈ। ਉਹ ਭਾਵੇਂ ਨਾਕਾਰਤਮਕ ਪ੍ਰਭਾਵ ਹੋਣ ਅਤੇ ਭਾਵੇਂ ਸਾਕਾਰਤਮਕ ਪ੍ਰਭਾਵ। ਇਹ ਪ੍ਰਭਾਵ ਸਮੁੱਚੀ ਸੱਭਿਅਤਾ/ ਸਮਾਜ ਅਤੇ ਸਮਾਜਕ ਬਣਤਰ ਉੱਪਰ ਮਨ ਇੱਛਤ ਪ੍ਰਭਾਵ ਤਾਂ ਨਹੀਂ ਪਾ ਪਾਉਂਦੇ ਪਰੰਤੂ ਇਹਨਾਂ ਪ੍ਰਭਾਵਾਂ ਨੂੰ 100 ਫ਼ੀਸਦੀ ਰੋਕਿਆ ਵੀ ਨਹੀਂ ਜਾ ਸਕਦਾ। ਭਾਵ ਹਰ ਸੱਭਿਅਤਾ ਆਪਣੇ ਅੰਦਰ ਕੁਝ ਨਾ ਕੁਝ ਤਬਦੀਲੀਆਂ ਪ੍ਰਵਾਨ ਕਰਦੀ ਰਹਿੰਦੀ ਹੈ। ਇਹ ਤਬਦੀਲੀ ਇੱਕੋ ਸਮੇਂ ਵਿਚ ਜਾਂ ਇੱਕੋ ਵਾਰ ਨਹੀਂ ਹੁੰਦੀ ਬਲਕਿ ਸਹਿਜੇ-ਸਹਿਜੇ ਲੰਮੇਂ ਸਮੇਂ ਵਿਚ ਗਤੀਮਾਨ ਹੁੰਦੀ ਹੈ। ਖ਼ੈਰ,

ਸਮਾਜਕ ਵਿਗਿਆਨ ਦਾ ਅਧਿਐਨ ਕਰਦਿਆਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਅੱਜ ਦਾ ਮਨੁੱਖ 'ਸਮਾਜਕ ਬਣਤਰ' ਦੇ ਮੂਲ ਸਿਧਾਂਤ ਤੋਂ 'ਥਿੜਕਦਾ' ਨਜ਼ਰ ਆ ਰਿਹਾ ਹੈ। ਇਸਦਾ ਇੱਕ ਕਾਰਨ ਇਹ ਵੀ ਹੈ ਕਿ ਅਜੋਕਾ ਮਨੁੱਖ ਇਕਲਾਪੇ ਦਾ ਸੰਤਾਪ ਹੰਢਾ ਰਿਹਾ ਹੈ। ਮਨੁੱਖ ਵਿਚੋਂ ਮਨੁੱਖਤਾ ਖ਼ਤਮ ਹੁੰਦੀ ਜਾ ਰਹੀ ਹੈ। ਮਨੁੱਖ ਭੱਜਦੌੜ ਦੀ ਜਿ ?ਦਗੀ ਜੀਅ ਰਿਹਾ ਹੈ/ ਮਸ਼ੀਨੀ ਦੌਰ ਵਿਚ 'ਮਸ਼ੀਨ' ਬਣ ਕੇ ਰਹਿ ਗਿਆ ਹੈ। ਕੋਮਲ ਸੰਵੇਦਨਾਵਾਂ ਦੀ ਅਣਹੋਂਦ ਨੇ 'ਆਦਰਸ਼ਕ ਸਮਾਜ' ਦੀ ਸਿਰਜਣਾ ਵਿਚ ਅੜਿੱਕਾ ਪੈਦਾ ਕਰ ਦਿੱਤਾ ਹੈ। ਅੱਜ ਸਮਾਜਕ ਬਣਤਰ ਦੇ ਬਨਿਆਦੀ ਸਿਧਾਂਤ ਖ਼ਤਮ ਹੁੰਦੇ ਦਿਖਾਈ ਦੇ ਰਹੇ ਹਨ।

ਅਜੋਕੇ ਮਨੁੱਖ ਦਾ ਮੂਲ ਮਨੋਰਥ ਪੈਸਾ, ਤਰੱਕੀ ਅਤੇ ਐਸ਼ੋ-ਆਰਾਮ ਦਾ ਜੀਵਨ ਹੋ ਗਿਆ ਹੈ। ਇਸ ਲਈ ਕੋਮਲ ਸੰਵੇਦਨਾਵਾਂ/ ਸਮਾਜਕਤਾ ਅਤੇ ਕਾਰ-ਵਿਹਾਰ ਵਿਚ 'ਪੱਛਮੀ ਪ੍ਰਭਾਵ' ਦੇਖਣ ਨੂੰ ਮਿਲ ਰਹੇ ਹਨ। ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਪੱਛਮੀ ਪਰੰਪਰਾ ਵਿਚ 'ਸਮਾਜ' ਰੂਪੀ ਥੰਮ੍ਹ ਨੂੰ ਕੋਈ ਜਿ ?ਆਦਾ ਤਵੱਜੋਂ/ ਅਹਿਮੀਅਤ ਨਹੀਂ ਦਿੱਤੀ ਜਾਂਦੀ। ਇਹ ਪਰੰਪਰਾ 'ਸਵੈ' ਤੀਕ ਸੀਮਤ ਪਰੰਪਰਾ ਕਹੀ ਜਾਂਦੀ ਹੈ। ਇਸ ਵਿਚ 'ਪਰਿਵਾਰ' ਅਤੇ 'ਸਮਾਜ' ਕੋਈ ਬਹੁਤਾ ਵੱਡਾ ਸਥਾਨ ਨਹੀਂ ਸਮਝੇ ਜਾਂਦੇ। ਇੱਥੇ ਪਰਿਵਾਰ ਅਤੇ ਸਮਾਜ ਨਾਲੋਂ ਆਪਣੇ ਨਿੱਜ ਦੇ ਹਿੱਤ/ ਨਫ਼ੇ ਵਧੇਰੇ ਭਾਰੂ ਹੁੰਦੇ ਹਨ। ਹੁਣ ਇਹ ਪ੍ਰਭਾਵ ਭਾਰਤੀ ਪਰੰਪਰਾ (ਸਮਾਜਕ ਬਣਤਰ) ਵਿਚ ਆਉਣੇ ਸ਼ੁਰੂ ਹੋ ਗਏ ਹਨ। ਵੱਡੇ ਸ਼ਹਿਰਾਂ ਵਿਚ ਇਹ ਪ੍ਰਭਾਵ ਆਪਣੀਆਂ ਜੜ੍ਹਾਂ ਨੂੰ ਡੂੰਘਾ ਕਰ ਚੁਕੇ ਹਨ। ਪਰੰਤੂ ਹੁਣ ਸਹਿਜੇ-ਸਹਿਜੇ ਨਿੱਕੇ ਸ਼ਹਿਰਾਂ ਅਤੇ ਪਿੰਡਾਂ ਵਿਚ ਵੀ ਇਹ 'ਪ੍ਰਭਾਵ' ਆਪਣਾ ਅਸਰ ਦਿਖਾਉਣ ਲੱਗ ਪਏ ਹਨ।

ਪਰ ਦੂਜੇ ਪਾਸੇ, ਭਾਰਤੀ ਸਮਾਜਕ ਪਰੰਪਰਾ ਵਿਚ 'ਸਮਾਜ' ਦੀ ਥਾਂ ਨੂੰ ਸਭ ਤੋਂ ਉੱਚੀ ਅਤੇ ਨਵੇਕਲੀ ਮੰਨਿਆ ਜਾਂਦਾ ਹੈ। ਮਨੁੱਖ; ਸਮਾਜ ਤੋਂ ਬਿਨਾਂ ਨਹੀਂ ਰਹਿ ਸਕਦਾ। ਭਾਰਤੀ ਪਰੰਪਰਾ ਦੇ ਮੂਲ ਸਿਧਾਂਤ ਦੇ ਅਨੁਰੂਪ 'ਸਮਾਜ' ਮਨੁੱਖ ਦੇ ਸਰਵਪੱਖੀ ਵਿਕਾਸ ਵਿਚ ਅਹਿਮ ਰੋਲ ਅਦਾ ਕਰਦਾ ਹੈ। ਪਰੰਤੂ ਹੁਣ ਇਸ ਸਮਾਜਕ ਬਣਤਰ ਨੂੰ ਪੱਛਮ ਦੇ ਪ੍ਰਭਾਵ ਨੇ ਸਹਿਜੇ-ਸਹਿਜੇ ਖ਼ੋਰਾ ਲਾਉਣਾ ਸ਼ੁਰੂ ਕਰ ਦਿੱਤਾ ਹੈ।

ਅੱਜ ਨੌਜਵਾਨ ਵਰਗ ਚੰਗੇ ਭੱਵਿਖ ਲਈ ਇਸ ਕਦਰ ਚਿੰਤਾਗ੍ਰਸਤ ਹੈ ਕਿ ਹੁਣ ਉਹਨਾਂ ਦੀਆਂ ਨਜ਼ਰਾਂ ਵਿਚ ਸਮਾਜ ਵਾਧੂ ਦਾ ਭਾਰ ਬਣ ਕੇ ਰਹਿ ਗਿਆ ਹੈ। ਅੱਜ ਦਾ ਨੌਜਵਾਨ ਸਮਾਜਕ ਰਿਸ਼ਤਿਆਂ ਨੂੰ ਭੁੱਲਦਾ ਜਾ ਰਿਹਾ ਹੈ। ਸਮਾਜ ਵਿਚ ਮਾਂ-ਬਾਪ ਦੀ ਤਵੱਜੋਂ ਘੱਟਣੀ ਆਰੰਭ ਹੋ ਗਈ ਹੈ। ਘਰਾਂ ਵਿਚ ਲੜਾਈ-ਝਗੜੇ ਆਮ ਦੇਖਣ ਨੂੰ ਮਿਲਦੇ ਹਨ। ਇਹਨਾਂ ਝਗੜਿਆਂ ਦਾ ਮੂਲ ਕਾਰਨ ਨਿੱਕੀਆਂ-ਨਿੱਕੀਆਂ ਘਟਨਾਵਾਂ/ ਗੱਲਾਂ ਹਨ। ਇੱਥੇ ਇਕੱਲੇ ਬੱਚਿਆਂ/ ਨੌਜਵਾਨਾਂ ਦੀ ਗੱਲ ਨਹੀਂ ਕੀਤੀ ਜਾ ਰਹੀ ਬਲਕਿ ਔਰਤਾਂ ਵਿਚੋਂ 'ਮਮਤਾ' ਦਾ ਮੂਲ ਤੱਤ ਗੁਆਚਦਾ ਜਾ ਰਿਹਾ ਹੈ। ਬਜ਼ੁਰਗਾਂ ਵਿਚੋਂ ਸਹਿਣਸ਼ੀਲਤਾ/ ਸਿਆਪਣ ਅਤੇ ਹਲੀਮੀ ਦੀ ਅਣਹੋਂਦ ਦੇਖਣ ਨੂੰ ਮਿਲ ਰਹੀ ਹੈ। ਉਮਰ ਦੇ ਤਜ਼ੁਰਬੇ ਕਿਤੇ ਗੁਆਚਦੇ ਨਜ਼ਰ ਆ ਰਹੇ ਹਨ। ਕੁਲ ਮਿਲਾ ਕੇ ਸਮਾਜਕ ਬਣਤਰ ਸਹਿਜੇ-ਸਹਿਜੇ ਖੁਰਦੀ ਜਾ ਰਹੀ ਹੈ/ ਢਹਿੰਦੀ ਜਾ ਰਹੀ ਹੈ।

ਇੱਕ ਉਦਾਹਰਣ ਦੇ ਤੌਰ 'ਤੇ ; ਪੱਛਮੀ ਪ੍ਰਭਾਵ ਦੇ ਨਤੀਜੇ ਵੱਜੋਂ 'ਬਿਰਧ ਆਸ਼ਰਮਾਂ' ਨੇ ਸਾਡੇ ਸਮਾਜ ਵਿੱਚ ਆਪਣੀ 'ਥਾਂ' ਪੱਕੀ ਕਰ ਲਈ ਹੈ। ਅੱਜ ਵੱਡੇ ਸ਼ਹਿਰਾਂ ਦੇ ਨਾਲ-ਨਾਲ ਨਿੱਕੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਵੀ 'ਬਿਰਧ ਆਸ਼ਰਮਾਂ' ਦਾ ਜ਼ਾਲ ਦੇਖਿਆ ਜਾ ਸਕਦਾ ਹੈ। ਇਹ 'ਬਿਰਧ ਆਸ਼ਰਮ' ਭਾਰਤੀ ਸਮਾਜਕ ਪਰੰਪਰਾ ਦਾ ਹਿੱਸਾ ਨਹੀਂ ਕਹੇ ਜਾ ਸਕਦੇ। ਇਹ ਤਾਂ ਪੱਛਮੀ ਪ੍ਰਭਾਵ ਦਾ ਨਤੀਜਾ ਕਹੇ ਜਾ ਸਕਦੇ ਹਨ।

ਦੂਜੇ ਪਾਸੇ, ਅੱਜ ਅਖ਼ਬਾਰਾਂ ਇਹਨਾਂ ਖ਼ਬਰਾਂ ਨਾਲ ਭਰੀਆਂ ਹੁੰਦੀਆਂ ਹਨ ਜਿਹਨਾਂ ਵਿਚ ਸਮਾਜਕ ਰਿਸ਼ਤੇ ਤਾਰ-ਤਾਰ ਹੋਏ ਹੁੰਦੇ ਹਨ। ਬੱਚਿਆਂ ਵੱਲੋਂ ਮਾਂ-ਬਾਪ ਦਾ ਕਤਲ, ਮਾਂ-ਬਾਪ ਵੱਲੋਂ ਬੱਚਿਆਂ ਦਾ ਕਤਲ, ਭਰਾ ਹੱਥੋਂ ਭਰਾ ਦਾ ਕਤਲ ਆਦਿਕ ਰਿਸ਼ਤਿਆਂ ਨੂੰ ਖੇਰੂ-ਖੇਰੂ ਕਰਦੀਆਂ ਖ਼ਬਰਾਂ ਨਿੱਤ ਦਿਨ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ। ਇਹ ਸਭ ਘਟਨਾਵਾਂ/ ਖ਼ਬਰਾਂ ਭਾਰਤੀ ਸਮਾਜਕ ਬਣਤਰ ਦਾ ਵਿਗੜਿਆ ਹੋਇਆ ਰੂਪ ਕਹੀਆਂ ਜਾ ਸਕਦੀਆਂ ਹਨ।

ਭਾਰਤੀ ਪਰੰਪਰਾ ਅਤੇ ਸਮਾਜਕ ਬਣਤਰ ਵਿਚ ਤਾਂ 'ਸਰਵਣ ਪੁੱਤਰਾਂ' ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਰਹੀਆਂ ਹਨ। ਇੱਥੇ 'ਭਰਤ' ਵਰਗੇ ਭਰਾ ਦੀ ਉਦਾਹਰਣ ਆਮ ਲੋਕਾਂ ਲਈ ਮਿਸਾਲ ਬਣਦੀ ਹੈ ਜਿਸਨੇ ਆਪਣੇ ਭਰਾ (ਰਾਮ ਜੀ) ਦੀਆਂ ਖੜਾਵਾਂ ਨੂੰ ਰਾਜ ਗੱਦੀ ਉੱਪਰ ਰੱਖ ਕੇ ਰਾਜ ਕੀਤਾ ਅਤੇ ਆਪਣੇ ਭਰਾ ਨਾਲ ਵਫ਼ਾਦਾਰੀ ਨਿਭਾਈ। ਇੱਥੇ ਮਿੱਤਰਤਾ ਲਈ ਕ੍ਰਿਸ਼ਨ ਜੀ ਅਤੇ ਸੁਦਾਮਾ ਦੀ ਸਾਖੀ ਬੱਚਿਆਂ ਨੂੰ ਸੁਣਾਈ ਜਾਂਦੀ ਹੈ। ਪਰੰਤੂ ਇਹਨਾਂ ਉੱਤਮ ਸਾਖੀਆਂ ਤੋਂ ਸਾਡਾ ਅੱਜ ਦਾ ਨੌਜਵਾਨ ਵਰਗ ਸੇਧ ਨਹੀਂ ਲੈ ਰਿਹਾ ਬਲਕਿ ਪੱਛਮੀ ਸੱਭਿਅਤਾ ਦੇ ਪ੍ਰਭਾਵ ਦਾ ਵਧੇਰੇ ਅਸਰ ਕਬੂਲ ਰਿਹਾ ਹੈ। ਇਸ ਲਈ ਜਿੱਥੇ ਨੌਜਵਾਨਾਂ ਨੂੰ ਸਵੈ-ਪੜਚੋਲ ਕਰਨੀ ਚਾਹੀਦੀ ਹੈ ਉੱਥੇ ਹੀ ਅਜੋਕੇ ਮਾਂ-ਬਾਪ ਨੂੰ ਵੀ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ ਕਿ ਉਹ ਕਿਸ ਤਰ੍ਹਾਂ ਦੀ ਸਿੱਖਿਆ ਆਪਣੇ ਬੱਚਿਆਂ ਨੂੰ ਦੇ ਰਹੇ ਹਨ? ਜਿਹੜੇ ਮਾਂ-ਬਾਪ ਖ਼ੁਦ ਚੰਗੇ ਧੀਆਂ-ਪੁੱਤਰ ਨਹੀਂ ਬਣਦੇ ਫੇਰ ਉਹਨਾਂ ਦੇ ਧੀਆਂ-ਪੁੱਤਰ ਵੀ ਚੰਗੇ ਧੀਆਂ-ਪੁੱਤਰ ਨਹੀਂ ਬਣ ਪਾਉਣਗੇ। ਜੇਕਰ ਅਸੀਂ ਆਪਣੇ ਮਾਂ-ਬਾਪ ਲਈ 'ਸਰਵਣ ਪੁਤਰ' ਬਣਾਂਗੇ ਤਾਂ ਹੀ ਸਾਡੇ ਧੀਆਂ-ਪੁੱਤਰ ਸਾਡੇ ਲਈ ਸਰਵਣ ਪੁੱਤਰ ਬਣਨ ਦੇ ਰਾਹ ਪੈਣਗੇ। ਪਰੰਤੂ! ਇਹ ਸਭ ਕੁਝ ਹੁੰਦਾ ਕਦੋਂ ਹੈ? ਇਹ ਅਜੇ ਭੱਵਿਖ ਦੀ ਕੁੱਖ ਵਿੱਚ ਹੈ। ਉਪਰੋਕਤ ਚਰਚਾ ਵਿਚ ਕੇਵਲ 'ਸਮਾਜਕ ਰਿਸ਼ਤਿਆਂ' ਦੇ ਸੰਦਰਭ ਵਿਚ ਸਮਾਜਕ ਬਣਤਰ 'ਤੇ ਪੈਂਦੇ ਨਾਕਾਰਤਮਕ ਪ੍ਰਭਾਵਾਂ ਬਾਰੇ ਗੱਲ ਕੀਤੀ ਗਈ ਹੈ ਪਰੰਤੂ ਇਹ ਚਰਚਾ ਕੇਵਲ ਇੱਥੋਂ ਤੀਕ ਸੀਮਤ ਚਰਚਾ ਨਹੀਂ ਹੈ। ਸਮਾਜਕ ਬਣਤਰ ਵਿਚ ਕੇਵਲ ਮਨੁੱਖੀ ਰਿਸ਼ਤਿਆਂ-ਨਾਤਿਆਂ ਨੂੰ ਹੀ ਨਹੀਂ ਸਮਝਿਆ ਜਾਂਦਾ ਬਲਕਿ ਰਹੁ-ਰੀਤਾਂ, ਤਿਉਹਾਰਾਂ, ਰਹਿਣ-ਸਹਿਣ, ਆਰਥਕਤਾ, ਸਮਾਜਕਤਾ, ਔਰਤ ਦੀ ਸਥਿਤੀ, ਮਨੁੱਖੀ ਮਨੋਬਿਰਤੀਆਂ, ਸੁਪਨੇ, ਬੋਲੀ, ਪਹਿਰਾਵਾ ਅਤੇ ਵਿਚਾਰ ਆਦਿਕ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ। ਭਾਰਤੀ ਸਮਾਜਕ ਬਣਤਰ ਉੱਪਰ ਇਹਨਾਂ ਸੰਦਰਭਾਂ ਦਾ ਹਵਾਲਾ ਵੀ ਦਿੱਤਾ ਜਾ ਸਕਦਾ ਹੈ ਕਿ ਪੱਛਮੀ ਪ੍ਰਭਾਵ ਕਰਕੇ ਉਪਰੋਕਤ ਹਵਾਲਿਆਂ ਉੱਪਰ ਕਿਸ ਤਰ੍ਹਾਂ ਦਾ ਪ੍ਰਭਾਵ ਪੈ ਰਿਹਾ ਹੈ? ਅੱਜ ਜਿੱਥੇ ਸ਼ੁੱਧ 'ਬੋਲੀ' ਸਮਾਪਤ ਹੋ ਰਹੀ ਹੈ ਉੱਥੇ ਹੀ ਮਨੁੱਖ ਦੇ ਪਹਿਰਾਵੇ ਵੀ ਬਦਲ ਰਹੇ ਹਨ। ਅੱਜ ਦੇ ਮਨੁੱਖ ਦੇ ਵਿਚਾਰ, ਸੁਪਨੇ ਅਤੇ ਮਨੋਬਿਰਤੀਆਂ ਵਿਚ ਵੀ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਇਹ ਸਭ ਪ੍ਰਭਾਵ ਵੀ ਗੰਭੀਰ ਚਰਚਾ ਦੀ ਮੰਗ ਕਰਦੇ ਹਨ। ਪਹਿਰਾਵੇ ਦੇ ਸੰਦਰਭ ਵਿਚ ਗੱਲ ਕਰਨ 'ਤੇ; ਅੱਜ ਕੁੜਤੇ-ਚਾਦਰੇ ਅਤੇ ਕੁੜਤੇ-ਪਜ਼ਾਮੇ ਦਾ ਯੁੱਗ ਲਗਭਗ ਸਮਾਪਤ ਹੁੰਦਾ ਜਾ ਰਿਹਾ ਹੈ। ਹੁਣ ਕੋਟ, ਪੈਂਟ ਅਤੇ ਟਾਈ ਦਾ ਯੁੱਗ ਆਪਣਾ ਪ੍ਰਭਾਵ ਪਾ ਰਿਹਾ ਹੈ। ਬੋਲੀ ਵਿਚ ਅੰਗਰੇਜ਼ੀ, ਹਿੰਦੀ ਅਤੇ ਹੋਰ ਭਾਸ਼ਾਵਾਂ ਦਾ ਰਲ਼ੇਵਾਂ ਦੇਖਣ ਨੂੰ ਮਿਲ ਰਿਹਾ ਹੈ। ਸੁਪਨਿਆਂ ਦਾ ਵਿਗਿਆਨ ਬਦਲ ਰਿਹਾ ਹੈ। ਅੱਜ ਤੋਂ 50 ਸਾਲ ਪਹਿਲਾਂ ਦੇ ਮਨੁੱਖੀ ਮਨ ਦੇ ਸੁਪਨੇ ਅਤੇ ਅੱਜ ਦੇ ਮਨੁੱਖੀ ਮਨ ਦੇ ਸੁਪਨੇ ਬਿਲਕੁਲ ਬਦਲ ਗਏ ਹਨ। ਅੱਜ ਮਨੁੱਖ ਦੀਆਂ ਜ਼ਰੂਰਤਾਂ ਅਤੇ ਇੱਛਾਵਾਂ ਵੱਖ ਹਨ ਜਦੋਂਕਿ ਪਹਿਲਾਂ ਇਹ ਵੱਖ ਤਰ੍ਹਾਂ ਦੀ ਹੁੰਦੀਆਂ ਹਨ। ਸੋ, ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਪੱਛਮੀ ਪ੍ਰਭਾਵ ਨੇ ਕੇਵਲ ਮਨੁੱਖੀ ਰਿਸ਼ਤਿਆਂ ਉੱਪਰ ਹੀ ਅਸਰ ਨਹੀਂ ਪਾਇਆ ਬਲਕਿ ਭਾਰਤੀ ਪਰੰਪਰਾ ਦੀ ਸਮਾਜਕ ਬਣਤਰ ਉੱਪਰ ਪੱਛਮ ਦਾ ਪ੍ਰਭਾਵ ਆਪਣਾ ਅਸਰ ਦਿਖਾ ਰਿਹਾ ਹੈ। ਅੰਤ ਵਿਚ ਉੱਪਰ ਕੀਤੀ ਗਈ ਵਿਚਾਰ-ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਮਨੁੱਖ ਨੂੰ ਆਪਣੇ ਜੀਵਨ ਵਿਚ ਜਿੱਥੇ ਤਰੱਕੀ ਕਰਨੀ ਚਾਹੀਦੀ ਹੈ ਉੱਥੇ ਹੀ ਆਪਣੀਆਂ ਜੜ੍ਹਾਂ ਨਾਲੋਂ ਵੀ ਨਹੀਂ ਟੁੱਟਣਾ ਨਹੀਂ ਚਾਹੀਦਾ। ਸਾਡੇ ਸਮਾਜਕ ਸਰੋਕਾਰ; ਸਾਡੇ ਸਮਾਜ ਦੀਆਂ ਜੜ੍ਹਾਂ ਹਨ। ਇਹਨਾਂ ਜੜ੍ਹਾਂ ਨੂੰ ਸੰਭਾਲਣ ਅਤੇ ਸਵਾਰਨ ਦਾ ਵੇਲਾ ਹੈ। ਨੌਜਵਾਨਾਂ ਨੂੰ ਇਸ ਬਾਰੇ ਗੰਭੀਰਤਾ ਨਾਲ ਵਿਚਾਰ ਚਰਚਾ ਚਾਹੀਦਾ ਹੈ। ਜੇਕਰ ਇੰਝ ਹੀ ਸਮਾਜਕ ਬਣਤਰ ਦਾ ਰੂਪ ਵਿਗੜਦਾ ਰਿਹਾ ਤਾਂ ਆਉਂਦੇ ਕੁਝ ਸਾਲਾਂ ਵਿਚ ਭਾਰਤੀ ਸਮਾਜਕ ਬਣਤਰ ਦਾ ਅਸਲ ਰੂਪ ਖ਼ਤਮ ਹੋ ਜਾਵੇਗਾ।

# ਵਟਸਐਪ ਯੂਜ਼ਰਨੇਮ ਫੀਚਰ : ਸਹੂਲਤ ਜਾਂ ਸਾਈਬਰ ਅਪਰਾਧੀਆਂ ਲਈ ਖੁੱਲ੍ਹਾ ਸੱਦਾ?

## ( ਬਿਨਾਂ ਮੋਬਾਈਲ ਨੰਬਰ ਸਾਂਝਾ ਕੀਤੇ ਗੱਲਬਾਤ ਦੀ ਸਹੂਲਤ ਬਣ ਸਕਦੀ ਹੈ ਜਨਤਾ ਲਈ ਵੱਡੀ ਮੁਸੀਬਤ, ਸਾਈਬਰ ਮਾਹਰਾਂ ਨੇ ਜਤਾਈ ਚਿੰਤਾ )




ਚਾਨਣਦੀਪ ਸਿੰਘ ਔਲਖ, ਪਿੰਡ ਗੁਰਨੇ ਖ਼ੁਰਦ (ਮਾਨਸਾ), ਸੰਪਰਕ 9876888177

ਵਟਸਐਪ ਦੁਨੀਆ ਭਰ ਵਿੱਚ ਸਭ ਤੋਂ ਵੱਧ ਵਰਤੀ ਜਾਣ ਵਾਲੀ ਮੈਸੇਜਿੰਗ ਐਪ ਹੈ, ਜਿਸ ਦੀ ਵਰਤੋਂ ਹਰ ਉਮਰ ਦੇ ਲੋਕ ਰੋਜ਼ਾਨਾ ਗੱਲਬਾਤ ਲਈ ਕਰਦੇ ਹਨ। ਸਮੇਂ-ਸਮੇਂ 'ਤੇ ਵਟਸਐਪ ਆਪਣੇ ਉਪਭੋਗਤਾਵਾਂ ਦੀ ਸੁਰੱਖਿਆ ਅਤੇ ਪ੍ਰਾਈਵੇਸੀ ਨੂੰ ਬਿਹਤਰ ਬਣਾਉਣ ਲਈ ਨਵੇਂ ਬਦਲਾਅ ਕਰਦਾ ਰਹਿੰਦਾ ਹੈ। ਇਸੇ ਤਹਿਤ ਹੁਣ ਕੰਪਨੀ ਇੱਕ ਨਵਾਂ ਯੂਜ਼ਰਨੇਮ ਫੀਚਰ ਲੈ ਕੇ ਆ ਰਹੀ ਹੈ। ਇਸ ਨਵੇਂ ਫੀਚਰ ਦੇ ਆਉਣ ਨਾਲ ਲੋਕਾਂ ਨੂੰ ਇੱਕ-ਦੂਜੇ ਨਾਲ ਗੱਲਬਾਤ ਕਰਨ ਲਈ ਆਪਣਾ ਨਿੱਜੀ ਮੋਬਾਈਲ ਨੰਬਰ ਸਾਂਝਾ ਕਰਨ ਦੀ ਲੋੜ ਨਹੀਂ ਪਵੇਗੀ। ਇਸ ਦੀ ਬਜਾਏ, ਲੋਕ ਸਿਰਫ਼ ਇੱਕ ਨਾਮ ਜਾਂ ਯੂਜ਼ਰਨੇਮ ਦੀ ਵਰਤੋਂ ਕਰਕੇ ਹੀ ਆਪਸ ਵਿੱਚ ਜੁੜ ਸਕਣਗੇ। ਦੇਖਣ ਨੂੰ ਇਹ ਫੀਚਰ ਬਹੁਤ ਵਧੀਆ ਅਤੇ ਸੁਵਿਧਾਜਨਕ ਲੱਗਦਾ ਹੈ, ਕਿਉਂਕਿ ਇਸ ਨਾਲ ਸਾਡਾ ਫੋਨ ਨੰਬਰ ਅਣਪਛਾਤੇ ਲੋਕਾਂ ਕੋਲ ਜਾਣ ਤੋਂ ਬਚ ਜਾਵੇਗਾ। ਪਰ ਇਸ ਦੇ ਨਾਲ ਹੀ ਇੱਕ ਵੱਡੀ ਚਿੰਤਾ ਵੀ ਖੜ੍ਹੀ ਹੋ ਗਈ ਹੈ ਕਿ ਇਹ ਫੀਚਰ ਆਨਲਾਈਨ ਧੋਖਾਧੜੀ ਕਰਨ ਵਾਲੇ ਠੱਗਾਂ ਲਈ ਲੋਕਾਂ ਨੂੰ ਮੂਰਖ ਬਣਾਉਣਾ ਹੋਰ ਵੀ ਆਸਾਨ ਕਰ ਸਕਦਾ ਹੈ।

ਪਹਿਲਾਂ ਜਦੋਂ ਵੀ ਕੋਈ ਅਣਪਛਾਤਾ ਵਿਅਕਤੀ ਜਾਂ ਠੱਗ ਕਿਸੇ ਨੂੰ ਵਟਸਐਪ 'ਤੇ ਮੈਸੇਜ ਕਰਦਾ ਸੀ, ਤਾਂ ਉਸ ਦਾ ਮੋਬਾਈਲ ਨੰਬਰ ਸਾਫ਼ ਦਿਖਾਈ ਦਿੰਦਾ ਸੀ। ਨੰਬਰ ਦਿਖਣ ਕਾਰਨ ਲੋਕਾਂ ਨੂੰ ਇਹ ਸਮਝਣਾ ਸੌਖਾ ਹੁੰਦਾ ਸੀ ਕਿ ਇਹ ਨੰਬਰ ਭਾਰਤ ਦਾ ਹੈ ਜਾਂ ਕਿਸੇ ਬਾਹਰਲੇ ਦੇਸ਼ ਦਾ। ਇਸ ਤੋਂ ਇਲਾਵਾ, ਜੇਕਰ ਕੋਈ ਠੱਗੀ ਹੁੰਦੀ ਸੀ, ਤਾਂ ਪੁਲਿਸ ਉਸ ਮੋਬਾਈਲ ਨੰਬਰ ਦੇ ਜ਼ਰੀਏ ਅਪਰਾਧੀ ਤੱਕ ਪਹੁੰਚ ਸਕਦੀ ਸੀ। ਪਰ ਯੂਜ਼ਰਨੇਮ ਫੀਚਰ ਆਉਣ ਤੋਂ ਬਾਅਦ ਠੱਗ ਆਪਣਾ ਅਸਲ ਮੋਬਾਈਲ ਨੰਬਰ ਪੂਰੀ ਤਰ੍ਹਾਂ ਛੁਪਾ ਸਕਣਗੇ। ਉਹ ਕੋਈ ਵੀ ਫਰਜ਼ੀ ਨਾਮ ਰੱਖ ਕੇ ਕਿਸੇ ਨੂੰ ਵੀ ਮੈਸੇਜ ਭੇਜ ਸਕਦੇ ਹਨ, ਜਿਸ ਨਾਲ ਉਨ੍ਹਾਂ ਦੀ ਅਸਲ ਪਛਾਣ ਲੱਭਣੀ ਬਹੁਤ ਮੁਸ਼ਕਲ ਹੋ ਜਾਵੇਗੀ।

ਇਸ ਫੀਚਰ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੋਵੇਗਾ ਕਿ ਠੱਗ ਕਿਸੇ ਮਸ਼ਹੂਰ ਬੈਂਕ, ਵੱਡੀ ਕੰਪਨੀ ਜਾਂ ਫਿਰ ਤੁਹਾਡੇ ਕਿਸੇ ਰਿਸ਼ਤੇਦਾਰ ਦੇ ਨਾਮ ਵਰਗਾ ਫਰਜ਼ੀ ਯੂਜ਼ਰਨੇਮ ਬਣਾ ਕੇ ਤੁਹਾਨੂੰ ਧੋਖਾ ਦੇ ਸਕਦੇ ਹਨ। ਆਮ ਤੌਰ 'ਤੇ ਸਾਧਾਰਨ ਲੋਕ ਬਿਨਾਂ ਜ਼ਿਆਦਾ ਸੋਚੇ-ਸਮਝੇ ਨਾਮ ਦੇਖ ਕੇ ਭਰੋਸਾ ਕਰ ਲੈਂਦੇ ਹਨ ਅਤੇ ਆਪਣੇ ਬੈਂਕ ਖਾਤੇ ਦੀ ਜਾਣਕਾਰੀ ਜਾਂ ਪੈਸੇ ਟ ?ਰਾਂਸਫਰ ਕਰ ਦਿੰਦੇ ਹਨ। ਇਸ ਤੋਂ ਇਲਾਵਾ, ਠੱਗਾਂ ਨੂੰ ਹੁਣ ਲੋਕਾਂ ਦੇ ਫੋਨ ਨੰਬਰ ਲੱਭਣ ਦੀ ਵੀ ਲੋੜ ਨਹੀਂ ਪਵੇਗੀ। ਉਹ ਵੱਖ-ਵੱਖ ਨਾਮਾਂ ਦੇ ਅੰਦਾਜ਼ੇ ਲਗਾ ਕੇ ਕਿਸੇ ਨੂੰ ਵੀ ਆਸਾਨੀ ਨਾਲ ਲੱਭ ਸਕਣਗੇ ਅਤੇ ਮੈਸੇਜ ਭੇਜ ਕੇ ਪਰੇਸ਼ਾਨ ਕਰ ਸਕਣਗੇ।

ਇਸੇ ਖ਼ਤਰੇ ਨੂੰ ਦੇਖਦਿਆਂ ਕੇਂਦਰ ਸਰਕਾਰ ਨੇ ਵੀ ਵੱਡੀ ਚਿੰਤਾ ਪ੍ਰਗਟਾਈ ਹੈ। ਸਰਕਾਰ ਦੇ ਯਤਨਾਂ ਸਦਕਾ ਪਹਿਲਾਂ ਅਜਿਹੀ ਸਹੂਲਤ ਸ਼ੁਰੂ ਹੋਈ ਸੀ ਜਿਸ ਨਾਲ ਫੋਨ ਕਰਨ ਵਾਲੇ ਦਾ ਅਸਲ ਨਾਮ ਸਕ੍ਰੀਨ 'ਤੇ ਆਉਣ ਲੱਗ ਪਿਆ ਸੀ, ਜਿਸ ਨਾਲ ਲੋਕਾਂ ਨੂੰ ਠੱਗਾਂ ਤੋਂ ਵੱਡੀ ਰਾਹਤ ਮਿਲੀ ਸੀ। ਪਰ ਹੁਣ ਵਟਸਐਪ ਦਾ ਇਹ ਨਵਾਂ ਕਦਮ ਉਸ ਸੁਰੱਖਿਆ ਨੂੰ ਕਮਜ਼ੋਰ ਕਰ ਸਕਦਾ ਹੈ। ਸਰਕਾਰ ਨੂੰ ਡਰ ਹੈ ਕਿ ਇਸ ਫੀਚਰ ਨਾਲ ਇੰਟਰਨੈੱਟ 'ਤੇ ਧੋਖਾਧੜੀ, ਫਰਜ਼ੀ ਨੌਕਰੀਆਂ ਦੇ ਝਾਂਸੇ ਅਤੇ ਨਕਲੀ ਪਛਾਣ ਬਣਾ ਕੇ ਲੋਕਾਂ ਨੂੰ ਬਲੈਕਮੇਲ ਕਰਨ ਦੇ ਮਾਮਲੇ ਬਹੁਤ ਜ਼ਿਆਦਾ ਵੱਧ ਜਾਣਗੇ। ਇਸੇ ਕਾਰਨ ਸਰਕਾਰ ਨੇ ਵਟਸਐਪ ਕੰਪਨੀ ਨੂੰ ਨੋਟਿਸ ਭੇਜ ਕੇ ਜਵਾਬ ਮੰਗਿਆ ਸੀ ਅਤੇ ਆਈ.ਟੀ. ਮੰਤਰਾਲੇ ਦੇ ਅਧਿਕਾਰੀਆਂ ਨਾਲ ਇਸ ਬਾਰੇ ਮੀਟਿੰਗ ਵੀ ਹੋਈ ਹੈ। ਚੰਗੀ ਗੱਲ ਇਹ ਹੈ ਕਿ ਵਟਸਐਪ ਨੇ ਸਾਫ਼ ਕੀਤਾ ਹੈ ਕਿ ਜਦੋਂ ਤੱਕ ਸਰਕਾਰ ਨਾਲ ਇਸ ਮੁੱਦੇ 'ਤੇ ਪੂਰੀ ਗੱਲਬਾਤ ਨਹੀਂ ਹੋ ਜਾਂਦੀ, ਉਦੋਂ ਤੱਕ ਇਸ ਫੀਚਰ ਨੂੰ ਭਾਰਤ ਵਿੱਚ ਲਾਗੂ ਨਹੀਂ ਕੀਤਾ ਜਾਵੇਗਾ। ਭਵਿੱਖ ਵਿੱਚ ਜਦੋਂ ਵੀ ਇਹ ਫੀਚਰ ਆਉਂਦਾ ਹੈ, ਤਾਂ ਸਾਨੂੰ ਖੁਦ ਬਹੁਤ ਸਾਵਧਾਨ ਰਹਿਣਾ ਪਵੇਗਾ। ਜੇਕਰ ਕੋਈ ਅਣਪਛਾਤੇ ਨਾਮ ਵਾਲਾ ਵਿਅਕਤੀ ਤੁਹਾਨੂੰ ਮੈਸੇਜ ਕਰਕੇ ਪੈਸੇ ਮੰਗਦਾ ਹੈ ਜਾਂ ਕੋਈ ਲਾਲਚ ਦਿੰਦਾ ਹੈ, ਤਾਂ ਉਸ 'ਤੇ ਕਦੇ ਵੀ ਤੁਰੰਤ ਭਰੋਸਾ ਨਾ ਕਰੋ। ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਇੱਕ ਵਾਰ ਫੋਨ ਕਰਕੇ ਪੁਸ਼ਟੀ ਜ਼ਰੂਰ ਕਰੋ। ਕਿਸੇ ਵੀ ਸ਼ੱਕੀ ਖਾਤੇ ਨੂੰ ਤੁਰੰਤ ਬਲਾਕ ਕਰੋ ਤਾਂ ਜੋ ਤੁਸੀਂ ਆਨਲਾਈਨ ਠੱਗੀ ਦਾ ਸ਼ਿਕਾਰ ਹੋਣ ਤੋਂ ਬਚ ਸਕੋ।



# ਸਾਵਣਿ ਸਰਸ ਮਨਾ...

ਬਰਜਿੰਦਰ ਕੌਰ ਬਿਸਰਾਓ...
9988901324

ਸਾਉਣ ਜਾਂ ਸਾਵਣ ਦਾ ਮਹੀਨਾ ਦੇਸੀ ਮਹੀਨਿਆਂ ਵਿੱਚ ਨਾਨਕਸ਼ਾਹੀ ਕੈਲੰਡਰ ਅਨੁਸਾਰ ਪੰਜਵਾਂ ਮਹੀਨਾ ਹੈ। ਇਹ ਗ੍ਰੇਗਰੀ ਅਤੇ ਜੂਲੀਅਨ ਕੈਲੰਡਰਾਂ ਦੇ ਅਨੁਸਾਰ ਜੁਲਾਈ ਮਹੀਨੇ ਦੇ ਪਿਛਲੇ ਅੱਧ ਅਤੇ ਅਗਸਤ ਮਹੀਨੇ ਦੇ ਪਹਿਲੇ ਅੱਧ ਵਿੱਚ ਆਉਂਦਾ ਹੈ। ਸਾਵਣ ਮਹੀਨੇ ਦੀ ਹਿੰਦੂ ਅਤੇ ਸਿੱਖ ਧਰਮਾਂ ਵਿੱਚ ਅਧਿਆਤਮਕ ਮਹੱਤਤਾ ਵੀ ਬਹੁਤ ਹੈ। ਗੁਰਬਾਣੀ ਵਿੱਚ ਇਸ ਮਹੀਨੇ ਨਾਲ਼ ਸੰਬੰਧਿਤ ਦੋਵੇਂ ਬਾਰਹਮਾਹਾ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਹੁਤ ਸ਼ਬਦ ਦਰਜ ਹਨ। ਜਿਨ੍ਹਾਂ ਵਿੱਚ ਇੱਕੋ ਗੱਲ ਸਮਝਾਈ ਗਈ ਹੈ ਕਿ ਸਾਵਣ ਮਹੀਨੇ ਦੇ ਮੌਸਮ ਦਾ ਪ੍ਰਭਾਵ ਜ਼ਿੰਦਗੀ ਉੱਤੇ ਜਿਸ ਤਰ੍ਹਾਂ ਪੈਂਦਾ ਹੈ ਉਸੇ ਤਰ੍ਹਾਂ ਹੀ ਮਨੁੱਖੀ ਮਨ ਦੀ ਅਵਸਥਾ ਹੁੰਦੀ ਹੈ। ਜਿਵੇਂ:

**ਰੁਤਿ ਬਰਸੁ ਸੁਹੇਲੀਆ; ਸਾਵਣ ਭਾਦਵੇ ਆਨੰਦ ਜੀਉ ॥**

ਭਾਵ ਹੇ ਸਹੇਲੀਏ ! ਜਿਵੇਂ ਵਰਖਾ-ਰੁੱਤ ਬੜੀ ਸੁਖਦਾਈ ਹੁੰਦੀ ਹੈ, ਸਾਵਣ ਅਤੇ ਭਾਦਰੋਂ ਦੇ ਮਹੀਨਿਆਂ ਵਿੱਚ ਵਰਖਾ ਦੇ ਕਾਰਨ ਬੜਾ ਅਨੰਦ ਬਣਿਆ ਰਹਿੰਦਾ ਹੈ।

ਗੁਰੂ ਨਾਨਕ ਸਾਹਿਬ ਜੀ ਦੁਆਰਾ ਤੁਖਾਰੀ ਰਾਗ ਵਿੱਚ ਰਚੇ ਬਾਰਹਮਾਹਾ ਦੇ 9ਵੇਂ ਪਦੇ ਸਾਵਣ ਮਹੀਨੇ 'ਚ ਦਿੱਤੇ ਸੁਨੇਹੇ ਅਨੁਸਾਰ :

**ਸਾਵਣਿ, ਸਰਸ ਮਨਾ; ਘਣ ਵਰਸਹਿ ਰੁਤਿ ਆਏ ॥**

ਭਾਵ ਹਾੜ ਮਹੀਨੇ ਦੀ ਅੱਤ ਦੀ ਤਪਸ਼ ਨਾਲ ? ਘਾਹ ਆਦਿਕ ਸੁੱਕ ਜਾਂਦੇ ਹਨ, ਜਿਸ ਪਿੱਛੋਂ ਸਾਉਣ ਮਹੀਨੇ 'ਚ ਕਾਲੀਆਂ ਘਟਾਵਾਂ ਛਾ ਜਾਂਦੀਆਂ ਹਨ। ਪਸ਼ੂ, ਪੰਛੀ, ਮਨੁੱਖ ਤਾਂ ਕਿਤੇ ਰਹੇ, ਸੁੱਕਾ ਹੋਇਆ ਘਾਹ ਭੀ ਹਰਾ ਹੋ ਜਾਂਦਾ ਹੈ। ਇਹ ਹਰਿਆਵਲ ਵੇਖ ਹਰੇਕ ਪ੍ਰਾਣੀ ਬੋਲਦਾ ਹੈ। ਹੇ ਮੇਰੇ ਮਨ ! ਸਾਵਣ ਮਹੀਨੇ 'ਚ ਵਰਖਾ ਦੀ ਰੁੱਤ ਆ ਗਈ ਹੈ, ਬੱਦਲ ਵਰ੍ਹ ਰਹੇ ਹਨ, ਹੁਣ ਤੂੰ ਵੀ ਹਰਾ ਹੋ ਜਾਹ ਤੂੰ ਵੀ ਖਿੜ ਜਾਹ। ਇਸ ਤਰ੍ਹਾਂ ਸਿੱਖ ਧਰਮ ਵਿੱਚ ਸਾਵਣ ਮਹੀਨੇ ਦੀ ਅਧਿਆਤਮਕ ਮਹੱਤਤਾ ਵੀ ਬਹੁਤ ਜ਼ਿਆਦਾ ਹੈ। ਹਿੰਦੂ ਧਰਮ ਵਿੱਚ ਵੀ ਸਾਉਣ ਮਹੀਨੇ ਦਾ ਖ਼ਾਸ ਮਹੱਤਵ ਮੰਨਿਆ ਗਿਆ ਹੈ। ਇਹ ਮਹੀਨਾ ਭਗਵਾਨ ਸ਼ਿਵ ਅਤੇ ਮਾਤਾ ਪਾਰਵਤੀ ਨੂੰ ਸਮਰਪਿਤ ਹੈ। ਵੈਦਿਕ ਚਿੰਤਨ ਪ੍ਰੰਪਰਾ 'ਚ ਸਾਉਣ ਮਹੀਨੇ ਦਾ ਸਬੰਧ ਵੇਦ ਸ਼ਾਸਤਰਾਂ ਦੇ ਅਧਿਐਨ, ਸੁਣਨ, ਪੜ੍ਹਣ ਅਤੇ ਉਨ੍ਹਾਂ ਦੇ ਚਿੰਤਨ-ਮਨਨ ਨਾਲ ਹੈ। ਸਾਉਣ ਦਾ ਅਰਥ ਹੈ ਸੁਣਨਾ ਭਾਵ ਪ੍ਰਾਚੀਨ ਕਾਲ 'ਚ ਗ੍ਰਹਿਸਥੀ ਲੋਕ ਰਿਸ਼ੀ-ਮੁਨੀਆਂ ਦੇ ਮੁੱਖ ਤੋਂ ਇਸ ਸਾਉਣ ਮਹੀਨੇ 'ਚ ਅਧਿਆਤਮਕਤਾ ਦੇ ਗੂੜ੍ਹੇ ਰਹੱਸਾਂ ਨੂੰ ਸੁਣਿਆ ਕਰਦੇ ਸਨ ਤੇ ਫਿਰ ਆਪ ਵੇਦ ਆਦਿ ਗ੍ਰੰਥਾਂ ਦਾ ਸਵੈ-ਅਧਿਐਨ ਕਰਦੇ ਸਨ। ਜਿਸ ਕਰਕੇ ਸ਼ੁਰੂ ਤੋਂ ਹੀ ਇਸ ਪੂਰੇ ਮਹੀਨੇ ਵਿੱਚ ਲੋਕਾਂ ਵਿੱਚ ਧਾਰਮਿਕ ਭਾਵ ਬਹੁਤ ਪ੍ਰਬਲ ਰਿਹਾ ਹੈ। ਸਨਾਤਨ ਧਰਮ ਵਿੱਚ ਸਾਉਣ ਦਾ ਮਹੀਨਾ ਇਸ ਲਈ ਵਿਸ਼ੇਸ਼ ਮਹੱਤਵ ਵਾਲਾ ਮੰਨਿਆ ਜਾਂਦਾ ਹੈ ਕਿ ਇਸ ਮਹੀਨੇ ਵਿੱਚ ਭਗਵਾਨ ਸ਼ਿਵ ਪੂਰੇ ਬ੍ਰਹਿਮੰਡ ਨੂੰ ਸੰਚਾਰ ਕਰਦੇ ਹਨ। ਅਜਿਹੀ ਸਥਿਤੀ ਵਿੱਚ, ਉਹ ਆਪਣੇ ਸ਼ਰਧਾਲੂਆਂ ਦੀਆਂ ਪ੍ਰਾਰਥਨਾਵਾਂ ਨੂੰ ਆਸਾਨੀ ਨਾਲ ਸੁਣਦੇ ਹਨ। ਸਾਉਣ ਦੌਰਾਨ ਭਗਵਾਨ ਸ਼ਿਵ ਦੀ ਪੂਜਾ-ਅਰਚਨਾ ਕਰਨ ਦੇ ਨਾਲ-ਨਾਲ ਉਹ ਸ਼ਿਵਲਿੰਗ ਦਾ ਜਲਾਭਿਸ਼ੇਕ, ਦੁੱਧ ਅਭਿਸ਼ੇਕ ਕਰਾਕੇ, ਬੇਲ ਪੱਤਰ, ਫ਼ਲ ਅਤੇ ਹੋਰ ਬਹੁਤ ਕੁਝ ਚੜ੍ਹਾ ਕੇ ਬਹੁਤ ਖੁਸ਼ ਹੁੰਦੇ ਹਨ। ਇਸ ਦੇ ਨਾਲ ਹੀ ਸਾਉਣ ਦੌਰਾਨ ਕਾਂਵੜ ਯਾਤਰਾ ਦਾ ਵੀ ਵਿਸ਼ੇਸ਼ ਮਹੱਤਵ ਹੈ। ਸ਼ਿਵ ਦਾ ਅਰਥ ਹੈ ਕਲਿਆਣ ਹੈ, ਇਸ ਲਈ ਸਾਉਣ ਮਹੀਨੇ 'ਚ ਕੀਤੀ ਗਈ ਸਾਧਨਾ, ਸੰਜਮ ਨਾਲ ਮਨੁੱਖ ਆਪਣੀ ਜ਼ਿੰਦਗੀ 'ਚ ਆਤਮਿਕ ਕਲਿਆਣ ਨੂੰ ਪ੍ਰਾਪਤ ਕਰਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਮਹੀਨਾ ਅਧਿਆਤਮਿਕ ਵੈਦਿਕ ਯੱਗ ਦਾ ਪ੍ਰਤੀਕ ਹੈ, ਜੋ ਮਨੁੱਖ ਦੇ ਹਰ ਤਰ੍ਹਾਂ ਦੇ ਕਸ਼ਟਾਂ ਨੂੰ ਦੂਰ ਕਰਦਾ ਹੈ। ਇਸ ਮਹੀਨੇ ਅਧਿਆਤਮਿਕ ਸ਼ਕਤੀਆਂ ਨੂੰ ਸ਼ੁੱਧ ਕਰਕੇ ਸ਼ਿਵਤਵ ਦੇ ਆਲੌਕਿਕ ਮਾਰਗ 'ਤੇ ਵਧਣ ਅਤੇ ਆਪਣੇ ਜ਼ਿੰਦਗੀ ਵਿੱਚ ਸ਼ਿਵਤਵ ਨੂੰ ਗ੍ਰਹਿਣ ਕਰਨ ਦਾ ਪਵਿੱਤਰ ਸਮਾਂ ਮੰਨਿਆ ਜਾਂਦਾ ਹੈ। ਸਾਉਣ ਮਹੀਨੇ ਦੀ ਖੁਸ਼ੀ ਵਿੱਚ ਕਈ ਥਾਵਾਂ ਤੇ ਮੇਲੇ ਵੀ ਲਗਾਏ ਜਾਂਦੇ ਹਨ। ਪੰਜਾਬੀ ਸੱਭਿਆਚਾਰ ਵਿੱਚ ਸਾਉਣ ਮਹੀਨੇ ਦਾ ਖ਼ਾਸ ਮਹੱਤਵ ਹੈ। ਇਸ ਮਹੀਨੇ ਮਾਪੇ ਜਿੱਥੇ ਆਪਣੀਆਂ ਵਿਆਹੀਆਂ ਧੀਆਂ ਨੂੰ ਸੰਧਾਰੇ ਭੇਜਦੇ ਹਨ, ਉੱਥੇ ਸਹੁਰੇ ਘਰ ਬੈਠੀਆਂ ਸਜ-ਵਿਆਹੀਆਂ ਦੇ ਮਨਾਂ ਅੰਦਰ ਆਪਣੇ ਪੇਕੇ ਘਰ ਜਾ ਕੇ ਆਪਣੀਆਂ ਸਖੀਆਂ ਨੂੰ ਮਿਲਣ ਦੀ ਤਾਂਘ ਹੁੰਦੀ ਹੈ। ਸਾਡੇ ਪੰਜਾਬੀ ਸੱਭਿਆਚਾਰ ਉੱਤੇ ਪੈ ਰਹੇ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਨੇ ਪਿੰਡਾਂ 'ਚੋਂ ਤੀਆਂ ਦੇ ਪਿੜ ਅਲੋਪ ਕਰ ਦਿੱਤੇ ਹਨ। ਅੱਜ ਤੋਂ ਤਿੰਨ-ਚਾਰ ਦਹਾਕੇ ਪਹਿਲਾਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਾਉਣ ਮਹੀਨੇ ਕੁੜੀਆਂ ਪਿੰਡ ਤੋਂ ਬਾਹਰ ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ ਗਿੱਧਾ ਪਾਉਂਦੀਆਂ ਹੋਈਆਂ ਇੱਕ-ਦੂਜੀ ਨਾਲ ਦੁੱਖ ਸਾਂਝੇ ਕਰਦੀਆਂ ਸਨ। ਪਹਿਲਾਂ ਔਰਤਾਂ ਨੂੰ ਸਾਉਣ ਮਹੀਨੇ ਦੀ ਉਡੀਕ ਰਹਿੰਦੀ ਸੀ ਪਰ ਹੁਣ ÷ਸਾਉਣ ਮਹੀਨਾ ਦਿਨ ਤੀਆਂ ਦੇ ਪਿੱਪਲੀਂ ਪੀਂਘਾਂ ਪਾਈਆਂ÷ ਵਰਗੀਆਂ ਲੋਕ ਬੋਲੀਆਂ ਸਿਰਫ਼ ਬੋਲੀਆਂ ਹੀ ਬਣ ਕੇ ਰਹਿ ਗਈਆਂ ਹਨ, ਜੋ ਸੱਥਾਂ ਵਿੱਚ ਨਹੀਂ ਬਲਕਿ ਸਟੇਜਾਂ ਜਾਂ ਕਲੱਬਾਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ। ਲੋਕਾਂ ਵਿੱਚੋਂ ਪਿਆਰ ਦੀ ਖਿੱਚ ਘਟਣ ਕਰ ਕੇ ਤੀਆਂ ਦਾ ਰੰਗ ਵੀ ਫਿੱਕਾ ਪੈ ਗਿਆ ਹੈ। ਪੰਜਾਬ ਦੇ ਰੰਗ-ਬਿਰੰਗੇ, ਨੱਚਣ-ਗਾਉਣ ਵਾਲੇ ਤਿਉਹਾਰਾਂ ਪਿੱਛੇ ਕੋਈ ਇੱਕ ਕਾਰਨ ਨਹੀਂ ਹੈ, ਇਨ੍ਹਾਂ ਪਿੱਛੇ ਬਹੁਤ ਅਜਿਹੇ ਕਾਰਨ ਹਨ, ਜੋ ਪੁਰਾਣੇ ਹੱਸਦੇ-ਵੱਸਦੇ ਪੰਜਾਬ ਦੇ ਖੁੱਲ੍ਹ-ਦਿਲੇ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਖ਼ਤਮ ਕਰ ਰਹੇ ਹਨ। ਸਾਉਣ ਮਹੀਨਾ ਅਤੇ ਇਸ ਵਿੱਚ ਮਨਾਏ ਜਾਣ ਵਾਲੇ ਤਿਉਹਾਰਾਂ ਦੇ ਰੰਗ ਬਹੁਤ ਖੂਬਸੂਰਤ ਹਨ। ਵੈਸੇ ਵੀ ਸਾਉਣ ਦਾ ਮਹੀਨਾ ਉੱਤਰੀ ਭਾਰਤ ਦੇ ਲੋਕਾਂ ਲਈ ਬਹੁਤ ਮਹੱਤਵ ਰੱਖਦਾ ਹੈ। ਜੇਠ, ਹਾੜ ਦੀ ਅੰਤਾਂ ਦੀ ਗਰਮੀ ਤੋਂ ਬਾਅਦ ਸਾਉਣ ਦੇ ਮੀਂਹ ਜਿੱਥੇ ਲੂਸੀ ਹੋਈ ਧਰਤੀ ਤੇ ਪ੍ਰਕਿਰਤੀ ਉੱਤੇ ਠੰਡ ਪਾਉਂਦੇ ਹਨ ਉੱਥੇ ਲੋਕਾਂ ਨੂੰ ਵੀ ਗਰਮੀ ਤੋਂ ਰਾਹਤ ਮਿਲਦੀ ਹੈ। ਗਰਮੀ ਨਾਲ ਬਨਸਪਤੀ, ਫ਼ਸਲਾਂ ਆਦਿ ਦਾ ਬੁਰਾ ਹਾਲ ਹੋਇਆ ਹੁੰਦਾ ਹੈ। ਸਾਉਣ ਦੇ ਮੀਹਾਂ ਨਾਲ ? ਫ਼ਸਲਾਂ, ਫੁੱਲ, ਬੂਟੇ ਤੇ ਦਰੱਖਤ ਲਹਿਲਹਾਉਣ ਲੱਗਦੇ ਹਨ ਤੇ ਸਾਰੇ ਪਾਸੇ ਹਰਿਆਲੀ ਹੀ ਹਰਿਆਲੀ ਨਜ਼ਰ ਆਉਣ ਲੱਗਦੀ ਹੈ ਜਿਸਨੂੰ ਵੇਖ ਕੇ ਇੰਝ ਲੱਗਦਾ ਹੈ ਜਿਵੇਂ ਕੁਦਰਤ ਵਿੱਚ ਖੇੜਾ ਆ ਗਿਆ ਹੋਵੇ ਤੇ ਉਸ ਵਿੱਚ ਵੀ ਜੀਵਨ ਧੜਕ ਰਿਹਾ ਹੋਵੇ।

# ਸਤਲੁਜ ਫਿਲਮ ਪੰਜਾਬ ਦੇ ਦੱਬੇ ਹੋਏ ਸੰਘਰਸ਼ ਨੂੰ ਮੁੜ ਖੋਲ੍ਹਦੀ ਹੈ




ਕਦੇ ਪੰਜਾਬ '95 ਦੇ ਨਾਂ ਨਾਲ ਜਾਣੀ ਜਾਂਦੀ ਹਨੀ ਤ੍ਰੇਹਨ ਦੀ ਫ਼ਿਲਮ ਹੁਣ ਸਤਲੁਜ ਦੇ ਨਾਂ ਹੇਠ ਦਰਸ਼ਕਾਂ ਤੱਕ ਪਹੁੰਚੀ ਹੈ। ਭਾਰਤ ਦੀ ਸੈਂਸਰ ਪ੍ਰਕਿਰਿਆ ਨਾਲ ਲੰਮੇ ਵਿਵਾਦ ਤੋਂ ਬਾਅਦ ਆਈ ਇਹ ਬਾਇਓਗ੍ਰਾਫ਼ੀਕਲ ਡਰਾਮਾ ਫ਼ ?ਲਮ ਦਿਲਜੀਤ ਦੋਸਾਂਝ ਨੂੰ ਜਸਵੰਤ ਸਿੰਘ ਖਾਲੜਾ ਦੇ ਰੂਪ ਵਿੱਚ ਪੇਸ਼ ਕਰਦੀ ਹੈ। ਖਾਲੜਾ ਪੰਜਾਬ ਦੇ ਮਨੁੱਖੀ ਅਧਿਕਾਰ ਕਾਰਕੁਨ ਸਨ, ਜਿਨ੍ਹਾਂ ਨੇ 1990 ਦੇ ਦਹਾਕੇ ਦੌਰਾਨ ਕਥਿਤ ਗੈਰਕਾਨੂੰਨੀ ਦਾਹ-ਸੰਸਕਾਰਾਂ ਅਤੇ ਲਾਪਤਾ ਹੋਏ ਲੋਕਾਂ ਬਾਰੇ ਜਾਂਚ ਕੀਤੀ ਸੀ।

ਜ਼ੀ5 'ਤੇ ਫ਼ ?ਲਮ ਦੇ ਆਉਣ ਅਤੇ ਫਿਰ ਭਾਰਤ ਵਿੱਚ ਇਸ ਦੀ ਪਹੁੰਚ ਹਟਾਏ ਜਾਣ ਦੀਆਂ ਖ਼ਬਰਾਂ ਨੇ ਇਸ ਨੂੰ ਇੱਕ ਵੱਖਰੀ ਆਨਲਾਈਨ ਜ਼ਿੰਦਗੀ ਦੇ ਦਿੱਤੀ। ਇਸ ਨਾਲ ਖਾਲੜਾ ਦੇ ਕੰਮ ਅਤੇ ਉਨ੍ਹਾਂ ਦੀ ਹੱਤਿਆ ਬਾਰੇ ਚਰਚਾ ਮੁੜ ਸ਼ੁਰੂ ਹੋਈ। ਫਿਰ ਵੀ, ਸਤਲੁਜ ਪੰਜਾਬ ਦੇ ਦਰਦਨਾਕ ਇਤਿਹਾਸ ਦਾ ਸਿਰਫ਼ ਇੱਕ ਹਿੱਸਾ ਹੈ, ਪੂਰਾ ਬਿਆਨ ਨਹੀਂ।

ਖਾਲੜਾ ਬੈਂਕ ਵਿੱਚ ਡਾਇਰੈਕਟਰ ਵਜੋਂ ਕੰਮ ਕਰਦੇ ਸਨ। ਬਾਅਦ ਵਿੱਚ ਉਨ੍ਹਾਂ ਨੇ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਨੂੰ ਦਰਜ ਕਰਨਾ ਸ਼ੁਰੂ ਕੀਤਾ। 1980 ਅਤੇ 1990 ਦੇ ਦਹਾਕਿਆਂ ਦੀ ਹਿੰਸਾ ਅਤੇ ਦਹਿਸ਼ਤਗਰਦੀ ਵਿਰੋਧੀ ਕਾਰਵਾਈਆਂ ਦੌਰਾਨ ਪੰਜਾਬ ਦੇ ਕਈ ਪਰਿਵਾਰਾਂ ਨੇ ਦੱਸਿਆ ਕਿ ਪੁਲਿਸ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਲੈ ਗਈ, ਪਰ ਉਹ ਮੁੜ ਕਦੇ ਘਰ ਨਹੀਂ ਪਰਤੇ।

ਖਾਲੜਾ ਨੇ ਤਰਨ ਤਾਰਨ ਦੇ ਨਗਰ ਨਿਗਮ ਦੇ ਦਾਹ-ਸੰਸਕਾਰ ਰਿਕਾਰਡਾਂ ਦੀ ਜਾਂਚ ਕੀਤੀ। ਇਨ੍ਹਾਂ ਰਿਕਾਰਡਾਂ ਵਿੱਚ ਪੁਲਿਸ ਵੱਲੋਂ ਅਣਪਛਾਤੀਆਂ ਲਾਸ਼ਾਂ ਦੇ ਵੱਡੀ ਗਿਣਤੀ ਵਿੱਚ ਕੀਤੇ ਦਾਹ-ਸੰਸਕਾਰ ਦਰਜ ਸਨ। ਮਨੁੱਖੀ ਅਧਿਕਾਰ ਸੰਗਠਨਾਂ ਦੀਆਂ ਰਿਪੋਰਟਾਂ, ਅਦਾਲਤੀ ਕਾਰਵਾਈਆਂ ਅਤੇ ਬਚੇ ਹੋਏ ਲੋਕਾਂ ਦੀ ਗਵਾਹੀ ਨੇ ਉਸ ਦੌਰ ਵਿੱਚ ਜ਼ਬਰਦਸਤੀ ਗੁੰਮਸ਼ੁਦਗੀਆਂ, ਗੈਰਕਾਨੂੰਨੀ ਹੱਤਿਆਵਾਂ ਅਤੇ ਹਿਰਾਸਤੀ ਤਸ਼ੱਦਦ ਦੇ ਗੰਭੀਰ ਦੋਸ਼ ਦਰਜ ਕੀਤੇ ਹਨ।

ਫ਼ ?ਲਮ ਖਾਲੜਾ ਦੀ ਜਾਂਚ ਨਾਲ ਜੁੜੇ ਕੁਝ ਮਾਮਲਿਆਂ 'ਤੇ ਕੇਂਦਰਿਤ ਰਹਿੰਦੀ ਹੈ। ਇਸ ਕਰਕੇ ਕਹਾਣੀ ਦਾ ਪੈਮਾਨਾ ਮਨੁੱਖੀ ਬਣਿਆ ਰਹਿੰਦਾ ਹੈ। ਦਰਸ਼ਕ ਇੱਕ ਅਜਿਹੇ ਵਿਅਕਤੀ ਨੂੰ ਵੇਖਦੇ ਹਨ ਜੋ ਰਿਕਾਰਡ ਪੜ੍ਹਦਾ ਹੈ, ਪਰਿਵਾਰਾਂ ਨਾਲ ਗੱਲ ਕਰਦਾ ਹੈ ਅਤੇ ਉਸ ਡਰ ਦਾ ਸਾਹਮਣਾ ਕਰਦਾ ਹੈ ਜੋ ਆਮ ਜ਼ਿੰਦਗੀ ਦਾ ਹਿੱਸਾ ਬਣ ਚੁੱਕਾ ਸੀ।

ਇਹ ਫ਼ ?ਲਮ ਪੰਜਾਬ ਦੇ ਸੰਘਰਸ਼ ਦੇ ਹਰ ਪੱਖ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਨਹੀਂ ਕਰਦੀ। ਉਸ ਸਮੇਂ ਦੀ ਹਿੰਸਾ ਵਿੱਚ ਹਥਿਆਰਬੰਦ ਗਰੁੱਪ, ਪੁਲਿਸ, ਸਿਆਸੀ ਆਗੂ, ਅਦਾਲਤਾਂ, ਕੇਂਦਰੀ ਏਜੰਸੀਆਂ ਅਤੇ ਆਮ ਲੋਕ ਸ਼ਾਮਲ ਸਨ। ਇੱਕ ਬਾਇਓਗ੍ਰਾਫ਼ੀਕਲ ਫ਼ ?ਲਮ ਕਿਸੇ ਇੱਕ ਵਿਅਕਤੀ ਦੇ ਨੈਤਿਕ ਫ਼ੈਸਲਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾ ਸਕਦਾ ਹੈ, ਪਰ ਪੂਰੇ ਇਤਿਹਾਸ ਦਾ ਫ਼ੈਸਲਾ ਨਹੀਂ ਕਰ ਸਕਦਾ।

ਦਿਲਜੀਤ ਦੋਸਾਂਝ ਨੇ ਖਾਲੜਾ ਦਾ ਕਿਰਦਾਰ ਸੰਯਮ ਨਾਲ ਨਿਭਾਇਆ ਹੈ। ਇਹ ਭੂਮਿਕਾ ਕਿਸੇ ਸਿਤਾਰਾ-ਕੇਂਦਰਿਤ ਮਨੋਰੰਜਨ ਵਾਂਗ ਨਹੀਂ ਬਣਦੀ। ਇਸ ਦੀ ਥਾਂ ਧਿਆਨ ਉਸ ਸਰਕਾਰੀ ਕਰਮਚਾਰੀ 'ਤੇ ਰਹਿੰਦਾ ਹੈ ਜਿਸ ਦਾ ਹੌਸਲਾ ਦਸਤਾਵੇਜ਼ਾਂ, ਗਵਾਹੀਆਂ ਅਤੇ ਦੁਖੀ ਪਰਿਵਾਰਾਂ ਨਾਲ ਮਿਲਣ ਰਾਹੀਂ ਵਧਦਾ ਹੈ।

ਇਹ ਸੰਯਮ ਕਿਰਦਾਰ ਲਈ ਢੁੱਕਵਾਂ ਹੈ। ਖਾਲੜਾ ਦੀ ਹਿੰਮਤ ਜਨਤਕ ਦਿਖਾਵੇ ਤੋਂ ਨਹੀਂ ਆਈ ਸੀ। ਉਹ ਲਗਾਤਾਰ ਕੰਮ ਕਰਨ, ਸ਼ੱਕੀ ਰਿਕਾਰਡਾਂ ਨੂੰ ਨਜ਼ਰਅੰਦਾਜ਼ ਨਾ ਕਰਨ ਅਤੇ ਤਾਕਤਵਰ ਸੰਸਥਾਵਾਂ ਨੂੰ ਸਵਾਲ ਪੁੱਛਣ ਤੋਂ ਪੈਦਾ ਹੋਈ, ਭਾਵੇਂ ਇਸ ਦੀ ਕੀਮਤ ਨਿੱਜੀ ਖ਼ਤਰਾ ਹੀ ਕਿਉਂ ਨਾ ਹੋਵੇ।

ਹਨੀ ਤ੍ਰੇਹਨ ਦੀ ਦਿਸ਼ਾ-ਨਿਰਦੇਸ਼ੀ ਕਹਾਣੀ ਨੂੰ ਰੋਜ਼ਾਨਾ ਜ਼ਿੰਦਗੀ ਦੇ ਦਬਾਅ ਨਾਲ ਜੋੜੀ ਰੱਖਦੀ ਹੈ। ਖਾਲੜਾ ਸਿਰਫ਼ ਜਾਂਚਕਰਤਾ ਨਹੀਂ ਸਨ। ਉਹ ਪਤੀ, ਪਿਤਾ, ਸਹਿਕਰਮੀ ਅਤੇ ਸਿੱਖ ਵੀ ਸਨ, ਜੋ ਆਪਣੇ ਸਾਹਮਣੇ ਆ ਰਹੇ ਸੱਚ ਦਾ ਭਾਰ ਝੱਲ ਰਹੇ ਸਨ। ਫ਼ ?ਲਮ ਦਾ ਮਾਪਿਆ ਹੋਇਆ ਲਹਿਜ਼ਾ ਦਿਲਜੀਤ ਦੋਸਾਂਝ ਨੂੰ ਡਰ ਦਿਖਾਉਣ ਦੀ ਥਾਂ ਕਿਰਦਾਰ ਦੀ ਮਨੁੱਖੀ ਬੇਚੈਨੀ ਪੇਸ਼ ਕਰਨ ਦਾ ਮੌਕਾ ਦਿੰਦਾ ਹੈ।

ਖਾਲੜਾ ਦੀ ਜਾਂਚ ਨਾਲ ਜੁੜੇ ਅੰਕੜਿਆਂ ਨੂੰ ਵੀ ਸਾਵਧਾਨੀ ਨਾਲ ਪੜ੍ਹਨ ਦੀ ਲੋੜ ਹੈ। ਰਿਪੋਰਟਾਂ ਮੁਤਾਬਕ ਤਰਨ ਤਾਰਨ ਵਿੱਚ 2,097 ਦਾਹ-ਸੰਸਕਾਰ ਦਰਜ ਕੀਤੇ ਗਏ ਸਨ, ਜਿਨ੍ਹਾਂ ਵਿੱਚ ਅਣਪਛਾਤੀਆਂ ਲਾਸ਼ਾਂ ਜਾਂ ਵਿਵਾਦਿਤ ਹਾਲਾਤਾਂ ਵਿੱਚ ਦਰਜ ਕੀਤੀਆਂ ਲਾਸ਼ਾਂ ਸ਼ਾਮਲ ਸਨ। ਉਨ੍ਹਾਂ ਦੇ ਵਿਆਪਕ ਕੰਮ ਨੇ ਪੰਜਾਬ ਵਿੱਚ ਹਜ਼ਾਰਾਂ ਕਥਿਤ ਗੁੰਮਸ਼ੁਦਗੀਆਂ ਬਾਰੇ ਸਵਾਲ ਖੜ੍ਹੇ ਕੀਤੇ।

ਇਸ ਮਾਮਲੇ ਦਾ ਸਬੂਤੀ ਰਿਕਾਰਡ ਇੱਕੋ ਕਿਸਮ ਦਾ ਨਹੀਂ ਹੈ। ਦਾਹ-ਸੰਸਕਾਰ ਰਜਿਸਟਰ ਇਹ ਦੱਸ ਸਕਦੇ ਹਨ ਕਿ ਕੋਈ ਲਾਸ਼ ਸਰਕਾਰੀ ਪ੍ਰਬੰਧ ਵਿੱਚੋਂ ਗੁਜ਼ਰੀ। ਅਦਾਲਤੀ ਦਸਤਾਵੇਜ਼ ਖ਼ਾਸ ਮਾਮਲਿਆਂ ਦੇ ਤੱਥ ਸਪਸ਼ਟ ਕਰ ਸਕਦੇ ਹਨ। ਬਚੇ ਹੋਏ ਲੋਕਾਂ ਦੀ ਗਵਾਹੀ ਹਿਰਾਸਤ, ਵਿਛੋੜੇ ਅਤੇ ਲੰਮੇ ਸਮੇਂ ਦੇ ਸਦਮੇ ਨੂੰ ਦਰਜ ਕਰਦੀ ਹੈ, ਜਿਸ ਨੂੰ ਕਾਗਜ਼ੀ ਰਿਕਾਰਡ ਪੂਰੀ ਤਰ੍ਹਾਂ ਨਹੀਂ ਦੱਸ ਸਕਦੇ।

ਹਾਲਾਂਕਿ, ਜ਼ਿਲ੍ਹੇ, ਸਮੇਂ ਅਤੇ ਜਾਂਚ ਦੇ ਢੰਗ ਮੁਤਾਬਕ ਅੰਕੜਿਆਂ ਵਿੱਚ ਫ਼ਰਕ ਮਿਲਦਾ ਹੈ। ਸੁਪਰੀਮ ਕੋਰਟ ਦੀ ਕਾਰਵਾਈ ਤੋਂ ਬਾਅਦ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੰਜਾਬ ਦੇ ਕਈ ਦਾਹ-ਸੰਸਕਾਰ ਮਾਮਲਿਆਂ ਦੀ ਜਾਂਚ ਕੀਤੀ। ਐਮਨੈਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ ਨੇ ਵੀ ਉਸ ਦੌਰ ਦੀਆਂ ਵਿਆਪਕ ਮਨੁੱਖੀ ਅਧਿਕਾਰ ਉਲੰਘਣਾਂ ਬਾਰੇ ਰਿਪੋਰਟਾਂ ਜਾਰੀ ਕੀਤੀਆਂ। ਇਸ ਲਈ ਖਾਲੜਾ ਦੀ ਕਹਾਣੀ ਸਬੂਤਾਂ 'ਤੇ ਟਿਕੀ ਹੈ, ਪਰ ਉਹ ਸਬੂਤ ਸੰਦਰਭ ਅਤੇ ਸਰੋਤ ਦੇਖ ਕੇ ਹੀ ਸਮਝੇ ਜਾ ਸਕਦੇ ਹਨ। ਫ਼ ?ਲਮ ਦੀ ਜਨਤਕ ਪਹਿਚਾਣ ਰਿਲੀਜ਼ ਤੋਂ ਕਾਫ਼ੀ ਪਹਿਲਾਂ ਬਦਲਦੀ ਰਹੀ। ਇਸ ਦਾ ਨਾਂ ਪਹਿਲਾਂ ਘੱਲੂਘਾਰਾ, ਫਿਰ ਪੰਜਾਬ '95 ਅਤੇ ਅਖ਼ੀਰ ਵਿੱਚ ਸਤਲੁਜ ਦੱਸਿਆ ਗਿਆ। ਹਰ ਨਾਂ ਨਾਲ ਪੰਜਾਬ ਅਤੇ ਸਿੱਖ ਇਤਿਹਾਸ ਦੀ ਵੱਖਰੀ ਯਾਦ ਜੁੜੀ ਹੋਈ ਹੈ। ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ ਬਾਰੇ ਆਈਆਂ ਰਿਪੋਰਟਾਂ ਵਿੱਚ ਕਿਹਾ ਗਿਆ ਕਿ ਬੋਰਡ ਨੇ 100 ਤੋਂ ਵੱਧ ਤਬਦੀਲੀਆਂ ਮੰਗੀਆਂ, ਜਿਨ੍ਹਾਂ ਵਿੱਚ ਕੱਟਾਂ ਦੇ ਨਾਲ ਸਿਰਲੇਖ ਅਤੇ ਕਿਰਦਾਰਾਂ ਦੇ ਨਾਂ ਬਦਲਣ ਦੀ ਮੰਗ ਵੀ ਸ਼ਾਮਲ ਸੀ। ਹਰ ਮੰਗ ਦਾ ਪੂਰਾ ਆਧਾਰ ਅਤੇ ਅੰਤਿਮ ਦਰਜਾ ਸਾਰੀਆਂ ਰਿਪੋਰਟਾਂ ਵਿੱਚ ਸਪਸ਼ਟ ਨਹੀਂ ਰਿਹਾ। ਫਿਰ ਵੀ, ਇਨ੍ਹਾਂ ਖ਼ਬਰਾਂ ਨੇ ਫ਼ ?ਲਮਕਾਰਾਂ, ਕਾਰਕੁਨਾਂ ਅਤੇ ਖਾਲੜਾ ਦੇ ਸਮਰਥਕਾਂ ਵਿੱਚ ਚਿੰਤਾ ਪੈਦਾ ਕੀਤੀ। ਪੰਜਾਬ '95 ਦਾ ਸਿੱਧਾ ਸੰਬੰਧ ਉਸ ਸਾਲ ਨਾਲ ਸੀ ਜਿਸ ਨੂੰ ਖਾਲੜਾ ਦੇ ਅਗਵਾ ਅਤੇ ਹੱਤਿਆ ਨਾਲ ਜੋੜਿਆ ਜਾਂਦਾ ਹੈ। ਘੱਲੂਘਾਰਾ, ਸਿੱਖ ਇਤਿਹਾਸ ਦੀਆਂ ਹੋਰ ਪੀੜਾਦਾਇਕ ਯਾਦਾਂ ਜਗਾਉਂਦਾ ਹੈ। ਇਸ ਦੇ ਮੁਕਾਬਲੇ ਸਤਲੁਜ ਪੰਜਾਬ ਦੀ ਭੌਤਿਕ ਅਤੇ ਸੱਭਿਆਚਾਰਕ ਯਾਦ ਵਿੱਚ ਵੱਸਦੇ ਦਰਿਆ ਦਾ ਨਾਂ ਹੈ। ਰਿਪੋਰਟਾਂ ਮੁਤਾਬਕ ਇਹ ਤਬਦੀਲੀ ਸਿਰਫ਼ ਰਚਨਾਤਮਕ ਫ਼ੈਸਲਾ ਨਹੀਂ ਸੀ, ਸਗੋਂ ਸੈਂਸਰ ਦਬਾਅ ਨਾਲ ਵੀ ਜੁੜੀ ਹੋਈ ਸੀ। ਭਾਰਤ ਵਿੱਚ ਫ਼ ?ਲਮ ਦੀ ਸੀਮਤ ਸਰਕਾਰੀ ਪਹੁੰਚ ਨੇ ਲੋਕਾਂ ਦੀ ਦਿਲਚਸਪੀ ਵਧਾਈ। ਚਰਚਾ ਕਲਿੱਪਾਂ, ਸਮੀਖਿਆਵਾਂ, ਸੋਸ਼ਲ ਮੀਡੀਆ ਪੋਸਟਾਂ ਅਤੇ ਗੈਰ-ਰਸਮੀ ਸਾਂਝ ਰਾਹੀਂ ਫੈਲੀ। ਪਰ ਗੈਰ-ਅਧਿਕਾਰਤ ਕਾਪੀਆਂ ਅਤੇ ਬਿਨਾਂ ਪੁਸ਼ਟੀ ਵਾਲੀਆਂ ਪੋਸਟਾਂ ਭਰੋਸੇਯੋਗ ਸਰੋਤਾਂ ਦੀ ਥਾਂ ਨਹੀਂ ਲੈ ਸਕਦੀਆਂ। ਇੱਕ ਛੋਟੀ ਕਲਿੱਪ ਭਾਵਨਾਤਮਕ ਪਲ ਦਿਖਾ ਸਕਦੀ ਹੈ, ਪਰ ਉਹ ਇਤਿਹਾਸਕ ਦਾਅਵੇ ਦਾ ਸਬੂਤ ਨਹੀਂ ਬਣਦੀ। ਸਤਲੁਜ ਖਾਲੜਾ ਦੀ ਹਿੰਮਤ ਅਤੇ ਕੁਰਬਾਨੀ ਨੂੰ ਪ੍ਰਭਾਵਸ਼ਾਲੀ ਸ਼ਰਧਾਂਜਲੀ ਦਿੰਦੀ ਹੈ। ਇਸ ਦੀ ਸੀਮਿਤ ਕਹਾਣੀ ਦਾ ਖ਼ਤਰਾ ਇਹ ਹੈ ਕਿ ਦਰਸ਼ਕ ਇੱਕ ਵਿਅਕਤੀ ਦੀ ਜੀਵਨੀ ਨੂੰ ਪੰਜਾਬ ਦੀ ਪੂਰੀ ਤ੍ਰਾਸਦੀ ਸਮਝ ਲੈਣ। ਕਾਨੂੰਨੀ ਮਾਮਲੇ ਖ਼ਾਸ ਘਟਨਾਵਾਂ ਅਤੇ ਜ਼ਿੰਮੇਵਾਰ ਵਿਅਕਤੀਆਂ ਦੀ ਪਛਾਣ ਕਰ ਸਕਦੇ ਹਨ, ਪਰ ਉਹ ਹਮੇਸ਼ਾ ਸਿਆਸੀ ਫ਼ੈਸਲਿਆਂ ਅਤੇ ਸੰਸਥਾਗਤ ਹਾਲਾਤਾਂ ਦੀ ਪੂਰੀ ਵਿਆਖਿਆ ਨਹੀਂ ਕਰਦੇ। ਪੰਜਾਬ ਦਾ ਇਤਿਹਾਸ 1984 ਦੀ ਸਿੱਖ ਵਿਰੋਧੀ ਹਿੰਸਾ, ਆਨੰਦਪੁਰ ਸਾਹਿਬ ਦਾ ਮਤਾ, ਚੋਣੀ ਸਿਆਸਤ, ਹਥਿਆਰਬੰਦ ਹਿੰਸਾ, ਦਹਿਸ਼ਤਗਰਦੀ ਵਿਰੋਧੀ ਕਾਰਵਾਈਆਂ ਟਾਡਾ, ਸਥਾਨਕ ਟਕਰਾਵਾਂ ਅਤੇ ਦਿੱਲੀ ਦੀਆਂ ਨੀਤੀਆਂ ਨਾਲ ਵੀ ਜੁੜਿਆ ਹੈ। ਇਹ ਸਾਰੇ ਪੱਖ ਇੱਕ ਫ਼ ?ਲਮ ਵਿੱਚ ਨਹੀਂ ਸਮਾ ਸਕਦੇ।

ਸਤਲੁਜ ਨਵੀਂ ਪੀੜ੍ਹੀ ਲਈ ਸ: ਜਸਵੰਤ ਸਿੰਘ ਖਾਲੜਾ ਦੇ ਕੰਮ ਤੱਕ ਪਹੁੰਚ ਦਾ ਰਸਤਾ ਖੋਲ੍ਹਦੀ ਹੈ। ਦਿਲਜੀਤ ਦੋਸਾਂਝ ਦੀ ਅਦਾਕਾਰੀ ਅਤੇ ਹਨੀ ਤ੍ਰੇਹਨ ਦੀ ਕੇਂਦਰਿਤ ਦਿਸ਼ਾ-ਨਿਰਦੇਸ਼ੀ ਖਾਲੜਾ ਦੀ ਨਿੱਜੀ ਸੱਚਾਈ ਨੂੰ ਯਾਦਗਾਰ ਬਣਾਉਂਦੀ ਹੈ। ਪਰ ਪੰਜਾਬ ਦਾ ਅਤੀਤ ਕਿਸੇ ਇੱਕ ਕੇਸ, ਅਧਿਕਾਰੀ ਜਾਂ ਫ਼ ?ਲਮ ਤੱਕ ਸੀਮਿਤ ਨਹੀਂ। ਖਾਲੜਾ ਵੱਲੋਂ ਪੁੱਛੇ ਗਏ ਨਿਆਂ ਅਤੇ ਮਨੁੱਖੀ ਅਧਿਕਾਰਾਂ ਦੇ ਸਵਾਲ ਅੱਜ ਵੀ ਕਾਇਮ ਹਨ, ਭਾਵੇਂ ਕਹਾਣੀ ਤੱਕ ਪਹੁੰਚ ਕਿੰਨੀ ਵੀ ਰੋਕੀ ਗਈ ਹੋਵੇ।

**ਸਰਜੀਤ ਸਿੰਘ ਫਲੋਰਾ**
647-829-9397

# ਆਓ ਰੁੱਖ ਲਾਈਏ...!



16 ਜੁਲਾਈ ਤੋਂ ਸਾਵਣ ਦਾ ਮਹੀਨਾ ਆਰੰਭ ਹੋਣ ਵਾਲਾ ਹੈ। ਇਹ ਮਹੀਨਾ ਬਰਸਾਤਾਂ ਦਾ ਮਹੀਨਾ ਹੁੰਦਾ ਹੈ ਇਸ ਲਈ ਇਸ ਮਹੀਨੇ ਨੂੰ ਰੁੱਖ-ਬੂਟੇ ਲਾਉਣ ਦਾ ਮਹੀਨਾ ਵੀ ਕਿਹਾ ਜਾਂਦਾ ਹੈ। ਜਿਸ ਢੰਗ ਨਾਲ ਧਰਤੀ ਉੱਤੇ ਬੰਦਿਆਂ ਦੁਆਰਾ ਗੰਦਗੀ 'ਚ ਵਾਧਾ ਕੀਤਾ ਜਾ ਰਿਹਾ ਹੈ ਅਤੇ ਨਿਰੰਤਰ ਰੁੱਖ-ਬੂਟੇ ਵੱਢੇ ਜਾ ਰਹੇ ਹਨ ਜੇਕਰ ਇਹ ਵਰਤਾਰਾ ਇੰਝ ਹੀ ਚੱਲਦਾ ਰਿਹਾ ਤਾਂ ਆਉਣ ਵਾਲੇ ਦੱਸ-ਪੰਦਰਾਂ ਸਾਲਾਂ ਬਾਅਦ ਧਰਤੀ ਦਾ ਤਾਪਮਾਨ ਇੰਨਾ ਜ਼ਿਆਦਾ ਵੱਧ ਜਾਵੇਗਾ ਕਿ ਮਨੁੱਖੀ ਜੀਵਨ ਨੂੰ ਹੀ ਖ਼ਤਰਾ ਉਤਪੰਨ ਹੋ ਜਾਵੇਗਾ। ਧਰਤੀ ਤੋਂ ਕਈ ਤਰ੍ਹਾਂ ਦੇ ਜੀਵ-ਜੰਤੂਆਂ ਅਲੋਪ ਹੋ ਜਾਣਗੇ। ਕਈ ਤਰ੍ਹਾਂ ਦੀ ਬਨਸਪਤੀ ਅਲੋਪ ਹੋ ਜਾਵੇਗੀ।

ਇਸਦਾ ਮੁੱਖ ਕਾਰਨ ਇਹ ਹੈ ਕਿ ਇਸ ਮਸ਼ੀਨੀ ਦੌਰ ਵਿਚ ਰੁੱਖ-ਬੂਟੇ ਲਗਾਤਾਰ ਵੱਢੇ ਜਾ ਰਹੇ ਹਨ। ਪੱਥਰ ਦੇ ਸ਼ਹਿਰਾਂ ਨੇ ਜੰਗਲਾਂ ਨੂੰ ਨਿਗਲ ਲਿਆ ਹੈ। ਹਰ ਪਾਸੇ ਕੰਕਰੀਟ ਦੇ ਜੰਗਲ ਵਿਛ ਗਏ ਜਾਪਦੇ ਹਨ। ਸੜਕਾਂ ਦੇ ਜਾਲ਼ ਵਿਛ ਗਏ ਹਨ ਅਤੇ ਰੁੱਖ ਨਾਮਾਤਰ ਹੀ ਦੇਖਣ ਨੂੰ ਮਿਲ ਰਹੇ ਹਨ। ਦੂਰ ਜਿੱਥੋਂ ਤਕ ਨਿਗਾਹ ਜਾਂਦੀ ਹੈ, ਕਾਲੀਆਂ ਸਿਆਹ ਸੜਕਾਂ ਅਤੇ ਰੁੱਖਾਂ ਤੋਂ ਵਿਹੀਨ ਧਰਤ ਹੀ ਨਜ਼ਰੀਂ ਪੈਂਦੀ ਹੈ। ਇਹ ਦ੍ਰਿਸ਼ ਸੱਚਮੁੱਚ ਡਰਾਉਣੇ ਭਵਿੱਖ ਦੀ ਤਸਵੀਰ ਪੇਸ਼ ਕਰ ਰਿਹਾ ਹੈ।

ਰੁੱਖਾਂ ਦੀ ਇਸ ਅੰਨ੍ਹੇਵਾਹ ਕਟਾਈ ਨਾਲ ਜਿੱਥੇ ਹਵਾ ਵਿਚ ਤਪਸ਼ ਵੱਧ ਰਹੀ ਹੈ ਉੱਥੇ ਹੀ ਗਰਮੀ ਦਾ ਪ੍ਰਭਾਵ ਦਿਨੋਂ-ਦਿਨ ਪ੍ਰਚੰਡ ਹੁੰਦਾ ਜਾ ਰਿਹਾ ਹੈ। ਕਈ ਤਰ੍ਹਾਂ ਦੀਆਂ ਬਿਮਾਰੀਆਂ ਨੇ ਮਨੁੱਖ ਨੂੰ ਆਪਣੀ ਚਪੇਟ ਵਿਚ ਲੈ ਲਿਆ ਹੈ। ਸਰਕਾਰਾਂ, ਸਮਾਜ ਸੇਵੀ ਸੰਸਥਾਵਾਂ ਅਤੇ ਬੁੱਧੀਜੀਵੀ ਵਰਗ ਅਕਸਰ ਹੀ ਰੁੱਖਾਂ ਦੀ ਅਹਿਮੀਅਤ ਬਾਰੇ ਚਰਚਾਵਾਂ ਕਰਦੇ ਰਹਿੰਦੇ ਹਨ। ਹੁਣ ਸਾਵਣ ਦੇ ਮਹੀਨੇ ਵਿਚ ਰੁੱਖ-ਬੂਟੇ ਲਗਾਉਣ ਦਾ ਵਕਤ ਆ ਗਿਆ ਹੈ। ਅਸਲ ਵਿਚ ਇਸ ਮਹੀਨੇ 'ਚ ਰੁੱਖ ਬਹੁਤ ਜਲਦੀ ਜੜ ਫ਼ੜ ਲੈਂਦੇ ਹਨ। ਇਸ ਲਈ ਸਰਕਾਰਾਂ, ਸੰਸਥਾਵਾਂ ਅਤੇ ਬੁੱਧੀਜੀਵੀ ਤਬਕੇ ਨੂੰ ਚਾਹੀਦਾ ਹੈ ਕਿ ਖ਼ਾਲੀ ਥਾਵਾਂ 'ਤੇ ਰੁੱਖਾਂ ਲਗਾਉਣ ਤਾਂ ਕਿ ਧਰਤੀ ਦੀ ਤਪਸ਼ ਨੂੰ ਕੁਝ ਘੱਟ ਕੀਤਾ ਜਾ ਸਕੇ।

ਆਮ ਹੀ ਪਿੰਡਾਂ ਵਿਚ ਖਾਲੀ ਥਾਵਾਂ ਦੀ ਚੋਣ ਕਰਕੇ ਨੌਜਵਾਨਾਂ ਅਤੇ ਪੰਚਾਇਤਾਂ ਵੱਲੋਂ ਰੁੱਖਾਂ ਦੇ ਲੰਗਰ ਲਗਾਏ ਜਾਣਾ ਚਾਹੀਦੇ ਹਨ ਤਾਂ ਕਿ ਧਰਤੀ 'ਤੇ ਕੁਝ ਹਰਿਆਵਲ ਕੀਤੀ ਜਾ ਸਕੇ। ਇੱਥੇ ਖ਼ਾਸ ਗੱਲ ਇਹ ਹੈ ਕਿ ਹਰ ਮਨੁੱਖ ਆਪਣੀ ਜ਼ਿੰਦਗੀ ਦੇ ਖ਼ਤਮ ਹੋਣ ਭਾਵ ਮਰਨ ਤੋਂ ਬਾਅਦ ਇਕ ਰੁੱਖ ਦੀ ਲੱਕੜ ਨਾਲ ਲੈ ਕੇ ਸੜਦਾ ਹੈ। ਪਰ ਉਹੀ ਮਨੁੱਖ ਆਪਣੀ ਪੂਰੀ ਜ਼ਿੰਦਗੀ ਵਿਚ ਇਕ ਵੀ ਰੁੱਖ ਨਹੀਂ ਲਗਾਉਂਦਾ। ਇਸ ਨਾਲ ਧਰਤੀ ਗੰਦਲੀ ਹੁੰਦੀ ਜਾ ਰਹੀ ਹੈ। ਗਲੇਸ਼ੀਅਰ ਪਿਘਲਦੇ ਜਾ ਰਹੇ ਹਨ। ਪਹਾੜਾਂ 'ਤੇ ਗੰਦਗੀ ਦੇ ਅੰਬਾਰ ਆਮ ਹੀ ਦੇਖੇ ਜਾ ਸਕਦੇ ਹਨ। ਕੁਝ ਵਰ੍ਹੇ ਪਹਿਲਾਂ ਤਕ ਜਿਹਨਾਂ ਥਾਵਾਂ ਤੇ ਬਰਫ਼ ਪੈਂਦੀ ਸੀ ਹੁਣ ਉੱਥੇ ਵੀ ਤਪਸ਼ ਵੱਧ ਗਈ ਹੈ। ਇਸ ਨਾਲ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਮਨੁੱਖ ਨੂੰ ਘੇਰ ਰਹੀਆਂ ਹਨ।

ਇਸ ਲਈ ਹਰ ਮਨੁੱਖ ਨੂੰ ਆਪਣਾ ਇਖ਼ਲਾਕੀ ਫਰਜ਼ ਸਮਝਦਿਆਂ ਰੁੱਖ-ਬੂਟੇ ਲਗਾਉਣੇ ਚਾਹੀਦੇ ਹਨ ਤਾਂ ਕਿ ਆਉਂਦੇ ਕੁਝ ਸਾਲਾਂ ਵਿਚ ਧਰਤੀ ਦੀ ਤਪਸ਼ ਨੂੰ ਕੁਝ ਹੱਦ ਤਕ ਘਟਾਇਆ ਜਾ ਸਕੇ ਅਤੇ ਧਰਤੀ ਨੂੰ ਮਨੁੱਖਾਂ ਦੇ ਰਹਿਣ ਲਾਇਕ ਛਡਿਆ ਜਾ ਸਕੇ। ਪਰ ਇਹਨਾਂ ਕਾਰਜਾਂ ਵੱਲ ਕੌਣ ਅਤੇ ਕਦੋਂ ਧਿਆਨ ਦਿੰਦਾ ਹੈ, ਇਹ ਵੇਖਣ ਵਾਲੀ ਗੱਲ ਹੋਵੇਗੀ।

**ਡਾ. ਨਿਸ਼ਾਨ ਸਿੰਘ ਰਾਠੌਰ**
**ਸੰਪਰਕ:** 90414-98009.

# ਪ੍ਰੀਤ ਫੁਲਵਾੜੀ

## ਕਵਿਤਾ

ਮੈਨੂੰ ਛੱਤ ਤੇ ਸੌਣਾ ਚੰਗਾ ਲੱਗਦਾ ਹੈ
ਇਕ ਅੰਬਰ ਵੀ ਅਪਨਾ ਲੱਗਦਾ ਹੈ
ਦੂਜੀ ਲੱਗੇ ਜਿੰਦ ਆਜ਼ਾਦ ਜਿਹੀ
ਤੀਜਾ ਏ.ਸੀ ਦਾ ਬਿੱਲ ਬੱਚਦਾ ਹੈ
ਠੰਡੀ ਹਵਾ ਦੇ ਬੁੱਲੇ ਆਉਂਦੇ ਨੇ
ਪਿੰਡ ਦੀਆਂ ਯਾਦਾਂ ਨਾਲ ਲਿਆਉਂਦੇ ਨੇ
ਖੁੱਲੇ ਕੋਠੇ ਸੀ ਨਾ ਕੋਈ ਕੰਧ ਹੁੰਦੀ
ਨਾ ਬਾਤਾਂ ਪਾਉਂਦੇ ਥੱਕਦੇ ਨਾ ਕੋਈ ਅੱਕਦਾ ਸੀ
ਲਾਈਨ ਚ ਮੰਜੇ ਡਿਹਦੇ ਰਾਤੀ ਸੌਣ ਲਈ
ਫਰਾਟੇ ਮੂਹਰੇ ਪਹਿਲਾ ਮੰਜਾ ਕਰਦਾ ਸੀ
ਕੱਚੀ ਲੱਸੀ ਪੀਣ ਨਾਲ ਨਾ ਮਨ ਭਰਦਾ
ਘੜੇ ਦੇ ਪਾਣੀ ਨਾਲ ਕਾਲਜਾ ਠਰਦਾ ਸੀ
ਚੁੱਲੇ ਮੂਹਰੇ ਬੈਹ ਕੇ ਰੋਟੀ ਖਾਂਦੇ ਸੀ
ਇੱਕ ਵੇਹੜੇ ਵਿੱਚ ਸੌ ਜਾਂਦੇ ਸੀ
ਵੱਖਰਾ ਨਾ ਸੀ ਹੁੰਦਾ ਕੋਈ ਨਿਜਾਮ ਉਦੋਂ
ਇਕ ਦੂਜੇ ਵਿੱਚ ਵਸਦੀ ਸਭਦੀ ਜਾਨ ਉਦੋਂ
ਭਾਈਚਾਰੇ ਨਾਲ ਮਿਲ ਕੇ ਖੇਤ ਵਾਹ ਲੈਂਦੇ
ਨੂੰਹ, ਸੱਸ,ਨਣਾਨ ਵਿਚ ਨਾ ਪਰਦਾ ਸੀ
ਧਾਲੀਵਾਲਾ ਉਹ ਸਮਾ ਸੋਨ ਸੁਨਹਿਰ ਜਿਹਾ
ਘੱਟ ਪੈਸਾ ਤੇ ਸਾਂਝ ਬਿਨਾ ਨਾ ਸਰਦਾ ਸੀ

**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**
**ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ**
7837490309

## ਜਥੇਦਾਰ' ਬਣਿਆ 'ਗੜਗੱਜ'

'ਜਥੇਦਾਰ' ਅਕਾਲ ਤਖ਼ਤ ਦਾ ਅਖਵਾਉਣ ਵਾਲਾ।
ਰਾਤ ਨੂੰ ਚੋਰੀਓਂ ਤਾਜ਼ ਸਜਵਾਉਣ ਵਾਲਾ।
ਖ਼ੁਦ ਨੇ ਮਰਿਯਾਦਾ ਦੀਆਂ ਧੱਜੀਆਂ ਉਡਾ ਰੱਖੀਆਂ,
ਹੋਰਾਂ ਨੂੰ 'ਮਰਿਯਾਦਾ' ਦਾ ਪਾਠ ਪੜ੍ਹਾਉਣ ਵਾਲਾ।
ਨਾ 'ਗੁਰੂ' ਦੀ, ਨਾ 'ਪੰਥ' ਦੀ ਪ੍ਰਵਾਹ ਇਹਨੂੰ,
'ਅਕਾਲ ਤਖ਼ਤ' ਨੂੰ ਵੱਡੀ ਢਾਹ ਲਾਉਣ ਵਾਲਾ।
ਆਪਣੀ ਬੇਅਕਲੀ ਦਾ ਢੋਲ ਪਿੱਟ ਕੇ,
ਸਿੱਖ ਕੌਮ ਨੂੰ ਨਮੋਸ਼ੀ ਦਿਵਾਉਣ ਵਾਲਾ।
ਮੇਜਰ ਜਿਹਨਾਂ ਤਖ਼ਤ ਬਿਠਾਇਆ ਨਾਲ ਧੱਕੇ,
ਸਿਰਫ਼ ਉਹਨਾਂ ਦਾ ਹੁਕਮ ਵਜਾਉਣ ਵਾਲਾ।

ਮਾਲਕ ਜਿਸਦੇ ਵੀ ਮਗਰ ਪਾ ਦਿੰਦੇ,
ਪੈਂਦਾ ਉਹਨਾਂ ਨੂੰ ਭੱਜ ਭੱਜ ਸਿੱਖੋ!
ਸਿੱਖ ਕੌਮ ਵਿੱਚ ਵੱਡਾ ਘਮਸਾਨ ਪਾਇਆ,
ਐਸਾ 'ਜਥੇਦਾਰ' ਬਣਿਆ 'ਗੜਗੱਜ' ਸਿੱਖੋ!

**ਮੇਜਰ ਸਿੰਘ 'ਬੁਢਲਾਡਾ'**
94176 42327

## ਕਵਿਤਾ

ਲੱਤ ਮਾਰ ਕੇ ਦੁੱਧ ਤੇ ਘਿਉ ਨੂੰ,
ਮੁੰਡੇ ਨਸ਼ੇ ਦੇ ਆਦੀ ਹੋਏ ਬੇਲੀ।
ਉੱਥੋਂ ਕੱਢ ਲੈਂਦੇ ਨੇ ਝੱਟ ਪੈਸੇ,
ਜਿੱਥੇ ਪਿਉ ਨੇ ਹੋਣ ਲਕੋਏ ਬੇਲੀ।
ਕਿਤੇ ਮਾਂ ਨੂੰ ਜ਼ਖ਼ਮੀ ਕੀਤਾ ਨਸ਼ੇ ਕਰਕੇ,
ਕਿਤੇ ਪਿਉ ਨਾਲ ਵੱਧ, ਘੱਟ ਹੋਏ ਬੇਲੀ।
ਆਪ ਰੁਲਦੇ, ਮਾਂ-ਪਿਉ ਨੂੰ ਰੋਲਦੇ,
ਜ਼ਮੀਨਾਂ ਵੇਚ ਕੇ ਵਿਹਲੇ ਹੋਏ ਬੇਲੀ।
ਜਦ ਮਿਲੇ ਨਾ ਪੈਸੇ ਉਧਾਰੇ ਕਿਸੇ ਤੋਂ,
ਬੱਚਿਆਂ ਵਾਂਗ ਉੱਚੀ ਉੱਚੀ ਰੋਏ ਬੇਲੀ।
ਆਪੇ ਹੱਥੂ ਇਨ੍ਹਾਂ ਨੇ ਗਲ ਪਾਏ,
ਕਿਹੜਾ ਇਨ੍ਹਾਂ ਦੀਆਂ ਅੱਖਾਂ ਧੋਏ ਬੇਲੀ।
ਕਈ ਮਰੇ ਨਸ਼ੇ ਦੀ ਘਾਟ ਕਰਕੇ,
ਕਈ ਵੱਧ ਨਸ਼ੇ ਦੀ ਡੋਜ਼ ਨਾਲ ਮੋਏ ਬੇਲੀ।
ਕਿਵੇਂ ਨਸ਼ਿਆਂ ਨੂੰ ਪਏ ਠਲ੍ਹ ਇੱਥੇ,
ਜਦ ਨੇਤਾ ਨਸ਼ਾ ਤਸਕਰਾਂ ਨਾਲ ਰਲੇ ਹੋਏ ਬੇਲੀ।

**ਮਹਿੰਦਰ ਸਿੰਘ ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ**
(ਸ਼.ਭ.ਸ.ਨਗਰ) 9915803554

## ਬੱਚੇ ਸਾਰੇ ਨੱਚਣ...

ਜਦੋਂ ਕਿੱਧਰੇ ਵਾਜੇ ਵੱਜਣ
ਤਾਂ ਬੱਚੇ ਸਾਰੇ ਨੱਚਣ ,
ਕਹਿੰਦੇ ਮਾਮੇ ਦਾ ਵਿਆਹ ਹੈ ਆਇਆ ,
ਘਰ ਵਿੱਚ ਅਸੀਂ ਡੀ.ਜੇ.ਲਾਇਆ ,
ਕੁੜੀਆਂ - ਮੁੰਡਿਆਂ ਭੰਗੜਾ ਪਾਇਆ ,
ਸਾਰਿਆਂ ਨੇ ਚਟਪਟਾ ਭੋਜਨ ਖਾਇਆ ,
ਮਾਮੇ ਮੇਰੇ ਨੇ ਸਿਹਰਾ ਲਾਇਆ ,
ਮਾਮੀ ਨੇ ਵੀ ਲਹਿੰਗਾ ਪਾਇਆ ,
ਨਾਨਾ ਜੀ ਨੇ ਪੱਗੜੀ ਬੰਨ੍ਹੀ ,
ਖ਼ੂਬ ਨੱਚਿਆ ਮੇਰਾ ਭਾਈ ਸੰਨੀ ,
ਮਾਮੀਆਂ ਨੇ ਰਲ ਕੇ ਗੀਤ ਗਾਏ ,
ਫੁੱਫੜ ਜੀ ਨੇ ਵੀ ਚਾਅ ਪੁਗਾਏ ,
ਆਂਢੀਆਂ - ਗੁਆਂਢੀਆਂ ਖ਼ੁਸ਼ੀ ਮਨਾਈ ,
ਸੋਹਣੀ ਮਾਮੀ ਘਰ ਵਿੱਚ ਆਈ ,
ਵਿਹੜੇ ਵਿੱਚ ਟੈਂਟ ਲਗਾਏ ,
ਦੂਰੋਂ - ਦੂਰੋਂ ਹਲਵਾਈ ਆਏ ,
ਜਦੋਂ ਕਿੱਧਰੇ ਵਾਜੇ ਵੱਜਣ
ਤਾਂ ਬੱਚੇ ਸਾਰੇ ਨੱਚਣ ,
ਤਾਂ ਬੱਚੇ ਸਾਰੇ ਨੱਚਣ ...।

**ਮਾਸਟਰ ਸੰਜੀਵ ਧਰਮਾਣੀ**
9478561356

## .ਗ਼ਜ਼ਲ

ਜੇ ਲੋਕਾਂ ਤੇ ਭਾਰੂ ਹੈ ਜੋਕਾਂ ਦੀ ਢਾਣੀ,
ਮੁੱਕਣੀ ਨਾ ਫਿਰ ਜੱਗ ਵਿੱਚੋਂ ਵੰਡ ਕਾਣੀ।
ਇਸ ਲਈ ਉਹ ਕਿਸ ਨੂੰ ਜ਼ਿੰਮੇਵਾਰ ਸਮਝਣ,
ਪੀਣ ਵਾਲਾ ਮਿਲਦਾ ਨਾ ਜਿਹਨਾਂ ਨੂੰ ਪਾਣੀ।
ਆਸ਼ਾ ਦਾ ਲੜ ਫੜਿਆ ਹੋਇਆ ਹੈ ਜਿਨ੍ਹਾਂ ਨੇ,
ਜਾਣਗੇ ਤਰ ਉਹ ਗ਼ਮਾਂ ਦੇ ਗਹਿਰੇ ਪਾਣੀ।
ਜਾਂਦੇ ਨੇ ਰਣ ਭੂਮੀ ਵਿੱਚ ਜੋ ਖ਼ਾਲੀ ਹੱਥੀਂ,
ਉੱਥੇ ਪੈਂਦੀ ਹੈ ਉਨ੍ਹਾਂ ਨੂੰ ਮੂੰਹ ਦੀ ਖਾਣੀ।
ਦੁਨੀਆਂ ਭਰ ਦੇ ਨੁਕਸ ਨੇ ਜਿਸ ਆਦਮੀ ਵਿੱਚ,
ਉਸ ਨੂੰ ਮੈਂ ਕਿੰਦਾਂ ਬਣਾਵਾਂ ਆਪਣਾ ਹਾਣੀ।
ਉਸ ਲਈ ਅਰਦਾਸ ਕਰਨੇ ਦਾ ਕੀ ਫਾਇਦਾ,
ਜੋ ਰੋਗੀ ਖਾਵੇ ਨਾ ਕੁਝ, ਨਾ ਪੀਵੇ ਪਾਣੀ।
ਉਸ ਨੂੰ ਸੁਣਨੇ ਦਾ ਸਮਾਂ ਨਾ ਕੋਲ ਮੇਰੇ,
ਤੂੰ ਸੁਣਾਉਣੀ ਚਾਹੇਂ ਮੈਨੂੰ ਜੋ ਕਹਾਣੀ।

**ਮਹਿੰਦਰ ਸਿੰਘ ਮਾਨ**
**ਨਵਾਂ ਸ਼ਹਿਰ**-144514
**ਫੋਨ** 9915803554

## ਕਲਮਾਂਕਾਰੀ

ਕਲਮਬੱਧ ਕੀਤੇ ਕਿਰਦਾਰ ਬਹੁਤ,
ਲਫ਼ਜਾਂ ਦੀ ਹੱਟ ਜੋ ਸੁਨਹਿਰੀ ਪਾਈ,
ਬਿਨਾ ਡਰੇ ਬਿਨਾ ਹਾਰੇ!
ਕਲਮਾਂਕਾਰੀ ਦੀ ਰੀਤ ਚਲਾਈ,
"ਝੰਡੇਕ"ਰੱਖ ਹੌਸਲਾਂ ਤੇਰੇ ਸ਼ਬਦਾਂ ਨੇ,
ਮੁਰਦਿਆਂ ਵਿੱਚ ਵੀ ਜਾਨ ਪਾਈ .

**ਤਰਵਿੰਦਰ ਕੌਰ ਝੰਡੇਕ**
98144-50239

## ਨਸ਼ਾ ਵਿਕਾ ਰਹੇ ਨੇ ਜੋ

ਓ ਕਰਨਾ ਡਰਾਮਾ ਰੋਕਣ ਦਾ,
ਟੋਲਪਲਾਜਾ ਬਣਵਾਉਂਣ ਵਾਲੇ ਹੀ,
ਕਰਦੇ ਜਾਅਲੀ ਹੰਗਾਮਾ ਰੋਕਣ ਦਾ,
ਗਰੀਬਾਂ ਦੇ ਹਮਦਰਦੀ ਕਹਾਉਂਦੇ ਜੋ,
ਓਹੀ ਗਰੀਬਾਂ ਨੂੰ ਕੁੱਟ ਦਿਆ,
ਗੱਲ ਕਰਨ ਮਜਦੂਰਾਂ ਦੇ ਹੱਕਾਂ ਦੀ,
ਓਹੀ ਮਜਬੂਰਾਂ ਨੂੰ ਲੁੱਟ ਦਿਆ,
ਕਾਗਜ਼ਾਂ ਦੇ ਵਿੱਚ ਜਿਹੜੇ ਮਿਤਰੀ ,
ਸਿੱਖਿਆ ਦਾ ਚੰਗਾ ਪ੍ਰਬੰਧ ਕਰਦਿਆ,
ਓਹੀ ਠੇਕੇ ਸਰਾਬ ਦੇ ਖੋਲਦੇ,
ਤੇ ਇਹ ਸਕੂਲ ਬੰਦ ਕਰਦਿਆ,
ਜਿਹੜੇ ਕਰਦੇ ਨੇ ਗੱਲਾਂ ਇੱਥੇ,
ਪੰਜਾਬ ਨੂੰ ਸਿਖਰਾਂ ਤੇ ਚਾੜਨ ਦੀਆਂ,
ਮੱਖਣ ਸ਼ੇਰੋਂ ਓਹੀ ਘੜਨ ਸਕੀਮਾਂ,
ਇਸ ਨੂੰ ਜਲਦੀ ਉਜਾੜਨ ਦੀਆਂ,

**ਮੱਖਣ ਸ਼ੇਰੋਂ ਵਾਲਾ**
**ਸੰਪਰਕ** 9878798726

## ਗੋਭੀ ਦੇ ਫੁੱਲ

ਚਿੱਟੇ ਫੁੱਲ ਗੋਭੀ ਦੇ ਬੱਚਿਓ
ਕਿੰਨੇ ਸੋਹਣੇ ਗੁੰਦੇ ਨੇ,
ਹਰੇ ਕਚਾਰ ਪੱਤੇ ਇਸ ਦੇ,
ਡੰਡਲ ਥੱਲੇ ਹੁੰਦੇ ਨੇ।
ਸਬਜ਼ੀਆਂ ਦੀ ਪ੍ਰਧਾਨ ਹੈ ਇਹ
ਹਰ ਕੋਈ ਇਸ ਨੂੰ ਖਾਵੇ,
ਕੋਈ ਇਸ ਨੂੰ ਕੱਲੀ ਰਿੰਨੇ ਜਾਂ
ਫਿਰ ਆਲੂ ਪਾਵੇ।
ਪਰੌਂਠੇ, ਪਕੌੜੇ ਬਣਦੇ ਵਧੀਆ
ਨਾਲੇ ਬਣੇ ਅਚਾਰ,
ਹਰ ਰੁੱਤ ਦੇ ਵਿੱਚ ਮਿਲਦੀ ਇਹ
ਹੈ ਸਦਾ ਬਹਾਰ।
ਦਿਨ ਸ਼ੁੱਧ ਹੋਵੇ ਹਰ ਘਰ ਪੱਕੇ
ਮਨ ਪਸੰਦ ਹੈ ਸਭ ਦੀ,
ਸੁੱਕੀ ਸਬਜ਼ੀ ਰੱਖ ਰੋਟੀ ਤੇ ਬੜੀ
ਸਵਾਦੀ ਲੱਗਦੀ।
ਸਸਤੀ ਹੋਵੇ ਸਵਾਦ ਨਾ ਲੱਗੇ
ਚੰਗੀ ਲੱਗੇ ਮਹਿੰਗੀ,
ਪੱਤੋ, ਗੱਲਾਂ ਖਰੀਆਂ ਕਰਦਾ ,
ਸਾਰੀ ਦੁਨੀਆਂ ਕਹਿੰਦੀ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਕਵਿਤਾ

ਉਹੀ ਮਿਹਨਤ ਦੇ ਨਾਲ ਲਕੀਰਾਂ ਬਦਲਦੇ ਨੇ
ਪੱਥਰਾਂ ਵਾਂਗ ਮਜਬੂਤ ਬਣਾਉਣ ਜੋ ਇਰਾਦੇ
ਉਹੀ ਹੌਸਲਿਆਂ ਨਾਲ ਪੂਰੇ ਕਰਦੇ ਵਾਅਦੇ
ਖੁਦ ਉੱਤੇ ਜੋ ਕਰਨ ਭਰੋਸਾ
ਨਾ ਦਿਲ ਵਿੱਚ ਰੱਖਣ ਵੈਰ ਤੇ ਰੋਸਾ
ਹੱਥੀ ਕਿਰਤ ਦੇ ਰੰਗਾਂ ਨਾਲ ਜੋ ਤਸਵੀਰਾਂ ਬਦਲਦੇ ਨੇ
ਉਹੀ ਮਿਹਨਤ ਦੇ ਨਾਲ ਲਕੀਰਾਂ ਬਦਲਦੇ ਨੇ
ਜੋ ਜਿੰਦ ਤਲੀ ਤੇ ਧਰਦੇ ਨੇ
ਸਦਾ ਹੀ ਜਿੱਤ ਦੀ ਹਾਮੀ ਭਰਦੇ ਨੇ
ਸਮੁੰਦਰ ਵੀ ਉਹੀ ਤਰਦੇ ਨੇ
ਜੋ ਗਹਿਰਾਈ ਤੋ ਨਾ ਡਰਦੇ ਨੇ
ਉਹ ਪੱਕੇ ਜਜਬੇ ਨਾਲ ਤਕਦੀਰਾਂ ਬਦਲਦੇ ਨੇ
ਹੱਥੀ ਕਿਰਤ ਦੇ ਰੰਗਾਂ ਨਾਲ ..........
ਸਦਾ ਕੰਮ-ਚੋਰ ਜੋ ਹੋਣ
ਬੈਠ ਮਾੜੀ ਕਿਸਮਤ ਨੂੰ ਰੋਣ
ਦੋ ਬੇੜੀਆਂ ਵਿੱਚ ਪੈਰ ਜੋ ਰੱਖਣ
ਉਹੀ ਡੁੱਬਦੇ ਆ ਕੇ ਪੱਤਣ
ਗਗਨ ਥਾਂ-ਥਾਂ ਠੋਕਰ ਖਾਂਦੇ ਉਹ
ਧਾਲੀਵਾਲ ਜੋ ਜ਼ਮੀਰਾਂ ਬਦਲਦੇ ਨੇ
ਹੱਥੀ ਕਿਰਤ ਦੇ ਰੰਗਾਂ ਨਾਲ..........

**ਗਗਨਦੀਪ ਧਾਲੀਵਾਲ ਝਲੂਰ ( ਬਰਨਾਲਾ )**
**ਜਨਰਲ ਸਕੱਤਰ ਮਹਿਲਾ ਕਾਵਿ ਮੰਚ ਪੰਜਾਬ ।**

## ਮਾਂ

ਮਾਂ ਤੂੰ ਜੰਨਤ ਦੀ ਮੂਰਤ ਜਿਹੀ,,
ਕੁਦਰਤ ਦੀ ਸੁੰਦਰ ਤਸਵੀਰ ਜਿਹੀ,,
ਮਿੱਠੇ ਇਕ ਸੰਗੀਤ ਜਿਹੀ,,
ਮਾਖਿਓ ਮਿੱਠੇ ਦੁੱਧ ਜਿਹੀ,,
ਨਦੀ ਦੀ ਤਰੰਗ ਜਿਹੀ,,
ਮੰਜਲਿ ਨੂੰ ਜਾਂਦੇ ਰਾਹ ਜਿਹੀ,,
ਸਵੇਰ ਦੀ ਪਹਿਲੀ ਕਿਰਨ ਜਿਹੀ,,
ਫੁੱਲਾਂ ਦੀ ਮਹਿਕ ਜਿਹੀ,,
ਹਰ ਬਾਗ ਦੀ ਹਰ ਕਲੀ ਜਿਹੀ,,
ਮੰਦਰ ਦੀ ਹਰ ਮੂਰਤ ਜਿਹੀ
ਜਿਸਦੇ ਅੱਗੇ ਸਭ ਸਜਦਾ ਕਰਦੇ ਨੇ,,
ਤੂੰ ਮੇਰੀ ਜਿੰਦਗੀ ਹੈ ਮਾਂ
ਮੇਰੇ ਸਾਹ ਤੇਰੇ ਅੰਦਰ ਵਸਦੇ ਨੇ,,

**ਪ੍ਰੀਤ ਪ੍ਰਿਤਪਾਲ (ਅਧਿਆਪਕ)**
**ਸੰਗਰੂਰ** 9814765379

## ਕਾਲਾ ਰੋਸ ਦਿਨ

ਚੁੱਕ ਝੰਡੇ ਕਾਲੇ ਰੋਸ ਵਜੋਂ,
ਦਿਨ ਕਾਲਾ ਕਿਸਾਨ ਮਨਾਉਣ ਲੱਗੇ।
ਚੌਦੋਂ ਮੱਸਿਆ ਪੁੰਨਿਆਂ ਕਰ 'ਕੱਠੀਆਂ,
ਜਿੱਤ ਵੱਲ ਨੂੰ ਕਦਮ ਵਧਾਉਣ ਲੱਗੇ।

ਹਰ ਸਾਲ ਦਾ ਹੀ ਇੱਕ ਦਿਨ ਕਾਲਾ,
26 ਮਈ ਨੂੰ ਪੱਕਾ ਮਨਾਉਣ ਲੱਗੇ।
ਕਿਸਾਨ ਕਿਰਤੀ ਮਜਦੂਰ ਏਕਤਾ ਦਾ,
ਰਲ ਮਿਲਕੇ ਨਾਹਰਾ ਬੁਲਾਉਣ ਲੱਗੇ।

ਆਪੇ ਉਗਾ ਕੇ ਆਪਣੀ ਖਾਣ ਵਾਲੇ,
ਹੱਕਾਂ ਆਪਣਿਆਂ ਲਈ ਭਾਉਣ ਲੱਗੇ।
ਭੋਲੇ ਮਨਾਂ ਨੂੰ ਦਿਲਾਂ ਕਾਲਿਆਂ ਤੋਂ,
ਦਿਨ ਕਾਲਾ ਮਨਾ ਬਚਾਉਣ ਲੱਗੇ।

ਕਾਲੇ ਦਿਲਾਂ 'ਤੇ ਹੜ੍ਹ ਏਕਤਾ ਦੇ,
ਝੰਡੇ ਕਾਲੇ ਹੀ 'ਭਗਤਾ' ਲਹਿਰਾਉਣ ਲੱਗੇ।
ਅੱਜ ਕੱਲ੍ਹ ਨਹੀਂ ਤਾਂ ਭਲਕ ਤਾਈਂ,
ਜਿੱਤ ਆਪਣੀ ਪੱਕੀ ਬਣਾਉਣ ਲੱਗੇ।
.................

**ਬਰਾੜ-ਭਗਤਾ ਭਾਈ ਕਾ**
1-604-751-1113

## ਜ਼ਿੰਦਾਂ

ਜੋ ਜੂਝਦੇ ਲੋਕਾਂ ਸੰਗ
ਨਾ ਖੜੀਆਂ ਹੋਈਆਂ ਜ਼ਿੰਦਾਂ,
ਉਹ ਜੱਗ 'ਚ ਹੋਈਆਂ
ਜਾਂ ਨਾ ਹੋਈਆਂ ਜ਼ਿੰਦਾਂ।
ਜੋ ਜੂਝਦੇ ਲੋਕਾਂ ਸੰਗ
ਖੜੀਆਂ ਹੋਈਆਂ ਜ਼ਿੰਦਾਂ
ਉਹ ਉਨ੍ਹਾਂ ਦੇ ਸਤਿਕਾਰ ਦੇ
ਕਾਬਿਲ ਹੋਈਆਂ ਜ਼ਿੰਦਾਂ।
***
ਠੀਕ ਹੈ
ਰੋਂਦੇ ਨੂੰ ਗਲ ਲਾਣਾ ਠੀਕ ਹੈ,
ਡਿਗੇ ਹੋਏ ਨੂੰ ਉਠਾਣਾ ਠੀਕ ਹੈ।
ਜੋ ਲੋਕ ਹਿੱਤਾਂ ਲਈ ਕੰਮ ਕਰ ਰਿਹਾ ਹੈ,
ਸਾਥ ਉਸ ਦਾ ਨਿਭਾਣਾ ਠੀਕ ਹੈ।

**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਨੇੜੇ ਐਮ. ਐਲ. ਏ. ਰਿਹਾਇਸ਼**
**ਨਵਾਂ ਸ਼ਹਿਰ**(9915803554)

## ਮੁਕਾਮ

ਅਸੀਂ ਜਿਸ ਕਰਕੇ ਪਹੁੰਚੀਏ ਮੁਕਾਮ ਉੱਤੇ,,
ਕਦੇ ਵੀ ਭੁੱਲੀਏ ਨਾ ਉਸ ਇਨਸਾਨ ਤਾਂਈ,,

ਵਕਤ ਪਲਾਂ ਵਿੱਚ ਠੰਡੇ ਜਿਹੇ ਕਰ ਦਿੰਦਾ,
ਐਵੇ ਕਰੀਏ ਨਾ ਕੋਈ ਸੱਜਣੋਂ ਮਾਣ ਤਾਂਈ,

ਅਰਸ਼ੋਂ ਫਰਸ਼ ਉੱਤੇ ਸੁੱਟੇ ਗੋਡਿਆਂ ਪਰਨੇ,
ਜੇ ਸਕਦਾ ਬਣਾ ਸਾਡੀ ਓ ਪਹਿਚਾਣ ਤਾਂਈ,

ਕੀ ਹੰਕਾਰ ਕਰਨਾ ਏ ਝੋਟੇ ਵਰਗੀ ਦੇਹੀ ਦਾ,
ਕੋਈ ਸਕਿਆ ਨਾ ਭਰਮਾ ਮੌਤ ਰਕਾਨ ਤਾਂਈ,

ਬੜੇ ਵੇਖੇ ਗੱਡੀਆਂ ਮਹਿੰਗੀਆਂ ਥੱਬੇ ਨੋਟਾਂ ਦੇ,
ਪੈ ਜਾਂਦਾ ਉਹਨਾਂ ਨੂੰ ਵੀ ਮਤਲਬ ਭਾਨ ਤਾਂਈ,,

ਮੱਖਣ ਸ਼ੇਰੋਂ ਕੋਈ ਰੋਂਦਾ ਔਲਾਦ ਜਿਉਂਦੀ ਨੂੰ,,
ਕੋਈ ਵਾਰਦਾ ਫਿਰੇ ਬੱਚਿਆਂ ਤੋਂ ਜਾਨ ਤਾਂਈ,,

**ਮੱਖਣ ਸ਼ੇਰੋਂ ਵਾਲਾ**
**ਸੰਪਰਕ** 98787-98726

## ਸਾਉਣ ਮਹੀਨਾ

ਗੀਤ

ਸਾਉਣ ਆ ਗਿਆ ਨੀ ਭੈੜਾ ਸਾਉਣ ਆ ਗਿਆ
ਤਪਦੀ ਨੂੰ ਹੋਰ ਨੀ ਤਪਾਉਣ ਆ ਗਿਆ।
ਮਾਹੀ ਮੈਥੋਂ ਦੂਰ ਅਤੇ ਮੈਂ ਘਰੇ ਕੱਲੀ।
ਜਿੰਦ ਦੇਦਾਂ ਮੇਰੀ ਹੋਈ ਜਿਉਂ ਭੱਠੀ ਵਿਚ ਛੱਲੀ।
ਚਾਅ ਅਤੇ ਸਧਰਾਂ ਰੁਲਾਉਣ ਆ ਗਿਆ।
ਸਾਉਣ ਆ ਗਿਆ ਨੀ ਭੈੜਾ ਸਾਉਣ ਗਿਆ।
ਨਿੱਕੀ ਨਿੱਕੀ ਰਿਮਝਿਮ ਤਨ ਮਨ ਨੂੰ ਹੈ ਸਾੜੇ।
ਬਾਗ਼ੀ ਖਿੜ ਪਏ ਨੇ ਫੁੱਲ ਰੰਗ ਲਾਲ ਸੂਹੇ ਗਾੜੇ।
ਅੱਗ ਉੱਤੇ ਹੋਰ ਤੇਲ ਪਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ
ਰਾਤ ਸਾਰੀ ਕੱਢਾਂ ਗਿਣਗਿਣ ਤਾਰੇ।
ਜ਼ਿੰਦ ਮੇਰੀ ਹੀ ਜਾਏ ਦਿਨ ਜਿੰਦਾਂ ਮੈਂ ਗੁਜ਼ਾਰੇ।
ਸਰਗੋਸ਼ੀਆਂ ਦੇ ਮਿੱਠੇ ਗੀਤ ਗਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾਂ ਸਾਉਣ ਆ ਗਿਆ
ਤੀਆਂ ਵਿਚ ਜਦ ਗਈ ਮੈਨੂੰ ਕਹਿਣ ਸਖੀਆਂ।
ਤੇਰੇ ਚਿਹਰੇ ਦੇ ਉੱਤੇ ਰੌਣਕਾਂ ਨਾ ਤੱਕੀਆਂ।
ਨਿੱਕੇ-ਨਿੱਕੇ ਮੀਂਹ ਦੇ ਵਿਚ ਕੀ ਗਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ
ਲੈ ਕੇ ਮੀਂਹ ਦੀ ਬੌਛਾਰ ਪਾਣੀ ਪਾਣੀ ਕਰ ਦਿੱਤਾ।
ਮੇਰੇ ਮਨ ਵਾਲਾ ਖੂਹ ਨੱਕੋ ਨਕ ਭਰ ਦਿੱਤਾ।
ਕੱਖਾਂ ਵਿਚਲੀ ਚਿੰਗਾਰੀ ਨੂੰ ਛੁਪਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ
ਆਇਆ ਮਾਹੀ ਦਾ ਸੁਨੇਹਾ ਚਾਅ ਅੰਬਰਾਂ ਨੂੰ ਲੱਗੇ
ਗਏ ਸੂਹੇ ਸੂਹੇ ਫੁੱਲ ਮੇਰੇ ਜੂੜੇ ਵਿਚ ਫੱਬੇ।
ਮਨ ਬਾਲਮ ਦਾ ਹੋਰ ਵੀ ਲੁਭਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ

**ਬਲਵਿੰਦਰ ਬਾਲਮ ਗੁਰਦਾਸਪੁਰ**
**ਓਂਕਾਰ ਨਗਰ ਗੁਰਦਾਸਪੁਰ ਪੰਜਾਬ**
**ਵਟਸਐਪ** - 98156-25409

## ਸਾਉਣ ਮਹੀਨਾ

ਸਾਵਣ ਆਇਆ ਸਾਵਣ ਆਇਆ
ਖੁਸ਼ੀਆਂ ਹੈ ਸਭ ਪਾਸੇ ਲਿਆਇਆ
ਬੱਦਲਾਂ ਨੇ ਕਰ ਦਿੱਤਾ ਛਾਇਆ
ਮੋਰਾਂ ਨੇ ਵੀ ਝੁਰਮਟ ਪਾਇਆ।
ਧਰਤੀ ਸੀ ਪਈ ਔਜ਼ ਦੀ ਮਾਰੀ
ਪਾਣੀ ਨਾਲ ਹੁਣ ਭਰ ਜਾਊ ਸਾਰੀ
ਨਾਂ ਕੋਈ ਸੁੱਕੀ ਰਹੂ ਕਿਆਰੀ
ਰੱਜ ਕੇ ਪੈ ਜਾਊ ਕਣੀ ਪਿਆਰੀ।
ਡੱਡੂਆਂ ਚਿਹਰੇ ਰੌਣਕ ਆਈ
ਪਪੀਹਾ ਵੀ ਨਾ ਦੇਵੇ ਦੁਹਾਈ
ਕਾਲੀ ਘਟਾ ਘਨਘੋਰ ਹੈ ਛਾਈ
ਮੀਂਹ ਨੇ ਪੂਰੀ ਛਹਿਬਰ ਲਾਈ।
ਖੀਰ ਬਣਾ ਕੇ ਦਿੱਤਾ ਢੱਕਣ
ਖਾਣ ਨੂੰ ਘਰ ਪੂੜੇ ਪੱਕਣ
ਬੇਬੇ ਜੀ ਨਾ ਪਕਾਉਂਦੇ ਥੱਕਣ।
ਗਰਮਾਂ ਗਰਮ ਥਾਲੀ ਵਿਚ ਰੱਖਣ।
ਪਾਣੀ ਨਾਲ ਸਭ ਭਰ ਗਏ ਟੋਏ
ਮੁੱਲਾਂਪੁਰ ਦੇਖ ਦੇਖ ਖੁਸ਼ ਹੋਏ
ਛੱਤਾਂ ਵਿਚੋਂ ਪੈ ਗਏ ਚੋਏ
ਪਾਣੀ ਨੇ ਘਰ ਸਭ ਡਬੋਏ।

**ਸੁਖਵਿੰਦਰ ਸਿੰਘ ਮੁੱਲਾਂਪੁਰ**
. +91 8427454104

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 362

Website: www.preetnama.com Email preetnamausa@gmail.com

17 JULY TO 23 JULY, 2026


